ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ।।

# ਸੰਤ ਗਾਥਾ

## ਭਾਈ ਵੀਰ ਸਿੰਘ

(ਜਿਸ ਵਿਚ ਸ੍ਰੀ ਮਾਨ ਸੰਤ ਰਾਮ ਕਿਸ਼ਨ ਜੀ, ਸੰਤ ਭਾਈ ਬੁੱਧੂ ਸਾਹਿਬ ਜੀ, ਸੰਤ ਭਾਈ ਸਵਾਇਆ ਸਿੰਘ ਜੀ, ਸ੍ਰੀ ਛਾਲੌਨੇ ਵਾਲੇ ਬਾਬਾ ਜੀ ਅਤੇ ਸੰਤ ਭਾਈ ਨਿਹਾਲ ਸਿੰਘ ਜੀ ਦੇ ਜੀਵਨ ਸਮਾਚਾਰ ਹਨ।)

ਭਾਈ ਵੀਰ ਸਿੰਘ ਸਾਹਿਤ ਸਦਨ
ਭਾਈ ਵੀਰ ਸਿੰਘ ਮਾਰਗ,
ਨਵੀਂ ਦਿੱਲੀ

 www.sikhbookclub.com

**Sant Gatha (Vol. 1)**
Bhai Vir Singh

ISBN : 978-81-904956-8-4
© ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ
ਪਹਿਲੀ ਐਡੀਸ਼ਨ : 1938
13ਵਾਂ ਰੀਪ੍ਰਿੰਟ : ਮਾਰਚ, 2010

***ਪ੍ਰਕਾਸ਼ਕ :***
ਭਾਈ ਵੀਰ ਸਿੰਘ ਸਾਹਿਤ ਸਦਨ
ਭਾਈ ਵੀਰ ਸਿੰਘ ਮਾਰਗ
ਨਵੀਂ ਦਿੱਲੀ

***Printer***
Printograph
2966/41, Beadon Pura
Karol Bagh, New Delhi-110 005

ਮੁੱਲ : 70/- ਰੁਪਏ


www.sikhbookclub.com

# ਮੁਖਬੰਦ

"ਇਹ ਦੁਨੀਆਂ ਸੰਤਾਂ-ਮਹਾਂਪੁਰਸ਼ਾਂ ਦੇ ਆਸਰੇ ਚਲਦੀ ਹੈ", ਲੋਕ ਪਰੰਪਰਾ 'ਚ ਕਾਰਜਸ਼ੀਲ ਇਹ ਉਕਤੀ ਕਿਸੇ ਕਾਂਟ-ਛਾਂਟ ਜਾਂ ਸੰਦੇਹ ਦੀ ਅਧਿਕਾਰੀ ਨਹੀਂ। ਪਰਮਾਤਮਾ ਦੇ ਹੁਕਮ 'ਚ ਵਿਚਰਦਾ ਸਾਧਨਾ ਨੂੰ ਸਮਰਪਿਤ ਵਿਅਕਤੀ ਜਦੋਂ ਪਰਮਾਤਮਾ ਦੀਆਂ ਅਪਾਰ ਬਖਸ਼ਿਸ਼ਾਂ ਦਾ ਪਾਤਰ ਬਣਦਾ ਉਸਦੀ ਰਸਾਈ ਨੂੰ ਹਾਸਲ ਕਰਦਾ ਹੈ ਤਾਂ 'ਸੰਤ' ਦੇ ਲਫ਼ਜ਼ ਨਾਲ ਵਿਭੂਸ਼ਿਤ ਹੁੰਦਾ ਹੈ। ਸੰਤ ਸਾਧਨਾ-ਸਿੱਧ ਪੁਰਸ਼ ਹੁੰਦਾ ਹੈ ਤੇ ਉਸਦਾ ਮਨੁੱਖੀ ਵਿਕਾਰਾਂ ਤੇ ਲਾਲਸਾਵਾਂ ਤੇ ਪੂਰਨ ਨਿਯੰਤ੍ਰਣ ਹੁੰਦਾ ਹੈ ਇਸ ਕਰਕੇ ਉਹ ਮਹਾਂਪੁਰਸ਼ ਕਰਕੇ ਸਤਿਕਾਰਿਆ ਜਾਂਦਾ ਹੈ। ਅਜਿਹੇ ਸੰਤਾਂ ਦੀ ਕਰਣੀ ਬਾਬਤ ਗੁਰਬਾਣੀ ਦਾ ਫੁਰਮਾਨ ਹੈ-"ਸੰਤ ਕਾ ਮਾਰਗੁ ਧਰਮ ਕੀ ਪਉੜੀ ਕੋ ਵਡਭਾਗੀ ਪਾਏ॥" ਅਜਿਹੇ ਕੋ ਵਡਭਾਗੀ ਸੰਤ-ਪੁਰਸ਼ਾਂ ਦੀਆਂ ਸੰਖਿਪਤ ਜੀਵਨ ਝਲਕੀਆਂ 'ਸੰਤ ਗਾਥਾ' ਪੁਸਤਕ ਵਿਚ ਭਾਈ ਸਾਹਿਬ ਨੇ ਕਲਮਬੰਦ ਕੀਤੀਆਂ ਹਨ। ਸੰਤਾਂ ਦਾ ਜੀਵਨ ਲਿਖਣਾ ਅਤਿਅੰਤ ਕਠਨ ਮੰਨਿਆ ਹੈ ਕਿਉਂਜੋ ਸਾਨੂੰ ਤੇ ਉਹੀ ਪਤਾ ਹੁੰਦਾ ਹੈ ਜੋ ਅਸਾਂ ਦੇਖਿਆ ਹੁੰਦਾ ਹੈ ਜਾਂ ਸਾਨੂੰ ਦਸਿਆ ਹੁੰਦਾ ਹੈ। ਜੋ ਕੁਝ ਸੰਤਾਂ ਦੇ ਸੂਖਮ ਮੰਡਲ 'ਚ ਚਲ ਰਿਹਾ ਹੁੰਦਾ ਹੈ ਉਸਨੂੰ ਤੇ ਕੋਈ ਸੰਤ-ਬ੍ਰਹਮ ਗਿਆਨੀ ਹੀ ਸਮਝ ਸਕਦਾ ਹੈ ਜਾਂ ਫਿਰ ਸੰਤਾਂ ਨੂੰ ਆਪ ਪਤਾ ਹੁੰਦਾ ਹੈ। ਇਹ ਇਕ ਖੁਸ਼ੀ ਦੀ ਗਲ ਹੈ ਕਿ ਭਾਈ ਸਾਹਿਬ ਜਿਹੇ ਅਧਿਆਤਮਕ ਸਿੱਧਹਸਤਾ ਨੇ ਸੰਤਾਂ ਦਾ ਜੀਵਨ ਅੱਖਰਬੱਧ ਕਰਨ ਦਾ ਯਤਨ ਕੀਤਾ ਹੈ ਜੋ ਕਿ ਆਪ ਵੀ ਅਧਿਆਤਮਕ ਗੁਹਜ ਦੇ ਗਿਆਤਾ ਸਨ। ਪੁਸਤਕ 'ਸੰਤ ਗਾਥਾ' ਵਿਚ ਜਿਨ੍ਹਾਂ ਪੰਜ ਸੰਤਾਂ ਦੇ ਜੀਵਨ ਦ੍ਰਿਸ਼ਟੀਗੋਚਰ ਹਨ ਉਨ੍ਹਾਂ ਦੇ ਨਾਂ ਹਨ-ਸੰਤ ਰਾਮ ਕਿਸ਼ਨ ਸਾਹਿਬ ਜੀ, ਸੰਤ ਭਾਈ ਬੁੱਧੂ ਸਾਹਿਬ ਜੀ, ਸੰਤ ਭਾਈ ਸਵਾਇਆ ਸਿੰਘ ਜੀ, ਸ੍ਰੀ ਛਾਲੋਨੇ ਵਾਲੇ ਬਾਬਾ ਜੀ ਅਤੇ ਸੰਤ ਨਿਹਾਲ ਸਿੰਘ ਜੀ। ਇਹ ਸੰਤ ਉਹ ਸਨ ਜਿਨ੍ਹਾਂ ਆਪਣਾ ਜੀਵਨ ਗੁਰਬਾਣੀ ਦੇ ਲੇਖੇ ਲਾਇਆ, ਗੁਰਬਾਣੀ ਨਾਲ ਸੰਗਤਾਂ ਨੂੰ ਜੋੜਿਆ ਤੇ ਕਠਨ ਘਾਲਣਾ ਘਾਲੀਆਂ। ਭਾਈ ਸਾਹਿਬ ਅਤੇ ਉਹਨਾਂ ਤੋਂ ਕੁਝ ਪਹਿਲੇ ਸਮੇਂ ਹੋਏ ਅਤੇ ਅੱਡੋ-ਅੱਡ ਖੇਤਰਾਂ 'ਚ ਵਿਚਰੇ ਇਹਨਾਂ ਮਹਾਨ ਪੁਰਸ਼ਾਂ ਦੀਆਂ ਜੀਵਨੀਆਂ ਜਿਥੇ ਇਕ ਕੌਮੀ ਸਰਮਾਇਆ ਹਨ ਉਥੇ ਕੌਮ ਲਈ ਚਾਨਣ-ਮੁਨਾਰਾ ਵੀ। ਗੁਰਬਾਣੀ ਦੀ ਸਹੀ ਸਮਝ ਤੇ ਪ੍ਰਤੀਤੀ ਸੰਤਾਂ ਤੋਂ ਹੀ ਆਉਂਦੀ ਹੈ ਕਿਉਂਜੋ ਉਹਨਾਂ ਆਪਣਾ ਜੀਵਨ ਗੁਰਬਾਣੀ ਦੇ ਲੇਖੇ

 www.sikhbookclub.com

ਲਾਇਆ ਹੁੰਦਾ ਹੈ। ਸੰਤਾਂ ਦਾ ਜੀਵਨ ਤੇ ਉਨ੍ਹਾਂ ਦੇ ਬਚਨ ਗੁਰਬਾਣੀ ਨੂੰ ਆਮ ਪੁਰਖਾਂ ਲਈ ਸਮਝਗੋਚਰਾ ਤੇ ਸਹਿਜ-ਸੁਖਾਲਾ ਬਣਾਉਂਦੇ ਹਨ। ਪੁਸਤਕ 'ਚ ਦਰਜ ਇਨ੍ਹਾਂ ਸੰਤਾਂ ਦੇ ਜੀਵਨ 'ਚ ਵਾਪਰੀਆਂ ਪ੍ਰਮੁੱਖ ਘਟਨਾਵਾਂ ਨੂੰ ਭਾਈ ਸਾਹਿਬ ਨੇ ਬਹੁਤ ਸੁੰਦਰ-ਸੁਖੈਨ ਭਾਸ਼ਾ 'ਚ ਕਲਮਬੰਦ ਕੀਤਾ ਹੈ। ਇਕ ਸੰਤਾਂ ਦਾ ਜੀਵਨ ਤੇ ਫਿਰ ਭਾਈ ਸਾਹਿਬ ਜਿਹੇ ਦਿਬ-ਦ੍ਰਿਸ਼ਟਾ ਦਾ ਰਸ-ਸ਼ੈਲੀ ਵਿਚ ਪ੍ਰਗਟਾਉ ਸਚਮੁਚ ਸੋਨੇ ਤੇ ਸੁਹਾਗੇ ਵਾਲੀ ਉਕਤੀ ਨੂੰ ਚਰਿਤਾਰਥ ਕਰਦਾ ਹੈ। ਪਹਿਲਾਂ ਪਹਿਲ ਇਨ੍ਹਾਂ ਸੰਤਾਂ ਦੇ ਜੀਵਨ "ਖਾਲਸਾ ਸਮਾਚਾਰ" ਦੇ ਅੰਕਾਂ ਵਿਚ ਛਪਦੇ ਰਹੇ ਹਨ ਤੇ ਫਿਰ ਪਾਠਕਾਂ ਦੀ ਮੰਗ ਤੇ ੧੯੩੮ ਵਿਚ ਇਹਨਾਂ ਨੂੰ ਭਾਈ ਸਾਹਿਬ ਨੇ 'ਸੰਤ ਗਾਥਾ' ਦਾ ਪੁਸਤਕੀ ਰੂਪ ਦਿਤਾ ਸੀ। ਹੁਣ ਇਸਦਾ ਨਵਾਂ ਸੰਸਕਰਣ ਫਿਰ ਛਾਪਿਆ ਜਾ ਰਿਹਾ ਹੈ ਤੇ ਉਮੀਦ ਕੀਤੀ ਜਾਂਦੀ ਹੈ ਕਿ ਪਾਠਕ, ਅਧਿਐਤਾ, ਰਸਿਕ, ਸਾਧ ਤੇ ਗ੍ਰਿਹਸਤੀ ਸਭੇ ਇਸਤੋਂ ਲਾਭਾਨਵਿਤ ਹੋਣਗੇ। ਤੇ ਪਹਿਲਾਂ ਦੀ ਤਰ੍ਹਾਂ ਅਗੋਂ ਵੀ ਇਹ ਪੁਸਤਕ ਲੋਕਾਈ ਦਾ ਮਾਰਗਦਰਸ਼ਨ ਕਰੇਗੀ ਤੇ ਉਨ੍ਹਾਂ ਰੂਹਾਂ ਤਕ ਵੀ ਪਹੁੰਚ ਕਰੇਗੀ ਜਿਹੜੇ ਹਾਲੀ ਤਕ ਗੁਰਬਾਣੀ ਦੀ ਰਸ-ਰਸਾਇਣੀ ਪਾਰਸ ਸ਼ਕਤੀ ਅਤੇ ਅਗੰਮੜੀ ਗਿਆਨ ਚੇਤਨਾ ਤੋਂ ਵਿਰਵੇ ਹਨ। ਅਜਿਹਾ ਕੁਝ ਸੰਭਵ ਹੋ ਸਕੇ, ਅਜਿਹਾ ਕੁਝ ਹਾਸਲ ਹੋ ਸਕੇ, ਅਕਾਲ ਪੁਰਖ ਦੇ ਚਰਨਾਂ 'ਚ ਇਹੀ ਅਰਦਾਸ ਹੈ, ਇਹੀ ਵੰਦਨਾ ਹੈ।

ਡਾ. ਜਸਵੰਤ ਸਿੰਘ ਨੇਕੀ
ਸਕੱਤਰ

ਭਾਈ ਵੀਰ ਸਿੰਘ ਸਾਹਿਤ ਸਦਨ,
ਵੈਸਾਖੀ, 2010


www.sikhbookclub.com

# ਪ੍ਰਸੰਗ ਸੂਚੀ

ਜੀਵਨ ਸ੍ਰੀ ਮਾਨ ਸੰਤ ਰਾਮ ਕਿਸ਼ਨ ਸਾਹਿਬ ਜੀ

ਜੀਵਨ ਸ੍ਰੀ ਸੰਤ ਭਾਈ ਬੁੱਧੂ ਸਾਹਿਬ ਜੀ

ਜੀਵਨ ਸ੍ਰੀ ਸੰਤ ਭਾਈ ਸਵਾਇਆ ਸਿੰਘ ਜੀ

ਜੀਵਨ ਸ੍ਰੀ ਛਾਲੋਂਨੇ ਵਾਲੇ ਬਾਬਾ ਜੀ

ਜੀਵਨ ਸ੍ਰੀ ਸੰਤ ਨਿਹਾਲ ਸਿੰਘ ਜੀ

੧ ਓ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

# ਦੋ ਗੱਲਾਂ

ਕਲਗੀਧਰ ਜੀ ਨੇ ਖਾਲਸੇ ਨੂੰ ਜਿਸਮਾਨੀ ਤੇ ਰੂਹਾਨੀ ਦੋਹਾਂ ਪਹਿਲੂਆਂ ਤੋਂ ਬਲਵਾਨ ਬਣਾਇਆ, ਤਾਂਕਿ ਜਿੱਥੇ ਇਹ ਗਰੀਬਾਂ ਤੇ ਅਨਾਥਾਂ ਦੀ ਰਖਯਾ ਤੇ ਜ਼ਾਲਮਾਂਨੂੰ ਸਿੱਧੇ ਰਾਹ ਲਿਆਉਣ ਦੀ ਸੇਵਾ ਕਰੇ ਉਥੇ ਦੂਜੇ ਪਾਸੇ ਆਤਮਿਕ ਸਿਖਯਾ ਦੇਕੇ ਵਾਹਿਗੁਰੂ ਨਾਲੋਂ ਵਿਛੁੜੀਆਂ ਤੇ ਵਿਕਾਰਾਂ ਦੀ ਅਗਨੀ ਵਿਚ ਸੜਦੀਆਂ ਰੂਹਾਂ ਦੀ ਤਪਸ਼ ਹਰੇ।

ਇਤਿਹਾਸ ਦੱਸਦਾ ਹੈ ਕਿ ਪਿਛਲੀਆਂ ਦੋ ਸਦੀਆਂ ਵਿਚ ਖਾਲਸੇ ਨੇ ਆਪਣੇ ਫ਼ਰਜ਼ਾਂ ਨੂੰ ਇਸ ਖ਼ੂਬੀ ਨਾਲ ਨਿਭਾਇਆ ਹੈ ਕਿ ਸੰਸਾਰ ਭਰ ਦਾ ਇਤਿਹਾਸ ਉਸ ਦੀ ਉਦਾਹਰਨ ਪੇਸ਼ ਕਰਨ ਤੋਂ ਅਸਮ੍ਰੱਥ ਹੈ, ਪਰ ਸ਼ੋਕ ਹੈ ਕਿ ਖਾਲਸੇ ਦੀ ਦੇਸ਼ ਰਖਯਾ ਵਾਸਤੇ ਵਾਹੀ ਤੇਗ ਅਨਾਥਾਂ ਦੇ ਬਚਾਉ ਲਈ ਕੀਤੀਆਂ ਕੁਰਬਾਨੀਆਂ ਤੇ ਪਰਜਾ ਦੀ ਇੱਜ਼ਤ ਤੇ ਹੁਰਮਤ ਲਈ ਵੀਟੇ ਖ਼ੂਨ ਸਾਡੀ ਅਵੇਸਲਤਾ ਦੇ ਕਾਰਨ ਲੋਕਾਂ ਦੀਆਂ ਸਿਮਰਤੀਆਂ ਵਿੱਚੋਂ ਮਿਟ ਰਹੇ ਹਨ।

ਜਿਵੇਂ ਰਾਜਸੀ ਪਹਿਲੂ ਦਾ ਸਿੱਖ ਇਤਿਹਾਸ, ਪੰਥਕ ਘਾਲਾਂ, ਕੁਰਬਾਨੀਆਂ ਤੇ ਮੱਲਾਂ ਮਾਰੀਆਂ ਦਾ ਰੁਲ ਰਿਹਾ ਹੈ: ਤਿਵੇਂ ਸਿੱਖ ਸਾਧੂਆਂ, ਸੰਤਾਂ, ਅਭਯਾਸੀਆਂ ਅਤੇ ਗੁਰਮੁਖਾਂ ਦਾ ਬੀ ਨਹੀਂ ਲਝਦਾ। ਐਸੇ ਐਸੇ ਮਹਾਂ ਪੁਰਖ, ਜਿਨ੍ਹਾਂ ਦੀਆਂ ਕੁਰਬਾਨੀਆਂ ਜਗਯਾਸੂਆਂ ਅਭਯਾਸੀਆਂ ਤੇ ਸਿੱਖ ਬ੍ਰਿਧ, ਬਾਲ, ਜੁਆਨ, ਇਸਤ੍ਰੀ, ਪੁਰਖ ਸਭ ਲਈ ਚਾਨਣ ਮੁਨਾਰੇ ਤੋਂ ਵੱਧ ਪ੍ਰਕਾਸ਼ ਪਾ ਸਕਦੀਆਂ ਹਨ, ਸਾਡੀ ਭੁੱਲ ਅਤੇ ਅਵੇਸਲੇਪਨ ਦੇ ਕਾਲੇ ਗੁਬਾਰ ਵਿਚ ਗੁੰਮ ਹੁੰਦੀਆਂ ਗਈਆਂ ਤੇ ਹੁੰਦੀਆਂ ਜਾਂਦੀਆਂ ਹਨ।

ਖਾਲਸਾ ਜੀ ਨੂੰ ਇਹ ਸਿਮਰਤੀ ਕਰਾਉਣ ਲਈ ਕਿ ਉਹ ਕਿੰਨੀ ਬਜ਼ੁਰਗ ਤੇ ਬੇਗਰਜ਼ ਪਿੱਛੇ ਵਾਲੀ ਕੌਮ ਦੇ ਅੰਗ ਹਨ ਤੇ ਇਸ

ਮਹਾਨ ਉੱਚੀ ਤੇ ਸੁਚੀ ਕੌਮ ਦੇ ਅੰਗ ਹੋਣ ਤੋਂ ਉਨ੍ਹਾਂ ਦੇ ਫਰਜ਼ ਕੀਹ ਹਨ ? ਅਸਾਂ ਅਖਬਾਰ ਖਾਲਸਾ ਸਮਾਚਾਰ ਵਿਚ 'ਸੰਤ ਗਾਥਾ' ਤੇ 'ਬੀਰ ਦਰਸ਼ਨ' ਹੈਡਿੰਗ ਹੇਠ ਮਹਾਨ ਕਰਨੀ ਵਾਲੇ ਧਰਮੀਆਂ ਤੇ ਬੀਰ ਰਸ ਮੱਤੇ ਯੋਧਿਆਂ ਦੇ ਦੇਸ਼ ਸੇਵਾ, ਕੌਮੀ ਪਿਆਰ ਤੇ ਰੂਹਾਨੀ ਚਮਤਕਾਰ ਵਿਖਾਉਣ ਵਾਲੇ ਕਾਰਨਾਮੇ ਲਿਖਣੇ ਸ਼ੁਰੂ ਕਰ ਰਖੇ ਹਨ, ਅਤੇ ਕੁਛਕੁ ਇਸ ਸਮੇਂ ਦੇ ਲਾਗੇ ਲਾਗੇ ਦੇ ਹੋਏ ਸਤਿਪੁਰਖਾਂ ਤੇ ਸੂਰਮਿਆਂ ਦੇ ਸਮਾਚਾਰ ਮਿਹਨਤ ਨਾਲ ਕੱਠੇ ਕੀਤੇ ਤੇ ਇਨ੍ਹਾਂ ਪੰਥ ਦੀਆਂ ਸੁੱਚੀਆਂ ਤੇ ਸੱਚੀਆਂ ਵਯਕਤੀਆਂ ਦੇ ਇਹ ਸਮਾਚਾਰ ਕਲਮ ਬੰਦ ਕੀਤੇ ਹਨ ਜੋ ਆਪਣੇ ਧਾਰਮਕ ਉੱਚ ਭਾਵਾਂ ਤੇ ਸ਼ੁਭ ਕਰਨੀਆਂ ਨਾਲ ਆਪਣੇ ਸਮੇਂ ਵਿਚ ਅਨੇਕਾਂ ਭਟਕਦੀਆਂ ਰੂਹਾਂ ਨੂੰ ਸੁਮਾਰਗ ਲਾਉਂਦੀਆਂ ਰਹੀਆਂ ਹਨ।

ਏਹ ਪ੍ਰਸੰਗ ਜਿਸ ਤਰ੍ਹਾਂ ਇਕ ਪਾਸੇ ਮੁਰਦਾ ਰੂਹਾਂ ਵਿਚ ਜੀਵਨ ਕਣੀ ਫੂਕਣ ਵਾਲੇ ਹਨ, ਉਸੇ ਤਰ੍ਹਾਂ ਢਹਿੰਦੀਆਂ ਕਲਾਂ ਵਿਚ ਗਈਆਂ ਵਯਕਤੀਆਂ ਦੀਆਂ ਰਗਾਂ ਵਿਚ ਸ਼ਹੀਦੀ ਖੂਨ ਦੌੜਾਉਣ ਵਾਲੇ ਹਨ।

ਇਹ ਪ੍ਰਸੰਗ ਸਰਵ ਸਾਧਾਰਨ ਵਿਚ ਬੜੇ ਸਤਿਕਾਰੇ ਜਾਂਦੇ ਰਹੇ ਹਨ। ਹੁਣ ਇਹ ਮੰਗ ਹੋ ਰਹੀ ਸੀ ਕਿ ਅਖਬਾਰ ਦੇ ਇਨ੍ਹਾਂ ਲੇਖਾਂ ਨੂੰ ਪੁਸਤਕ ਦੀ ਸ਼ਕਲ ਵਿਚ ਸੰਚਯ ਕਰ ਦਿਤਾ ਜਾਵੇ, ਤਾਂਕਿ ਗ੍ਰਿਹਸਤੀ, ਸਾਧੂ, ਸੰਤ ਤੇ ਡੇਰੇਦਾਰ ਇਨ੍ਹਾਂ ਤੋਂ ਇਕੋ ਜਿਹਾ ਲਾਭ ਉਠਾ ਸਕਣ। ਇਹ ਸਿਲਸਿਲਾ ਅਜੇ ਉਪ੍ਰੋਕਤ ਅਖਬਾਰ ਵਿਚ ਜਾਰੀ ਹੈ ਤੇ ਸੰਗਤਾਂ ਦੀ ਮੰਗ ਹੋਣ ਤੇ 'ਸੰਤ ਗਾਥਾ' ਦੇ ਹੈਡਿੰਗ ਹੇਠ ਛਪ ਚੁਕੇ ਪ੍ਰਸੰਗ ਪੁਸਤਕ ਦੀ ਸ਼ਕਲ ਵਿਚ ਪ੍ਰਕਾਸ਼ਤ ਕੀਤੇ ਜਾਂਦੇ ਹਨ।

ਇਸ ਤਰ੍ਹਾਂ 'ਬੀਰ ਦਰਸ਼ਨ' ਦੇ ਹੈਡਿੰਗ ਹੇਠ, ਜਿਨ੍ਹਾਂ ਧਰਮ ਯੋਧੇ ਤੇ ਦੇਸ਼ ਭਗਤ ਸੂਰਮਿਆਂ ਦੇ ਪ੍ਰਸੰਗ ਪ੍ਰਕਾਸ਼ਤ ਹੋ ਚੁਕੇ ਹਨ, ਉਹ ਵੀ ਪੁਸਤਕ ਦੀ ਸ਼ਕਲ ਵਿਚ ਪਾਠਕਾਂ ਦੇ ਕਰ-ਕਮਲਾਂ ਵਿਚ ਛੇਤੀ ਹੀ ਪੁਚਾਉਣ ਦੀ ਆਸ ਹੈ।

ਅੰਮ੍ਰਿਤਸਰ-ਜੂਨ, ੧੯੩੮।]

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

# ਸੰਤ ਗਾਥਾ

[ਭਾਗ ੧]

## ੧. ਜੀਵਨ ਸ੍ਰੀ ਸੰਤ ਰਾਮ ਕਿਸ਼ਨ ਜੀ ।

ਸ਼ਾਹਪੁਰ ਦੇ ਇਲਾਕੇ ਵਿਚ ਭਾਈ ਰਾਮ ਕਿਸ਼ਨ ਜੀ ਪ੍ਰਸਿੱਧ ਕਰਨੀ ਵਾਲੇ ਮਹਾਂ ਪੁਰਖ ਹੋਏ ਹਨ ।

੧. ਜਨਮ-

ਆਪ ਦਾ ਜਨਮ ਸੰਮਤ ੧੮੪੯ (ਅਠਾਰਾਂ ਸੌ ਉਣੰਜਾ) ਬਿਕ੍ਰਮੀ ਐਤਵਾਰ ਮਹੀਨੇ ਜੇਠ ਇਕ ਘੜੀ ਰਾਤ ਰਹਿੰਦੀ ਵੇਲੇ ਪਿਤਾ ਜਿਵਾਇਆ ਰਾਮ ਜੀ ਅਤੇ ਮਾਤਾ ਰਾਧਾਂ ਬਾਈ ਜੀ ਦੇ ਗ੍ਰਿਹ ਸ਼ਾਹਪੁਰ ਸ਼ਹਿਰ ਵਿਖੇ ਹੋਇਆ ।

ਆਪ ਦਾ ਸੁਭਾਵ ਜਨਮ ਤੋਂ ਹੀ ਸ਼ਾਂਤਿ ਚਿਤ, ਸੰਤੋਖੀ, ਧੀਰਜ ਵਾਲਾ ਅਤੇ ਕੋਮਲ ਸੀ । ਆਪ ਦੇ ਪਿਤਾ ਜੀ ਦਸਾਂ ਨਵ੍ਹਾਂ ਦੀ ਕਿਰਤ ਕਰਕੇ ਅੰਨ ਛਕਦੇ ਸਨ । ਇਕ ਦਿਨ ਪਿਤਾ ਜੀ ਵਿਸਾਖ ਦੇ ਦਿਨਾ ਵਿਚ ਕਣਕ ਦੀ ਲਾਈ (ਵਾਢੀ) ਕਰਨ ਵਾਸਤੇ ਗਏ, ਆਪ ਭੀ ਨਾਲ ਗਏ ਤੇ ਪਿਤਾ ਜੀ ਵਲੋਂ ਵੇਖਕੇ ਕਣਕ ਕੱਪਣ ਲਗ ਪਏ । ਕੰਮ ਕਰ-ਦਿਆਂ ਦੁਪਹਿਰ ਹੋ ਗਈ । ਜਦੋਂ ਪਿਤਾ ਜੀ ਨੇ ਇਨ੍ਹਾਂ ਦੀ ਕੱਪੀ ਹੋਈ ਕਣਕ ਨੂੰ ਵੇਖਿਆ ਤਾਂ ਕਹਿਣ ਲੱਗੇ ਕਿ ਵੇਖ ਮੈਂ ਕਿਤਨਾ ਕੰਮ ਕੀਤਾ ਹੈ; ਤੂੰ ਤਾਂ ਕੁਝ ਭੀ ਕੰਮ ਨਹੀਂ ਕੀਤਾ । ਤੇਰੀ ਕਣਕ ਤਾਂ ਮੇਰੀ ਕਣਕ ਦਾ ਦਸਵਾਂ ਹਿੱਸਾ ਭੀ ਨਹੀਂ । ਉਂਞ ਤਾਂ ਤੂੰ ਚੰਗਾ ਭਲਾ ਤਕੜਾ ਹੈਂ,

ਪਰ ਤੈਥੋਂ ਕੰਮ ਕੋਈ ਨਹੀਂ ਹੁੰਦਾ। ਤੂੰ ਤਾਂ ਧਰਮਸਾਲੇ ਹੀ ਬਹਿਣ ਜੋਗਾ ਹੈਂ ਜੋ ਬਹੁਤ ਪੜ੍ਹਨ ਤੇ ਪਾਠਾਂ ਵਿਚ ਲੱਗਾ ਰਹਿੰਦਾ ਹੈਂ, ਤੇਰੀ ਗ੍ਰਿਹਸਤ ਵਿਚ ਕਿਹੜੀ ਥਾਂ ?

ਭਾਵੇਂ ਪਿਤਾ ਜੀ ਨੇ ਇਹ ਬਚਨ ਗੁੱਸੇ ਵਿਚ ਆਕੇ ਕਹੇ ਸਨ, ਪਰ ਇਨ੍ਹਾਂ ਦੇ ਦਿਲ ਵਿਚ ਖੁਭ ਗਏ ਕਿ ਮੇਰਾ ਸ਼ੌਕ ਰੱਬੀ ਹੋਣ ਕਰਕੇ ਮੇਰਾ ਥਾਂ ਧਰਮਸਾਲੇ* ਹੀ ਹੈ, ਪਿਤਾ ਜੀ ਸੱਚ ਕਹਿ ਰਹੇ ਹਨ। ਸੋ ਆਪ ਨੇ ਦਾਤਰੀ ਉੱਥੇ ਹੀ ਰੱਖ ਦਿੱਤੀ, ਸਹਿਜ ਨਾਲ ਸ਼ਹਿਰ ਚਲੇ ਗਏ ਤੇ ਧਰਮਸਾਲੇ ਜਾ ਡੇਰਾ ਲਾਇਆ।

## ੨. ਮਹਾਂ ਪੁਰਖ ਦੇ ਮੇਲ–

ਸ਼ਾਹਪੁਰ ਸ਼ਹਿਰ ਵਿਚ ਇਕ ਡੇਰਾ ਸੇਵਾ ਪੰਥੀ ਮਹਾਤਮਾਂ ਦਾ ਸੀ, ਜਿਸ ਦੇ ਮਹੰਤ ਪਰਉਪਕਾਰੀ, ਸ਼ਾਂਤਿ ਚਿੱਤ, ਉੱਦਮੀ, ਭਜਨ ਮੂਰਤ ਅਤੇ ਸੰਤੋਖੀ ਭਾਈ ਵਸਤੀ ਰਾਮ ਜੀ ਨਾਮ ਵਾਲੇ ਸਨ। ਭਾਈ ਰਾਮ ਕਿਸ਼ਨ ਜੀ ਨੇ ਇਨ੍ਹਾਂ ਦੇ ਚਰਨਾਂ ਵਿਚ ਆ ਮੱਥਾ ਟੇਕਿਆ। ਕਿੰਨਾਂ ਝੱਟ ਲੰਘ ਗਿਆ, ਪਰ ਸਿਰ ਚੁਕਿਆ ਹੀ ਨਾ ਤੇ ਨੈਣਾਂ ਵਿਚੋਂ ਜਲ ਚਲਿਆ ਹੀ ਜਾਵੇ।ਭਾਈ ਵਸਤੀ ਰਾਮ ਜੀ ਨੇ ਆਪਣੇ ਹੱਥਾਂ ਨਾਲ ਇਨ੍ਹਾਂ ਦੇ ਸਿਰ ਨੂੰ ਚੁਕਿਆ ਅਤੇ ਪਾਸ ਬਿਠਾਇਆ; ਫੇਰ ਸਿਰ ਤੇ ਹੱਥ

---

*ਹਿੰਦੁਸਤਾਨ ਵਿਚ ਧਰਮਸਾਲਾ ਸਰਾਂ ਨੂੰ ਕਹਿੰਦੇ ਹਨ। ਪੰਜਾਬ ਵਿਚ ਧਰਮਸਾਲ ਸਿਖ ਗੁਰਦਵਾਰੇ ਦਾ ਨਾਮ ਹੈ। ਸਿਖਾਂ ਨੂੰ ਖ਼ਬਰਦਾਰ ਹੋਣਾ ਚਾਹੀਏ, ਅਕਸਰ ਅਨਮਤੀ ਭੁਲੇਖਾ ਪਾ ਕੇ ਸਿਖਾਂ ਨੂੰ ਅਦਾਲਤਾਂ ਵਿਚ ਨੁਕਸਾਨ ਪਹੁੰਚਾਉਂਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਖਿਆ ਹੈ 'ਮੈ ਬਧੀ ਸਚੁ ਧਰਮਸਾਲ ਹੈ।' ਭਾਈ ਗੁਰਦਾਸ ਜੀ ਨੇ ਵੀ ਲਿਖਿਆ ਹੈ :–

ਧਰਮਸਾਲ ਕਰਤਾਰਪੁਰ ਸਾਧ ਸੰਗਤ ਸਚਖੰਡ ਵਸਾਇਆ ॥
[ਵਾ: ੨੪–੧

ਧਰਮਸਾਲ ਹੈ ਮਾਨਸਰ ਹੰਸ ਗੁਰ ਸਿਖ ਵਾਹੁ ॥ [ਵਾ: ੯–੧੪

ਫੇਰ ਕੇ ਪੁੱਛਿਆ 'ਕਿਉਂ ਬੀਬਾ! ਕਿਧਰੋਂ ਆਇਆਂ ਹੈਂ ਤੇ ਤੈਨੂੰ ਕੀ ਚਾਹੀਦਾ ਹੈ ?' ਤਾਂ ਭਾਈ ਜੀ ਨੇ ਕਿਹਾ,'ਜੀਉ ! ਚਾਹੀਦਾ ਕੁਝ ਨਹੀਂ, ਜੀਉ ਕਰਦਾ ਹੈ ਕਿ ਆਪ ਦੀ ਸੇਵਾ ਕਰਾਂ ਅਤੇ ਇਥੇ ਹੀ ਰਹਵਾਂ,ਮੈਨੂੰ ਸੇਵਕਾਂ ਵਿਚ ਕਬੂਲ ਕਰ ਲਓ' ! 'ਭਾਈ ਤੇਰਾ ਕੀ ਨਾਮ ਹੈ ?' ਉੱਤਰ ਦਿੱਤਾ: ਜੀ 'ਰਾਮ ਕਿਸ਼ਨ' । ਤਾਂ ਭਾਈ ਜੀ ਨੇ ਗਹੁ ਨਾਲ ਆਪ ਵਲ ਤੱਕਿਆ ਤੇ ਫਿਰ ਪਿੱਠ ਉਪਰ ਥਾਪੀ ਦਿਤੀ ਅਤੇ ਕਿਹਾ 'ਸੰਤਾ ਕੇ ਕਾਰਜਿ ਆਪ ਖਲੋਇਆ ਹਰਿ ਕੰਮੁ ਕਰਾਵਣੁ ਆਇਆ ਰਾਮ' ॥ ਫਿਰ ਕਹਿਣ ਲਗੇ 'ਗੁਰੂ ਕੇ ਘੱਲੇ ਬਾਲਕ ! ਸਾਧ ਸੰਗਤ ਦੀ ਸੇਵਾ ਚਾ ਲਓ, ਇਹੋ ਕਿੱਤਾ ਹੈ ਜੋ ਸਾਂਈ ਦੀ ਸੇਵਾ ਦਾ ਮੁੱਢ ਹੈ' ।

ਉਧਰ ਜਦ ਸੰਝਾਂ ਪਈ ਤੇ ਪਿਤਾ ਜੀ ਘਰ ਆਏ, ਪ੍ਰਸ਼ਾਦ ਛਕਿਆ ਤਾਂ ਆਪਣੀ ਇਸਤ੍ਰੀ ਤੋਂ ਪੁਛਿਆ ਕਿ ਕਾਕਾ ਰਾਮ ਕਿਸ਼ਨ ਕਿੱਥੇ ਹੈ ? ਮਾਤਾ ਜੀ ਨੇ ਕਿਹਾ ਕਿ ਤੁਹਾਡੇ ਨਾਲ ਲਾਈਆਂ ਨੂੰ ਜੋ ਗਿਆ ਸੀ । ਪਿਤਾ ਰਾਮ ਜਿਵਾਇਆ ਜੀ ਨੇ ਕਿਹਾ ਕਿ ਮੇਰੇ ਕੋਲੋਂ ਤਾਂ ਦੁਪਹਿਰਾਂ ਦਾ ਆ ਗਿਆ ਹੋਇਆ ਹੈ, ਉਥੇ ਕੰਮ ਤਾਂ ਕਰਦਾ ਕੋਈ ਨਹੀਂ ਸੀ ਜਿਸ ਤੋਂ ਮੈਂ ਗੁੱਸੇ ਹੋਕੇ ਝਿੜਕਿਆ ਸੀ ਤਾਂ ਉਹ ਟੁਰ ਆਇਆ ਸੀ । (ਸੋਚ ਕੇ) ਕਿੱਥੇ ਹੋਸੀ, ਹੋਰ ਕਿੱਥੇ ਹੋਣਾ ਹੈ ? ਧਰਮ-ਸਾਲੇ ਹੀ ਸੌਂ ਰਿਹਾ ਹੋਸੀ, ਵੇਹਲੜਾਂ ਦਾ ਥਾਂ ਥਿੱਤਾ ਉਹੋ ਹੀ ਹੈ ਨਾ, ਚੱਲੋ ਸਵੇਰੇ ਲੈ ਆਵਾਂਗੇ, ਹੁਣ ਕੌਣ ਖੇਚਲ ਕਰੇ; ਇਹ ਕਹਿਕੇ ਦੋਵੇਂ ਸੌਂ ਰਹੇ ।

ਸਵੇਰ ਵੇਲਾ ਹੋਇਆ, ਪਿਤਾ ਜੀ ਧਰਮਸਾਲੇ ਗਏ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਦੀਵਾਨ ਸਜਿਆ ਹੋਇਆ ਸੀ,ਆਪ ਨੇ ਮੱਥਾ ਟੇਕਿਆ ਫਿਰੁ ਨਜ਼ਰ ਦੁੜਾਈ ਤਾਂ ਰਾਮ ਕਿਸ਼ਨ ਜੀ ਨੂੰ ਖੂੰਜੇ ਬੈਠਾ ਵੇਖਕੇ ਕੋਲ ਜਾਕੇ ਹੌਲੇ ਜਿਹੇ ਕਿਹਾ,'ਉਇ ਰਾਮ ਕਿਸ਼ਨ ! ਤੂੰ ਕਲ ਦਾ ਨਿਕਲਿਆ ਹੋਇਆ ਘਰ ਹੀ ਨਹੀਂ ਵੜਿਆ, ਰਾਤ ਕਿਥੇ ਰਿਹੋਂ? ਚੱਲ ਹੁਣ ਘਰ ਚੱਲ ।' ਰਾਮ ਕਿਸ਼ਨ ਜੀ ਨੇ ਸਿਰ ਨਿਵਾਕੇ ਹੱਥ ਜੋੜ ਕੇ ਕਿਹਾ: 'ਪਿਤਾ ਜੀ ! ਹੁਣ ਮਿਹਰ ਕਰੋ ਤੇ ਆਪਣੇ ਬਚਨ ਨੂੰ ਸੁਫਲਾ ਕਰ ਦਿਓ ।

ਆਪ ਨੇ ਧਰਮਸਾਲੇ ਜਾ ਰਹਿਣ ਦੀ ਆਗਜਾ ਕੀਤੀ ਸੀ ਮੈਂ ਸਿਰ ਧਰ ਲਈ ਹੈ, ਹੁਣ ਆਪ ਆਪਣਾ ਬਚਣ ਨਾ ਮੋੜੋ ਤੇ ਮੇਰੀ ਪ੍ਰਤੱਗਜਾ ਪੂਰੀ ਹੋਣ ਦਿਓ ।' ਇਸ ਤਰ੍ਹਾਂ ਪਿਤਾ ਜੀ ਗਲਾਂ ਬਾਤਾਂ ਕਰਦੇ ਪਿਆਰ ਦੇਂਦੇ, ਕਦੇ ਝਿੜਕਦੇ, ਕਦੇ ਡਰਾਉਂਦੇ ਆਪਣੇ ਸਪੁਤ੍ਰ ਰਾਮ ਕਿਸ਼ਨ ਜੀ ਨੂੰ ਘਰ ਲੈ ਜਾਣ ਵਾਸਤੇ ਜ਼ੋਰ ਲਾਉਂਦੇ ਰਹੇ, ਪਰ ਆਪ ਘਰ ਨਾ ਹੀ ਗਏ । ਛੇਕੜ ਪਿਤਾ ਜੀ ਘਰ ਚਲੇ ਗਏ; ਪਰ ਪ੍ਰੇਰਨਾ ਕਰਨ ਦਾ ਤੇ ਘਰ ਲੈ ਜਾਣ ਦਾ ਜ਼ੋਰ ਲੱਗਣਾ ਬੰਦ ਨਾ ਹੋਇਆ । ਕਈ ਵੇਰ ਮੁੜ ਮੁੜ ਜ਼ੋਰ ਲਗੇ ਪਰ ਜਦੋਂ ਬੀ ਘਰ ਲੈ ਜਾਣ ਲਈ ਮਾਤਾ ਜੀ ਜਾਂ ਪਿਤਾ ਜੀ ਜ਼ੋਰ ਲਾਵਣ ਤਾਂ ਆਪ ਰੋ ਕੇ ਕਹਿਣ "ਬਾਬਾ ਮੇਰਾ ਆਵਣ ਜਾਣੁ ਰਹਿਓ ।" "ਬਾਬਾ ਮੇਰਾ ਆਵਣ ਜਾਣੁ ਰਹਿਓ ।"

ਜਦੋਂ ਲੋਕਾਂ ਨੇ ਵੇਖਣਾ ਕਿ ਰਾਮ ਕਿਸ਼ਨ ਜੀ ਦੇ ਲੈ ਜਾਣ ਵਾਸਤੇ ਪਿਤਾ ਰਾਮ ਜਿਵਾਇਆ ਜੀ ਅਤੇ ਮਾਤਾ ਰਾਧਾਂ ਬਾਈ ਜੀ ਬਹੁਤ ਤੰਗ ਕਰਦੇ ਹਨ ਤਾਂ ਸਭ ਨੇ ਇਹ ਕਹਿਣਾ ਕਿ 'ਤੁਸੀਂ ਭਾਈ ! ਇਸ ਨੂੰ ਕਿਉਂ ਤੰਗ ਕਰਦੇ ਹੋ ? ਇਹ ਤੁਹਾਡੇ ਕੰਮ ਦਾ ਨਹੀਂ,ਇਸ ਨੂੰ ਤਾਂ ਕਿਸੇ ਉਚੇਰੇ ਕਿੱਤੇ ਨੇ ਖਿੱਚ ਲਿਆ ਹੈ, ਜਾਣ ਦਿਓ ਸੂ, ਜਦੋਂ ਤੁਹਾਡਾ ਜੀ ਕਰਿਆ ਕਰੇ ਇਥੇ ਹੀ ਆ ਕੇ ਮਿਲ ਜਾਇਆ ਕਰੋ' । ਪਰ ਮਾਪੇ ਕੀਹ ਜਾਣਦੇ ਸਨ ਕਿ ਸਾਡੇ ਘਰ ਹਰਿ ਕਾ ਦਾਸ ਉਪਜਿਆ ਹੈ ਤੇ ਕੁਲ ਸਫਲ ਹੋਣੀ ਹੈ, ਜੈਸਾ ਕਿ ਸ੍ਰੀ ਕਬੀਰ ਜੀ ਕਹਿੰਦੇ ਹਨ :-

"ਕਬੀਰ ਸੋਈ ਕੁਲ ਭਲੀ ਜਾ ਕੁਲ ਹਰਿ ਕੋ ਦਾਸੁ ॥
ਜਿਸ ਕੁਲ ਦਾਸੁ ਨ ਊਪਜੈ ਸੋ ਕੁਲ ਢਾਕੁ ਪਲਾਸੁ ॥"

੩. ਘਾਲ–

ਇਕ ਸਮਾਂ ਬੀਤ ਗਿਆ ਹੈ ਕਿ ਰਾਮ ਕਿਸ਼ਨ ਜੀ ਸੇਵਾ ਵਿਚ ਲਗੇ ਰਹੇ ਹਨ । ਅੱਡਣਸ਼ਾਹੀ ਸੰਤ ਆਪਣੇ ਚੇਲੇ ਨੂੰ ਇਸੇ ਤਰ੍ਹਾਂ ਸਿਖਾਇਆ ਤੇ ਸੋਧਿਆ ਕਰਦੇ ਸਨ ਕਿ ਜਦੋਂ ਮਹੰਤੀ ਤੇ ਆਵੇ ਤਦੋਂ ਉਸ ਵਿਚ 'ਹਉਮੈ' ਤੇ 'ਵਿਕਾਰ'ਦਾ ਫੇਰਾ ਕਦੇ ਨਾ ਪਵੇ । ਇਸ ਕਰਕੇ

ਉਸ ਦੇ ਸਰੀਰ ਨੂੰ ਸੇਵਾ ਵਿਚ ਜੋੜੀ ਰਖਦੇ ਤੇ ਮਨ ਨੂੰ ਪਹਿਲਾਂ ਬਾਣੀ ਨਾਲ ਧੋਂਦੇ ਤੇ ਫੇਰ ਨਾਮ ਦੇ ਅਭਯਾਸ ਵਿਚ ਲਾ ਦਿੰਦੇ। ਅੰਮ੍ਰਿਤ ਵੇਲੇ ਜਾਗਣਾ, ਡੇਰੇ ਦੀ ਸਫਾਈ ਕਰਨੀ, ਦੀਵਾਨ ਸਜਾਉਣਾ; ਸੰਗਤ ਦੀ ਸੇਵਾ ਕਰਨੀ, ਦੀਵਾਨ ਦੇ ਮਗਰੋਂ ਲੰਗਰ ਤਿਆਰ ਕਰਨਾ, ਵਰਤਾਉਣਾ, ਆਏ ਜੀ ਨਾਲ ਰਾਜ਼ੀ ਰਹਿਣਾ, ਕਿੰਨੀ ਖੇਚਲ ਆਵੇ ਰੰਜ ਨਾ ਹੋਣਾ, ਦੂਸਰੇ ਦੇ ਵਾਕ ਕੁਵਾਕ ਸਹਿਣੇ, ਇਹ ਸਾਰੀ ਤਤਿੱਖਯਾ ਗੱਦੀ ਵਾਲੇ ਸੰਤ ਅਪਣੇ ਮਗਰ ਲਗਣ ਵਾਲੇ ਜਗਯਾਸੂ ਨੂੰ ਸਿਖਾਲਦੇ ਹੁੰਦੇ ਸਨ।

ਅੱਡਣਸ਼ਾਹੀ ਡੇਰਿਆਂ ਵਿਚ ਭੁੱਖੇ ਨੂੰ ਪ੍ਰਸ਼ਾਦਾ, ਜ਼ਖਮੀਆਂ ਨੂੰ ਮੱਲ੍ਹਮ ਤੇ ਤਾਪ ਵਾਲਿਆਂ ਨੂੰ ਗਿਲੋ ਆਦਿਕ ਮਿਲਦੀ ਹੁੰਦੀ ਸੀ। ਆਪਣੇ ਨਿਰਬਾਹ ਵਾਸਤੇ ਅਕਸਰ ਅੱਡਣਸ਼ਾਹੀ ਸਾਧ ਮੁੰਞ ਕੁੱਟਦੇ, ਵਾਣ ਵੱਟਦੇ ਤੇ ਇਸ ਦੀ ਵੱਟਕ ਪਰ ਨਿਰਬਾਹ ਟੋਰਦੇ ਹੁੰਦੇ ਸਨ। ਰੱਸੀਆਂ, ਦਾਵ੍ਹਣਾਂ ਆਦਿ ਤੇ ਮੁੱਲ ਲਿਖ ਛੋੜਦੇ ਸਨ, ਜੋ ਲਵੇ ਪੈਸੇ ਧਰ ਜਾਵੇ, ਆਪ ਨਾਮ ਬਾਣੀ ਵਿਚ ਰੱਤੇ ਰਹਿੰਦੇ, ਮੁੱਲ ਕਰਨ ਤੇ ਵਕਤ ਖਰਚ ਨਾ ਕਰਦੇ। ਅਕਸਰ ਵੇਰ ਐਸਾ ਹੋਇਆ ਹੈ ਕਿ ਟਿਕਾਣੇ ਦੀ ਕੁਟੀਆ ਵਿਚ ਚਾਰ ਸਾਧੂ ਰਹਿੰਦੇ ਹਨ, ਇਕ ਇਕ ਨੁੱਕਰ ਵਿਚ ਇਕ ਇਕ ਦਾ ਡੇਰਾ ਹੈ। ਹਰ ਕੋਈ ਉਥੇ ਹੀ ਮੁੰਞ ਕੁੱਟਕੇ ਵਾਣ ਵੱਟਦਾ ਹੈ। ਟੋਪੀ ਯਾ ਕੇਸਾਧਾਰੀ ਹੈ ਤਾਂ ਨਿੱਕੀ ਪੱਗ, ਲੰਗੋਟੀ ਜਾਂ ਕਛਹਿਰਾ ਤੇ ਸਿਆਲ ਹੋਵੇ ਤਾਂ ਅੱਧੀਆਂ ਬਾਹਾਂ ਦੀ ਕੁੜਤੀ ਏਹ ਸ਼ੈਆਂ ਹਰੇਕ ਦੀਆਂ ਆਪੋ ਆਪਣੀਆਂ ਵੱਖਰੀਆਂ ਹਨ, ਪਰ ਚਾਦਰਾ ਚਹੁਵਾਂ ਦਾ ਇਕੋ ਸਾਂਝਾ ਹੈ। ਜਿਹੜਾ ਕੋਈ ਬਾਹਰ ਕਿਸੇ ਕਾਰਜ ਜਾਂ ਮੁੰਞ ਖਰੀਦਣ ਜਾਵੇ ਇਸੇ ਚਾਦਰੇ ਦੀ ਬੁੱਕਲ ਮਾਰ ਜਾਵੇ, ਫੇਰ ਆਕੇ ਟੰਗਣੇ ਤੇ ਧਰ ਦੇਵੇ।

ਐਸਾ ਤਯਾਗ ਦਾ ਜੀਵਨ,ਧਰਮ ਕਿਰਤ ਦਾ ਜੀਵਨ ਬਸਰ ਕਰਦੇ ਹੋਏ ਫੇਰ ਟਿਕਾਣੇ ਦੀ ਸੇਵਾ ਕਰਨੀ, ਝਾੜੂ ਦੇਣਾ, ਪਾਣੀ ਭਰਨਾ, ਸੰਗਤ ਨੂੰ ਨਵ੍ਹਾਲਣਾ, ਗਰਮੀ ਵਿਚ ਪੱਖੇ ਕਰਨੇ, ਚੱਕੀ ਪੀਹਣੀ, ਹਰ ਗੱਲੇ ਤਤਪਰ ਰਹਿਣਾ। ਇਸ ਤਰ੍ਹਾਂ ਦੀ ਸੇਵਾ ਵਿਚ ਮਨ ਵਿਚ ਕਮੀਨ

ਨਹੀਂ ਹੋ ਜਾਂਦਾ, ਸਗੋਂ ਨਿਰਮਾਣ ਤੇ ਨਿਰਮਲ ਹੋ ਜਾਂਦਾ ਹੈ, ਸੇਵਾ ਮਨ ਦੀ ਮੈਲ ਲਾਹੁਣ ਤੇ ਗੁਰੂ ਰਿਝਾਵਣ ਲਈ ਜੋ ਕਰਨੀ ਹੋਈ। ਉਧਰ ਬਾਣੀ ਦੇ ਨੇਮੀ ਹੋਣਾ ਤੇ ਸ੍ਵਾਸ ਸ੍ਵਾਸ ਜਪਣ ਦੇ ਅਭ੍ਯਾਸ ਵਿਚ ਰਹਿਣਾ, ਇਸ ਨਾਲ ਵਾਹਿਗੁਰੂ ਵਿਚ ਲਿਵ ਲਗ ਜਾਣੀ, ਪਾਰਗਿਰਾਮੀ ਹੋ ਜਾਣਾ। ਇਤਨੀ ਘਾਲ ਤੇ ਪ੍ਰਾਪਤੀ ਦੇ ਬਾਦ ਜਦ ਕਿਸੇ ਨੂੰ ਡੇਰੇ ਦੀ ਗੱਦੀ ਮਿਲਣੀ ਤਦ ਮਹੰਤ ਜੀ ਨੇ ਨਿਰਾ ਇਕ ਝਾੜੂ ਤੇ ਛੰਨਾ ਅਗੇ ਰੱਖਕੇ ਮੱਥਾ ਟੇਕਣਾ। ਭਾਵ ਇਹ ਕਿ ਤੈਨੂੰ ਰੁਤਬਾ ਨਹੀਂ ਦੇਣ ਲਗੇ, ਤੈਨੂੰ ਗੁਰਦੁਆਰੇ ਦੇ ਝਾੜੂ ਦੀ ਤੇ ਸਾਧ ਸੰਗਤ ਨੂੰ ਜਲ ਛਕਾਉਣ ਦੀ ਸੇਵਾ ਦੇਣ ਲਗੇ ਹਾਂ। ਇਹ ਨਿਰਮਾਣਤਾ ਦਾ ਕਮਾਲ ਉਨ੍ਹਾਂ ਸੰਤਾਂ ਵਿਚ ਹੀ ਰਿਹਾ ਹੈ ਜੋ ਆਤਮ ਜੀਵਨ ਵਿਚ ਉੱਚ ਕੋਟੀ ਦੇ ਤੇ ਕਰਾਮਾਤਾਂ ਤੱਕ ਦੇ ਮਾਲਕ ਹੋਏ ਹਨ। ਫਿਰ ਇਨ੍ਹਾਂ ਵਿਚ ਇਹ ਵਾਧਾ ਰਿਹਾ ਹੈ ਕਿ ਆਪੇ ਨੂੰ ਹੰਕਾਰ ਦੇ ਘਰ ਨਹੀਂ ਜਾਣ ਦੇਣਾ; ਗੱਦੀ ਤੇ ਬੈਠ ਕੇ ਨਾਮ ਦਾਨ ਦੇਣਾ ਤਾਰਨਾ ਪਰ ਸਭ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾਉਣਾ ਤੇ ਆਖਣਾ ਸਭ ਪ੍ਰਤਾਪ ਗੁਰੂ ਨਾਨਕ ਦਾ ਹੈ ਤੇ ਔਹ ਪਰਤੱਖ ਸ਼ਬਦ ਰੂਪ ਧਾਰਕੇ ਬੈਠਾ ਹੈ ਗੁਰੂ ਨਾਨਕ, ਓਸ ਦੀ ਸ਼ਰਨ ਲਓ। ਅੱਡਣ ਸ਼ਾਹੀ ਕਹੋ ਯਾ ਸੇਵਾ ਪੰਥੀ ਕਹੋ, ਇਨ੍ਹਾਂ ਸਤ ਪੁਰਖਾਂ ਨੇ ਜੋ ਸਿੱਖੀ ਜ਼ਿੰਦਗੀ ਦਾ ਪ੍ਰਚਾਰ ਕੀਤਾ ਹੈ, ਅਕੱਥਨੀਯ ਹੈ।

ਸੋ ਸੰਪ੍ਰਦਾ ਦੇ ਰਿਵਾਜ ਮੂਜਬ ਸ੍ਰੀ ਰਾਮ ਕਿਸ਼ਨ ਜੀ ਚਿਰ ਕਾਲ ਡੇਰੇ ਦੀ ਸੇਵਾ ਕਰਦੇ ਰਹੇ। ਬਾਣੀ ਪੜ੍ਹਨੀ, ਉਠਦੇ ਬੈਠਦੇ ਸਿਮਰਨ ਵਿਚ ਰਹਿਣਾ ਤੇ ਫੇਰ ਜੋ ਭਾਈ ਵਸਤੀ ਰਾਮ ਜੀ ਦਾ ਹੁਕਮ ਹੋਵੇ ਬਜਾ ਲਿਆਉਣਾ ਸੁਖ ਮੰਨ ਕੇ ਤੇ ਖਿੜੇ ਮੱਥੇ। ਆਪਣੇ ਨਾਮ ਦਾਤਾ ਗੁਰਮੁਖ ਨਾਲ ਪ੍ਰੇਮ ਤਾਂ ਸੁਤੇ ਬਾਤ ਸੀ ਸਗੋਂ ਉਹਨਾਂ ਦੀ ਕਾਵੜ ਝੱਲਣੀ ਆਪ ਨੂੰ ਸੁਖਦਾਈ ਲੱਗਦੀ ਸੀ। ਇਸ ਭਾਵਨੀ ਦੇ ਨਾਲ ਨਾਲ ਹੀ ਗੁਰਬਾਣੀ ਦੀ ਪ੍ਰੀਤ ਐਸੀ ਵਧ ਰਹੀ ਸੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਵਿਛੜ ਨਹੀਂ ਸਨ ਸਕਦੇ। ਡੇਰੇ ਦੇ ਸਾਰੇ ਕੰਮ ਤੇ ਉਸ ਸਤਪੁਰਖ ਦੀ ਸੇਵਾ ਕਮਾਲ ਦੀ ਕੀਤੀ, ਬਾਣੀ ਤੇ ਨਾਮ ਦੀ ਘਾਲ ਬੀ ਕਮਾਲ ਦੀ

ਕੀਤੀ, ਅੰਤ ਨਾਮ ਦੀ ਕਮਾਈ ਲਿਵ ਤਕ ਅਪੜਾ ਗਈ।

੪. ਗੱਦੀ ਨਸ਼ੀਨੀ–

ਭਾਈ ਵਸਤੀ ਰਾਮ ਜੀ ਬਿਰਧ ਹੋ ਗਏ ਹਨ, ਆਪ ਚਲ ਫਿਰ ਘਟ ਸਕਦੇ ਹਨ, ਚੇਲੇ ਨੂੰ ਦੇਖਦੇ ਹਨ ਕਿ ਸ਼ਿਖਰੇ ਅੱਪੜ ਪਿਆ ਹੈ, ਫਿਰ ਪਰਖਦੇ ਹਨ ਤੇ ਕਹਿੰਦੇ ਹਨ 'ਰਾਮ ਕਿਸ਼ਨ ਬਚੜਾ ! ਬੱਖਰ ਚੱਲਣਾ ਹੈ, ਪਰ ਟੁਰ ਨਹੀਂ ਹੁੰਦਾ'। ਨਾਮ ਰਸ ਭਿੰਨੜਾ ਸੇਵਕ ਆਕੇ ਆਪ ਨੂੰ ਪਿੱਠ ਤੇ ਚਾ ਲੈਂਦਾ ਹੈ ਤੇ ਬੱਖਰ ਅੱਪੜਦਾ ਹੈ, ਓਥੋਂ ਮੁੜਕੇ ਵਸਤੀ ਰਾਮ ਜੀ ਆਖਦੇ ਹਨ 'ਓਹੋ ਅਸਾਂ ਤਾਂ ਛਾਵਣੀ ਜਾਣਾ ਸੀ'। ਰਾਮ ਕਿਸ਼ਨ ਆਪਣੇ ਨਾਮ ਰਸੀਏ ਗੁਰਮੁਖ ਪਿਆਰੇ ਨੂੰ ਚਾਕੇ ਛਾਵਣੀ ਅੱਪੜਦੇ ਹਨ, ਤਾਂ ਹੁਕਮ ਹੁੰਦਾ ਹੈ 'ਮਿੱਠੇ ਚਲਣਾ ਹੈ' ਤੇ ਆਪ ਮਿੱਠਿਆਂ ਨੂੰ ਟੁਰ ਪੈਂਦੇ ਹਨ। ਚਾਉ ਨਾਲ ਤੁਰਦੇ ਹਨ ਤੇ ਆਪਣੇ ਮਨ ਨੂੰ ਕਹਿੰਦੇ ਹਨ ਦਾਤਾ ਜੀ ਤੇਰੇ ਮਨ ਦੀ ਮੂੜ੍ਹਤਾ ਗਵਾ ਰਹੇ ਹਨ, 'ਦੂਜਾ ਭਾ' ਐਉਂ ਹੀ ਤਜਾਗ ਹੁੰਦਾ ਹੈ, ਇਹੋ ਰਾਹ ਹੈ ਹਉਂ ਜਿੱਤਣ ਦਾ ਤੇ ਹਰਿ ਦਰਸਾਵੜੇ ਪਾਉਣ ਦਾ।

ਐਉਂ ਦੇ ਅਨੇਕਾਂ ਤਾਉ ਦੇਂਦੇ ਤੇ ਪਰਖਾਂ ਵਿਚ ਪਾ ਪਾ ਕੇ ਭਾਈ ਵਸਤੀ ਰਾਮ ਜੀ ਨੇ ਦੇਖ ਲਿਆ ਕਿ ਗੁਰੂ ਕਾ ਪਜਾਰਾ ਹੁਣ ਕੁੰਦਨ ਹੋ ਗਿਆ ਹੈ, ਬ੍ਰਿਤੀ ਨਾਮ ਰਸ ਵਿਚ ਆਰੂੜ ਹੈ, ਮੋਹ ਮਾਯਾ ਨਾਲ ਲੇਪ ਨਹੀਂ, ਅੰਦਰ ਨਾਮ ਵਸਿਆ ਹੈ ਤੇ ਬਾਹਰ ਹੁਣ ਇਸਨੂੰ ਗੁਰੂ ਵਸਦਾ ਦਿੱਸਦਾ ਹੈ। ਇਹ ਹੁਣ ਮਹੰਤੀ ਤੇ ਬੈਠਕੇ ਕਿਸੇ ਵਿਕਾਰ ਵਿਚ ਨਹੀਂ ਜਾਵੇਗਾ, ਹਉਂ ਦੇ ਹੱਥ ਨਹੀਂ ਵਿਕੇਗਾ, ਟਿਕਾਣੇ ਨੂੰ ਗੁਰੂ ਕਾ ਅਸਥਾਨ ਰਖੇਗਾ। ਆਪ ਜਪੇਗਾ, ਹੋਰਨਾਂ ਨੂੰ ਜਪਾਵੇਗਾ, ਗੁਰਮਤਿ ਤੇ ਟੁਰੇਗਾ ਤੇ ਮਨਮਤਿ ਦੇ ਹੱਥ ਨਹੀਂ ਜਾਵੇਗਾ। ਆਪ ਨੇ ਹੁਣ ਇਕ ਦਿਨ ਝਾੜੂ ਤੇ ਛੰਨਾ ਰਾਮ ਕਿਸ਼ਨ ਦੇ ਅੱਗੇ ਧਰਿਆ, ਹੱਥ ਜੋੜੇ, ਸੀਸ ਨਿਵਾਇਆ ਤੇ ਆਖਿਆ 'ਗੁਰ ਨਾਨਕ ਦੇਵ ਦੇ ਦਰ ਦੀ ਸੇਵਾ ਤੈਨੂੰ ਸੌਂਪੀ। ਬੇਟਾ ! ਤੇਰੇ ਬਚਨ ਸਤਿ ਹੋਣਗੇ, ਤੇਰੇ ਸਤਿ ਬਚਨ ਹੋਣਗੇ, ਤੇਰਾ ਰਖਵਾਲਾ ਗੁਰੂ ਨਾਨਕ ਆਪ ਹੋਵੇਗਾ।'

ਵਰ ਦੇਕੇ ਆਪ ਗੁਰਪੁਰੀ ਨੂੰ ਪਧਾਰ ਗਏ ਤੇ ਮਾਪਿਆਂ ਦੇ ਤਾਹੇ ਰਾਮ ਕਿਸ਼ਨ ਜੀ ਗੁਰ ਨਾਨਕ ਦਰ ਦੀ ਸੇਵਾ ਦੇ ਪਰਵਾਨ ਸੇਵਕ :-

'ਜਿਸਨੋ ਸਾਹਿਬੁ ਵਡਾ ਕਰੇ ਸੋਈ ਵਡ ਜਾਣੀ ॥'
ਦੇ ਵਾਕ ਅਨੁਸਾਰ ਸੰਗਤ ਦੇ ਮੁਹਾਣੇ ਥਾਪੇ ਗਏ ।

ਡੇਰੇ ਵਿਚ ਹੁਣ ਆਪ ਦੇ ਸਮੇਂ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਹੁੰਦਾ ਹੈ, ਲੰਗਰ ਚਲਦਾ ਹੈ, ਕਥਾ ਹੁੰਦੀ ਹੈ, ਆਏ ਗਏ ਨੂੰ ਸੁਖ ਮਿਲਦਾ ਹੈ, ਜਗਜਾਸੂਆਂ ਨੂੰ ਨਾਮ ਮਿਲਦਾ ਹੈ ਤੇ ਆਪ ਵਲ ਜਦ ਦੇਖੋ ਤਾਂ ਮੱਧਮ ਮੱਧਮ ਤੇ ਮਿੱਠੀ ਮਿੱਠੀ ਧੁਨਿ ਆ ਰਹੀ ਹੈ 'ਧੰਨ ਗੁਰੂ ਨਾਨਕ' 'ਧੰਨ ਗੁਰੂ ਨਾਨਕ' ਦੀ ।

## ੫. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਪ੍ਰੇਮ-

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਆਪ ਦੀ ਪ੍ਰੀਤ ਇਕ ਅਸਚਰਜ ਘਟਨਾ ਹੈ । ਆਪ ਦੀ ਪ੍ਰੀਤ ਇਸ ਤਰ੍ਹਾਂ ਦੀ ਹੁਣ ਡੂੰਘੀ ਬਣੀ ਹੈ ਕਿ ਰਾਤ ਨੂੰ ਜਦ ਅਸਵਾਰਾ ਕਰਦੇ ਹਨ ਤਾਂ ਨੈਣ ਪ੍ਰੇਮ ਰਸ ਨਾਲ ਭਰੇ ਹੁੰਦੇ ਹਨ । ਜਦੋਂ ਗੁਰੂ ਜੀ ਨੂੰ ਸੁਖਆਸਨ ਕਰਦੇ ਹਨ ਤਾਂ ਹੱਥ ਜੋੜਕੇ ਅਰਦਾਸ ਕਰਦੇ ਤੇ ਦਰਵਾਜ਼ੇ ਬੰਦ ਕਰ ਦੇਂਦੇ ਹਨ, ਪਰ ਫੇਰ ਤੜਫਕੇ ਖੁਹਲ ਦੇਂਦੇ ਹਨ ਤੇ ਕਹਿੰਦੇ ਹਨ 'ਕਿਵ ਜੀਸਾਂ ਆਪ ਦੇ ਦਰਸ਼ਨ ਬਿਨਾਂ, ਕਿੰਵ ਰਾਤ ਲੰਘਸੀ ?' ਫਿਰ ਕਹਿੰਦੇ ਹਨ 'ਰਾਮ ਕਿਸ਼ਨ ! ਭਈ ਸਤਿਗੁਰੂ ਜੀਨੂੰ ਆਰਾਮ ਕਰਨ ਦੇਹ, ਆਪਣੇ ਦਰਸ਼ਨ ਦੇ ਲਾਲਚ ਵਿਚ ਕਿਉਂ ਬੇਅਦਬੀ ਕਰਦਾ ਹੈਂ?' ਇਸ ਤਰ੍ਹਾਂ ਬਿਹਬਲ ਹੋਕੇ ਕਈ ਵਾਰ ਬੂਹੇ ਖੁਹਲਣੇ ਤੇ ਮੀਟਣੇ । ਅੰਤ ਮੱਥਾ ਟਕਕੇ ਤਖਤ-ਪੋਸ਼ ਦੇ ਨਾਲ ਜਾ ਬੈਠਣਾ । ਸਿਰ ਤਖਤ ਪੋਸ਼ ਤੇ ਡੱਠੀ ਮੰਜੀ ਸਾਹਿਬ ਦੇ ਪਾਵੇ ਨਾਲ ਜੋੜਕੇ ਨਾਮ ਦੇ ਰੰਗ ਵਿਚ ਮਸਤ ਹੋਕੇ ਟਿਕ ਜਾਣਾ । ਐਉਂ ਜਿਹੜੀ ਨੀਂਦ ਪੈ ਗਈ ਤ੍ਰਿਪਹਿਰੇ ਤੱਕ ਪੈ ਗਈ, ਤ੍ਰਿਪਹਿਰੇ ਤੋਂ

ਮਗਰੋਂ ਉਠ ਖੜੋਣਾ ਤੇ ਆਪਣੀ ਨਿਤ ਕ੍ਰਿਯਾ ਤੇ ਡੇਰੇ ਦੇ ਵਿਚ ਸਤਿ-ਸੰਗ ਦੇ ਕੰਮ ਕਰਨੇ। ਦੀਵਾਨ ਸਜਾਉਣਾ ਤੇ ਪ੍ਰਕਾਸ਼ ਕਰਨਾ। ਪ੍ਰਕਾਸ਼ ਕਰਦਿਆਂ ਚਾਉ ਚੜ੍ਹ ਜਾਣਾ 'ਧੰਨ ਸੁ ਵੇਲਾ ਜਿਤੁ ਦਰਸਨ ਕਰਣਾ'। ਆਦਿਕ ਸਬਦ ਇਸ ਚਾਉ ਤੇ ਪਿਆਰ ਨਾਲ ਪੜ੍ਹਨੇ ਕਿ ਸੁਣਨ ਵਾਲਿਆਂ ਦੇ ਨੇਤ੍ਰ ਪ੍ਰੇਮ ਤੇ ਚਾਉ ਨਾਲ ਰਸਭਿੰਨੜੇ ਹੋ ਜਾਣੇ। ਸੁਣੀਂਦਾ ਹੈ ਕਿ ਨਿੱਸਲ ਹੋਕੇ ਲੱਤਾਂ ਪਸਾਰਕੇ ਭਾਈ ਸਾਹਿਬ ਕਦੇ ਹੀ ਸੁੱਤੇ ਹੋਣਗੇ। ਇਸੇ ਤਰ੍ਹਾਂ ਹਜ਼ੂਰੀ ਬੈਠਿਆਂ ਹੀ ਨੀਂਦ ਕਰ ਲੈਣੀ। ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਨਾ ਉਸ ਵੇਲੇ ਦਾ ਉਨ੍ਹਾਂ ਦੇ ਚਿਹਰੇ ਦਾ ਚਮਕਾਉ ਤੇ ਮੰਗਲ ਡਾਢਾ ਸੁਖਦਾਈ ਹੁੰਦਾ ਸੀ।

੬. ਜੀਵਨ ਵਾਕਿਆਤ-

ਅੰਮ੍ਰਿਤ ਵੇਲੇ ਦੇ ਦੀਵਾਨ ਕੀਰਤਨ ਤੇ ਸਮੇਂ ਸਮੇਂ ਸਿਰ ਦੀ ਮਰਿਯਾਦਾ ਆਦਿ ਤੋਂ ਧਰਮਸਾਲਾ ਵਿਚ ਜਾਰੀ ਸੀ, ਪਰ ਦਿਨ ਕਿਵੇਂ ਬੀਤਦਾ ਹੈ? ਛਿਨ ਛਿਨ ਕੀਕੂੰ ਲੰਘਦੀ ਹੈ? ਕਿਉਂਕਿ ਆਤਮ ਜੀਵਨ ਇਕ ਜੀਵਨ ਹੈ। ਜੀਵਨ ਲਗਾਤਾਰੀ ਸ਼ੈ ਹੈ; ਲਗਾਤਾਰੀ ਰੌ ਆਪ ਦੀ ਸਿਮਰਨ ਦੀ ਜ਼ਾਰੀ ਹੈ, ਪਰ ਗੁਰੂ-ਪ੍ਰੇਮ ਇਤਨਾ ਹੈ ਕਿ ਆਪ ਦਾ ਅਕ-ਸਰ ਵੇਰ ਬੇਖਬਰੀ ਜਾਪ ਯਾ ਇਉਂ ਕਹੋ ਕਿ ਦੂਸਰਿਆਂ ਨੂੰ ਸੁਣਨ ਵਾਲਾ ਜਪ 'ਧੰਨ ਗੁਰੂ ਨਾਨਕ' ਦਾ ਹੁੰਦਾ ਹੈ। ਅਸਲ ਗੱਲ ਇਹ ਹੈ 'ਗੁਰੂ ਨਾਨਕ' ਵਿਚ ਆਪ ਦਾ ਪ੍ਰੇਮ ਲਿਵ ਹੋ ਚੁੱਕਾ ਸੀ। ਸਿਵਾਏ ਪ੍ਰੇਮਾ ਭਗਤੀ ਦੇ ਆਪ ਤੋਂ ਕੋਈ ਆਚਾਰ ਨਹੀਂ ਸੀ ਪ੍ਰਗਟ ਹੁੰਦਾ। 'ਗੁਰੂ ਨਾਨਕ ਪ੍ਰੇਮ' ਨੂੰ ਜ਼ਰਾ ਕੁ ਪ੍ਰਗਟ ਕਰਨੇ ਵਾਲਾ ਇਕ ਵਾਕਿਆ ਆਪ ਦੇ ਜੀਵਨ ਦਾ ਬੜਾ ਸੁਆਦਲਾ ਤੇ ਸਿਖਯਾ ਦਾਇਕ ਇਉਂ ਦਾ ਹੈ:-

੧.

ਇਕ ਸਾਧੂ ਨਵਾਂ ਨਵਾਂ ਵੇਦਾਂਤ ਪੜ੍ਹਕੇ ਅਰ ਵੇਦਾਂਤ ਦੀ ਵਯਾਖਯਾ-ਜੋ ਮਨ ਬੁੱਧੀ ਨੂੰ ਤ੍ਰਿੱਖਿਆਂ ਕਰਨ ਮਾਤ੍ਰ ਸੀ-ਪੜ੍ਹ ਸੁਣਕੇ ਕਾਂਸ਼ੀ ਤੇ ਰਿਖੀਕੇਸ਼ ਤੋਂ ਆਇਆ ਸੀ।ਉਸ ਨੇ ਬਹੁਤ ਲੋਕਾਂ ਤੋਂ ਸੰਤ ਰਾਮਕਿਸ਼ਨ

ਜੀ ਦੀ ਮਹਿਮਾਂ ਸੁਣੀ ਹੋਈ ਸੀ ਤੇ ਅਸਚਰਜ ਹੋਇਆ ਕਰਦਾ ਸੀ ਕਿ ਜੋ ਸੰਤ ਸ਼ਾਸਤ੍ਰ ਨਹੀਂ ਪੜ੍ਹੇ ਓਹ ਕੀਕੂੰ ਇੰਨੇ ਪ੍ਰਸਿੱਧ ਹਨ ਤੇ ਲੋਕਾਂ ਵਿਚ ਯੋਗੀ ਰਾਜ ਤੇ ਗਯਾਨਵਾਨ ਕਹਿਕੇ ਸਤਕਾਰੇ ਜਾਂਦੇ ਹਨ! ਉਸਨੂੰ ਪਤਾ ਨਹੀਂ ਸੀ ਕਿ ਕਰਨੀ ਵਾਲੇ ਆਪਾ ਲਖਾਇਆ ਨਹੀਂ ਕਰਦੇ। ਇਹ ਹੈਰਾਨੀ ਉਸ ਨੂੰ ਸੰਤਾਂ ਪਾਸ ਲੈ ਆਈ। ਸੰਤ ਉਸ ਵੇਲੇ ਧਰਮਸਾਲ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਮੱਥੇ ਟੇਕ ਰਹੇ ਸਨ ਤੇ ਕਿਸੇ ਪ੍ਰੇਮ ਵਿਚ ਉਚਾਰ ਰਹੇ ਸੇ 'ਧੰਨ ਗੁਰੂ ਨਾਨਕ, ਮੈਂ ਮੂਰਖ, ਮੈਂ ਮੂਰਖ, ਮੈਂ ਮੂਰਖ ਕੀ ਕੇਤਕ ਬਾਤ ਹੈ ਕੋਟਿ ਪਰਾਧੀ ਤਰਿਆ ਰੇ!......'ਇਹ ਉਚਾਰਦੇ ਇਸ ਧੁਨਿ ਵਿਚ ਸੰਤ ਆਪਣੇ ਆਪ ਵਿਚ ਮਗਨ ਹੋ ਰਹੇ ਸਨ। ਵੇਦਾਂਤੀ ਪਾਸ ਆਕੇ ਬੈਠ ਗਿਆ ਤੇ ਕਿੰਨਾ ਚਿਰ ਉਨ੍ਹਾਂ ਦਾ ਪ੍ਰੇਮ-ਉਚਾਰ ਸੁਣਦਾ ਰਿਹਾ।ਮਨਦਾ ਗਯਾਨੀ,ਪਰ ਅਨੁਭਵ ਤੋਂ ਕੋਰਾ ਵੇਦਾਂਤੀ ਸੋਚਣ ਲਗਾ ਕਿ ਚੰਗੇ ਤਾਂ ਹੋਸਣ ਭਾਈ ਜੀ, ਪਰ ਅਜੇ ਉਪਾਸਨਾਂ ਵਿਚ ਹਨ, ਇਨਾ ਨੂੰ ਗਯਾਨ ਦੀ ਸੋਝੀ ਅਜੇ ਨਹੀਂ ਪਈ ਤੇ ਗਯਾਨ ਬਿਨਾਂ ਮੁਕਤੀ ਨਹੀਂ ਚਾਹੇ ਕੋਈ ਕਿਤਨੀ ਉਪਸਨਾ ਕਰੇ। ਉਪਾਸਨਾਂ ਤਾਂ ਦੂਈ ਵਿਚ ਹੀ ਹੁੰਦੀ ਹੈ ਨਾ, ਜਦੋਂ ਆਤਮਾ ਹੈ ਹੀ ਬ੍ਰਹਮ ਤਾਂ ਕਿਸ ਦੀ ਉਪਾ-ਸਨਾ? ਫਿਰ ਉਸਦੇ ਮੂੰਹੋਂ ਨਿਕਲਿਆ:-'ਇਨ੍ਹਾਂ ਨੂੰ ਗਯਾਨ ਪ੍ਰਾਪਤ ਨਹੀਂ ਦਿਸਦਾ, ਇਨ੍ਹਾਂ ਨੂੰ ਜਨਮ ਪਾਉਣਾ ਪਵੇਗਾ।' ਇਹ ਬਲੇਲ ਸੰਤਾਂ ਦੇ ਕੰਨੀਂ ਪੈ ਗਈ ਤਾਂ ਆਪ ਸਿਰ ਚਾਕੇ ਉਸ ਵਲ ਤੱਕੇ ਤੇ ਬੋਲੇ:-

"ਤੇਰਾ ਜਨਮ ਹੁੰਦਾ ਏ ਭੜੂਆ, ਭੜੂਆ ਹੁੰਦਾ ਏ ਤੇਰਾ ਗਯਾਨ, ਰਖ ਕੋਲ ਇਸ ਗਯਨ ਨੂੰ, ਅਸੀਂ ਹਾਂ ਕੁੱਤੇ ਗੁਰੂ ਨਾਨਕ ਦੇ, ਹਾਂ ਗੁਰੂ ਨਾਨਕ ਦੇ ਦਰ ਦੇ ਕੁੱਤਿਆਂ ਦੇ ਕੁੱਤੇ ਬਣਾਂਗੇ, ਪਰ ਗੁਰੂ ਨਾਨਕ ਦਾ ਦਰ ਨਹੀਂ ਛੱਡਾਂਗੇ। ਗੁਰ ਨਾਨਕ ਦੇ ਕੁੱਤਿਆਂ ਦੇ ਕੁੱਤੇ ਬਣਨਾ ਕੋਈ ਘੱਟ ਪਦਵੀ ਹੈ? ਕੋਈ ਮਾਨ ਕਰਨ ਦੀ ਗੱਲ ਹੈ? ਔਹ ਵੇਖ ਰੁੜ੍ਹਿਆ ਜਾਂਦਾ ਈ ਤੇਰਾ ਗਯਾਨ ਜੇਹਲਮਾਂ ਵਿਚ, ਔਹ ਵੇਖ ਰੁੜ੍ਹਿਆ ਜਾਂਦਾ ਈ। ਅਸੀਂ ਹਾਂ ਗੁਰੂ ਨਾਨਕ ਦੇ, ਗੁਰੂ ਨਾਨਕ ਦੇ, ਧੰਨ ਗੁਰੂ ਨਾਨਕ ਦੇ, ਧੰਨ ਗੁਰੂ ਨਾਨਕ ਦੇ!!"

ਇਹ ਕਹਿੰਦੇ ਨੈਣ ਭਰ ਆਏ ਤੇ ਆਪ ਮਗਨ ਹੋ ਗਏ ਉਸੇ ਪ੍ਰੇਮ ਰਸ ਵਿਚ। ਤਦ ਵੇਦਾਂਤੀ ਅਸਚਰਜ ਰਹਿ ਗਿਆ ਤੇ ਇਸ ਤਰ੍ਹਾਂ ਉਸ ਪਰ ਕੋਈ ਐਸਾ ਪ੍ਰਭਾਉ ਪਿਆ ਕਿ ਚਰਨਾਂ ਤੇ ਢਹਿ ਪਿਆ ਤੇ ਬੋਲਿਆ: "ਕਿਵੇਂ ਗ੍ਯਾਨਵਾਨ ਅਗ੍ਯਾਨੀਆਂ ਦਾ ਬੀ ਕਰੋ ਪਾਰ ਉਤਾਰਾ" ਤਾਂ ਆਪ ਨੇ ਸਮਝਾਇਆ-ਹਾਂ, ਉਹ ਸਮਝ ਦਿਤੀ ਜੋ ਗੁਰੂ ਬਾਬੇ ਨੇ ਜਪੁਜੀ ਵਿਚ ਬਖਸ਼ੀ ਹੈ:-

'ਇਕਦੂ ਜੀਭੌ ਲਖ ਹੋਹਿ ਲਖ ਹੋਵਹਿ ਲਖਵੀਸ ॥'

ਆਪ ਦੀ ਕਮਾਈ, ਪ੍ਰੇਮ ਤੇ ਆਰੂੜ ਅਵਸਥਾ ਵੇਖਕੇ ਇਹ ਪੜ੍ਹਿਆ ਸੱਜਣ ਕਾਇਲ ਹੋ ਗਿਆ ਤੇ ਧੰਨਤਾ ਕਰਦਾ ਗਿਆ ਕਿ ਸਫਲ ਗ੍ਯਾਨੀ ਏਹ ਹਨ।

੨.

ਇਕ ਦਿਨ ਆਪ ਇਸੀ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਕਮਰੇ ਅੱਗੇ ਬੈਠੇ ਕੈਂਸੀਆਂ ਦੀ ਮਿੱਠੀ ਮਿੱਠੀ ਮੱਧਮ ਮੱਧਮ ਟੁਣਕਾਰ ਕਰ ਰਹੇ ਸਨ ਤੇ 'ਧੰਨ ਗੁਰ ਨਾਨਕ' ਦੀ ਮਿੱਠੀ ਗੁੰਜਾਰ ਲਾ ਰਹੇ ਸਨ ਕਿ ਇਕ ਸੱਜਣ 'ਉਸ਼ਨਾਕ ਰਾਇ' ਨਾਮ ਵਾਲੇ ਇਸ਼ਨਾਨ ਕਰਕੇ ਧਰਮਸਾਲੇ ਆਏ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਮੱਥਾ ਟੇਕਕੇ ਉੱਚੀ ਉੱਚੀ 'ਰਾਧੇ ਕ੍ਰਿਸ਼ਨ, ਰਾਧੇ ਕ੍ਰਿਸ਼ਨ' ਉਚਾਰਨ ਲੱਗ ਪਏ। ਭਾਈ ਸਾਹਿਬ ਆਪਣੇ ਰੰਗ ਵਿਚ ਮਸਤ ਸਨ, ਉਸ਼ਨਾਕ ਰਾਇ ਦੇ ਆਵਾਜ਼ੇ ਦਾ ਪਤਾ ਬੀ ਨਹੀਂ ਲੱਗਾ। ਉਸ਼ਨਾਕ ਰਾਇ ਨੇ ਅੱਗੇ ਹੋਕੇ ਸੰਤਾਂ ਦੇ ਕੰਨਾਂ ਵਿਚ 'ਰਾਧੇ ਕ੍ਰਿਸ਼ਨ, ਰਾਧੇ ਕ੍ਰਿਸ਼ਨ' ਉਚਾਰਿਆ। ਸੰਤ ਉਠਕੇ ਪਰੇ ਜਾ ਬੈਠੇ ਤੇ ਉਸੇ ਤਰ੍ਹਾਂ ਆਪਣੇ ਸਿਮਰਨ ਵਿਚ ਲਗ ਪਏ। ਉਸ਼ਨਾਕ ਰਾਇ ਨੇ ਉਥੇ ਬੀ ਜਾਕੇ ਉਨ੍ਹਾਂ ਦੇ ਕੰਨਾਂ ਵਿਚ ਇਹੋ ਆਵਾਜ਼ਾ ਦਿੱਤਾ। ਆਪ ਫਿਰ ਉਠਕੇ ਪਰੇ ਜਾ ਬੈਠੇ ਤੇ ਆਪਣੇ ਪਿਆਰੇ ਦੇ ਕੀਰਤਨ ਵਿਚ ਲੱਗ ਪਏ। ਉਸ਼ਨਾਕ ਰਾਇ ਨੇ ਐਉਂ ਚਾਰ ਪੰਜ ਵੇਰੀ ਕੀਤਾ, ਆਪ ਬਸ ਉਠਕੇ ਜ਼ਰਾ ਪਰੇ ਜਾ ਬੈਠਦੇ; ਆਖਰ ਉਸ਼ਨਾਕ ਰਾਇ ਨੇ ਉੱਚੀ ਜਿਹੀ ਕਿਹਾ, ਮਹਾਰਾਜ ਤੁਸੀਂ ਸਮਦ੍ਰਿਸ਼ਟੇ ਹੋ ਤੁਹਾਨੂੰ

ਵਿਤਕਰਾ ਕਿਉਂ ਹੈ ? 'ਰਾਧਾ ਕ੍ਰਿਸ਼ਨ' ਮਾੜਾ ਹੈ 'ਧੰਨ ਗੁਰੂ ਨਾਨਕ' ਚੰਗਾ ਹੈ ?'

ਤਦ ਭਾਈ ਜੀ ਨੇ ਪਰਤਕੇ ਡਿਠਾ ਤੇ ਕੁਝ ਸਮਝਾਇਆ ਜਿਸ ਦਾ ਭਾਵ ਇਸ ਪ੍ਰਕਾਰ ਦਾ ਸੀ 'ਨਾਮ ਭਾਈ ਕਿਉਂ ਕਿਸੇ ਦਾ ਮਾੜਾ ਹੈ, ਪਰ ਜਿਸ ਦਾ ਰਾਜ ਉਸ ਦਾ ਤੇਜ਼, ਉਸ ਦਾ ਸਿੱਕਾ ਤੇ ਸਿੱਕੇ ਤੇ ਨਾਮ। ਜ਼ਰਾ ਮਨ ਜੋੜਕੇ ਬੈਠ, ਉਡਾਰੀ ਲਾ ਅਰਸ਼ਾਂ ਵਿਚ, ਤੱਕ, ਦੇਖ ਆਤਮ ਮੰਡਲਾਂ ਵਿਚ ਰਾਜ ਗੁਰੂ ਨਾਨਕ ਦਾ ਹੈ, ਆਤਮ ਮੰਡਲਾਂ ਦੇ ਰਾਜੇ ਦੀ ਦੋਹੀ ਦੇ ਰਹੇ ਹਾਂ।' ਇਸ ਤਰ੍ਹਾਂ ਦੇ ਵਾਕ ਕਰਕੇ ਆਪ ਫੇਰ ਆਪਣੀ ਉਸੇ ਧੁਨਿ ਵਿਚ ਮਸਤ ਹੋ ਗਏ* ।

ਭਜਨ ਬੰਦਗੀ ਆਚਰਣ ਸੁਆਰਨ ਦੇ ਸਿਵਾ ਅੱਡਣਸ਼ਾਹੀ ਡੇਰਿਆਂ ਵਿਚ ਪਰੋਪਕਾਰ ਦਾ ਸਾਮਾਨ ਬੀ ਚੋਖਾ ਰਹਿੰਦਾ ਸੀ। ਭਾਈ ਕਨ੍ਹੱਯਾ ਜੀ ਇਸ ਸੰਪ੍ਰਦਾ ਦੇ ਵੱਡੇ ਸ੍ਰੀ ਦਸਮ ਪਾਤਸ਼ਾਹ ਜੀ ਦੇ ਸਮੇਂ ਸੰਗਤਾਂ ਨੂੰ ਜਲ ਛਕਾਇਆ ਕਰਦੇ ਸਨ। ਖਯਾਲ ਪੈਂਦਾ ਹੈ ਕਿ ਤਦ ਤੋਂ ਹੀ ਜ਼ਖਮਾਂ ਤੇ ਮੱਲ੍ਹਮ ਲਾਉਣ ਦਾ ਕੰਮ ਬੀ ਆਪ ਦੇ ਹਿੱਸੇ ਸੀ। ਉਸ ਮੂਜਬ ਹੁਣ ਤਕ ਗੰਦੇ ਬਰੋਜ਼ੇ ਦੀ ਮੱਲ੍ਹਮ ਅੱਡਣਸ਼ਾਹੀ ਡੇਰਿਆਂ ਵਿਚ ਲੋੜਵੰਦਾਂ ਨੂੰ ਮੁਫ਼ਤ ਮਿਲਦੀ ਆਈ ਹੈ। ਲੰਗਰ ਤਾਂ ਚਲਦਾ ਹੀ ਸੀ,ਅਕਸਰ ਟਿਕਾਣਿਆਂ ਵਿਚ ਲੰਗਰ ਤੋਂ ਮਗਰੋਂ ਬੀ ਗ਼ਰੀਬ ਗ਼ੁਰਬੇ, ਬਾਲ,ਬੁੱਢੇ ਤੇ ਭੁੱਖੇ ਆਏ ਗਏ ਨੂੰ ਟੁੱਕਰ ਮਿਲਦਾ ਰਹਿੰਦਾ ਸੀ। ਇਸੇ ਤਰ੍ਹਾਂ 'ਸਤ ਗਿਲੋ', 'ਅੱਖਾਂ ਦਾ ਲੇਪ', 'ਹਾਜ਼ਮੇ ਦੀਆਂ ਗੋਲੀਆਂ' ਆਦਿ ਦਵਾਈਆਂ ਦਾ ਟਿਕਾਣਾ ਬੀ ਧਰਮਸਾਲ ਹੁੰਦੀ ਸੀ। ਗਿਰਾਂ ਦੇ ਬੱਚੇ ਬੀ ਗੁਰਮੁਖੀ ਵਿਦਯਾ ਇਥੇ ਹੀ ਪਾਉਂਦੇ ਸਨ। ਇਨ੍ਹਾਂ ਪਰੋਪਕਾਰਾਂ ਦੇ ਨਾਲ ਅਕਸਰ ਧਰਮਸਾਲ ਟਿਕਾਣੇ ਨਵੇਂ ਪੁਰਾਣੇ, ਖੂਹ ਤਲਾ ਲੁਆਉਣੇ ਆਦਿਕ ਸੇਵਾ ਬੀ ਹੁੰਦੀਆਂ ਸਨ।

---

*ਮੁਕਾਬਲਾ ਕਰੋ ਭਾਈ ਸ਼ੰਕਰ ਦਿਆਲ ਫੈਜ਼ਾਬਾਦੀ ਦੇ ਜਪੁਜੀ ਦੇ ਟੀਕੇ ਦੇ ਦੀਬਾਚੇ ਦਾ, ਜਿਸ ਵਿਚ ਆਪ ਨੇ ਸਾਰੇ ਪੈਗੰਬਰਾਂ ਤੇ ਅਵਤਾਰਾਂ ਨੂੰ 'ਗੁਰੂ ਜਯੋਤੀ' ਦੇ ਤਾਬੇ ਸਾਬਤ ਕੀਤਾ ਹੈ।

ਭਾਈ ਰਾਮ ਕਿਸ਼ਨ ਜੀ ਨੂੰ ਬੀ ਐਸੇ ਸਮੇਂ ਆਉਂਦੇ ਸਨ ਤੇ ਆਪ ਆਪਣੇ ਭਜਨਾਨੰਦ ਵਿਚ ਮਗਨ ਰਹਿੰਦੇ ਹੋਏ ਬੀ ਉਪਕਾਰ ਸੇਵਾ ਵਲੋਂ ਕਦੇ ਅਵੇਸਲੇ ਨਹੀਂ ਸਨ ਹੁੰਦੇ। ਇਕ ਵੇਰ ਆਕਲਸ਼ਾਹ ਨਾਮੇ ਪਿੰਡ ਦੇ ਹਿੰਦੂ ਸਿਖਾਂ ਨੇ ਬੇਨਤੀ ਕੀਤੀ ਕਿ ਸਾਡੇ ਪਿੰਡ ਖੂਹ ਲਗਾਵਣ ਦੀ ਕ੍ਰਿਪਾਲਤਾ ਕਰੋ। ਆਕਲਸ਼ਾਹ ਪਿੰਡ ਸ਼ਾਹਪੁਰੋਂ ਕੋਹ ਕੁ ਦੀ ਵਾਟ ਤੇ ਹੈ। ਪਿੰਡ ਵਿਚ ਖੂਹ ਤਾਂ ਹੈਸੀ, ਪਰ ਮੁਸਲਮਾਨਾਂ ਦਾ ਹੋਣ ਕਰਕੇ ਕੁਛ ਤੰਗੀ ਪ੍ਰਤੀਤ ਹੁੰਦੀ ਰਹਿੰਦੀ ਸੀ। ਉਪਕਾਰ ਸਮਝਕੇ ਅਗਲੇ ਦਿਨ ਆਪ ਸਵੇਰੇ ਫਿਰਦੇ ਤੁਰਦੇ ਪਿੰਡ ਅੱਪੜ ਗਏ; ਸੰਗਤ ਇਕੱਤ੍ਰ ਹੋ ਗਈ ਤੇ ਆਪ ਦਾ ਬੜਾ ਸਨਮਾਨ ਕੀਤਾ ਗਿਆ। ਆਪ ਦੇ ਭਜਨ ਵਾਲੇ ਸਰੀਰ ਦੀ ਬਰਕਤ ਨਾਲ ਮਾਇਆ ਬੀ ਇਕੱਤ੍ਰ ਹੋ ਗਈ। ਜਦ ਭਾਈ ਸਾਹਿਬ ਖੂਹ ਦਾ ਟੱਕ ਲਗਾਵਣ ਲਈ ਤਿਆਰ ਹੋਏ ਤਾਂ ਪਿੰਡ ਦਾ ਇਕ ਨੰਬਰਦਾਰ ਆ ਗਿਆ ਤੇ ਆਖਣ ਲੱਗਾ ਕਿ ਮੈਂ ਤਾਂ ਖੂਹ ਇਥੇ ਨਹੀਂ ਲੱਗਣ ਦੇਣਾ, ਜ਼ਮੀਨਾਂ ਦੇ ਮਾਲਕ ਅਸੀਂ ਹਾਂ, ਇਨ੍ਹਾਂ ਲੋਕਾਂ ਦਾ ਕੋਈ ਹੱਕ ਨਹੀਂ ਕਿ ਖੂਹ ਲਾਉਣ।

ਭਾਈ ਸਾਹਿਬ ਜੀ ਨੇ ਕਿਹਾ, "ਭਾਈ, ਇਹ ਉਪਕਾਰ ਦਾ ਕੰਮ ਹੈ ਤੇ ਜਲ ਰੱਬੀ ਦਾਤ ਹੈ, ਭਲੇ ਕੰਮ ਵਿਚ ਰੋੜਾ ਅਟਕਾਉਣਾ ਠੀਕ ਨਹੀਂ, ਤੁਸੀਂ ਖੁਸ਼ੀ ਖੁਸ਼ੀ ਖੂਹ ਲੱਗਣ ਦਿਓ ਤੇ ਗੁਰੂ ਦੀਆਂ ਖੁਸ਼ੀਆਂ ਲਵੋ।" ਪਰ ਉਸ ਹੰਕਾਰੀ ਨੇ ਇਕ ਨਾ ਮੰਨੀ ਤੇ ਆਪਣਾ ਜ਼ੋਰ ਡਰ ਦੱਸਣ ਲਗਾ। ਤਾਂ ਸੰਤਾਂ ਨੇ ਉਚਾਰਿਆ, "ਭਾਈ! ਅਸੀਂ ਫਕੀਰ ਹਾਂ ਸਾਂਈਂ ਦੇ, ਸਾਂਈਂ ਦੇ ਰਾਹ ਦਾ ਦਰ ਨੀਵਾਂ ਹੈ, ਅਸਾਂ ਨੀਉਂ ਚੱਲਣਾ ਹੈ, ਪਰ ਏਥੇ ਨਾ ਕੇਵਲ ਖੂਹ ਲਗਣਾ ਹੈ ਸਗੋਂ ਧਰਮਸਾਲ ਬਣਨੀ ਹੈ, ਇਹ ਗਲ ਅਟੱਲ ਹੈ, ਤੂੰ ਜਾਹ ਸੋਚ ਲੈ ਤੇ ਅਟਕ ਨਾ ਪਾ। ਗੁਰੂ ਨਾਨਕ ਨੇ ਇਹ ਕਾਰਜ ਆਪ ਜ਼ਰੂਰ ਸੰਵਾਰਨਾ ਹੈ ਤੇ ਜ਼ਰੂਰ ਸੰਵਾਰਨਾ ਹੈ, ਤੂੰ ਵਿਘਨਕਾਰੀ ਨਾ ਹੋ, ਜੇ ਹੋਵੇਂਗਾ ਤਾਂ ਬੀ ਕਾਰਜ ਨਹੀਂਓਂ ਰੁਕਣਾ। ਇਹ 'ਧੰਨ ਗੁਰੂ ਨਾਨਕ' ਨੇ ਰੰਗ ਲਾਉਣਾ ਹੈ ਜ਼ਰੂਰ"। ਪਰ ਨੰਬਰਦਾਰ ਨਾ ਮੰਨਿਆ ਤੇ ਟੁਰ ਗਿਆ ਤੇ ਪਿੰਡ ਦੇ ਲੋਕ ਬੀ

ਨਿਮੋਝਾਣ ਹੋਕੇ ਰਹਿ ਗਏ।

ਸੰਤਾਂ ਦੇ ਜਾਣ ਮਗਰੋਂ ਨੰਬਰਦਾਰ ਦੇ ਪੇਟ ਵਿਚ ਸੂਲ ਹੋ ਪਿਆ। ਦਾਰੂ ਦਰਮਲ ਖਾਧੇ ਪਰ ਕੁਛ ਨਾ ਬਣਿਆ, ਸੂਲ ਪੈਰੋ ਪੈਰ ਵਧਦਾ ਗਿਆ। ਅੰਤ ਜਦ ਡਿੱਠੋਸੁ ਕਿ ਇਹ ਤਾਂ ਦੁਖ ਬਹੁਤ ਡਾਢਾ ਹੈ ਤਾਂ ਮੰਜੇ ਤੇ ਪਿਆ ਹੀ ਮੰਜਾ ਚੁਕਵਾਕੇ ਸੰਤਾਂ ਪਾਸ ਆਇਆ ਤੇ ਆਖਣ ਲਗਾ ਹੇ ਫਕੀਰ ਸਾਂਈਂ ! ਅੱਲਾ ਦੇ ਵਾਸਤੇ ਮੇਰਾ ਸੂਲ ਵੱਲ ਕਰ, ਤੂੰ ਖੂਹ ਬੀ ਲਾ ਧਰਮਸਾਲ ਬੀ ਪਾ।

ਸੰਤਾਂ ਨੂੰ ਦਇਆ ਆਈ, ਗੁਰਦਵਾਰੇ ਦੀ ਚਰਨ ਧੂੜਿ ਦਿਤੀ ਤੇ ਕਿਹਾ, 'ਇਹ ਹਈ ਦਾਰੂ ਗੁਰੂ ਨਾਨਕ ਮਿਹਰ ਕਰੇ।' ਥੋੜੇ ਚਿਰ ਵਿਚ ਦਰਦ ਦੂਰ ਹੋ ਗਿਆ ਤੇ ਨੰਬਰਦਾਰ ਪੈਰੀਂ ਪਿਆ, ਚਰਨ ਚੁੰਮਿਓਸੁ ਤੇ ਦਿਨ ਚੜ੍ਹੇ ਟਕ ਲਾਉਣ ਵਿਚ ਸਹਾਈ ਬਣਿਆ। ਟੱਕ ਲਗ ਗਿਆ, ਖੂਹ ਪੱਟਿਆ ਗਿਆ, ਖੂਹ ਬਣ ਗਿਆ, ਧਰਮਸਾਲ ਦੀ ਨੀਂਹ ਧਰੀ ਗਈ ਤੇ ਉਸਰ ਗਈ। ਭਾਈ ਸਾਹਿਬ ਹੁਣ ਪ੍ਰਲੋਕ ਵੱਸਦੇ ਹਨ, ਪਰ ਖੂਹੀ ਲਗੀ ਹੋਈ ਹੈ, ਧਰਮਸਾਲ ਬਣੀ ਹੋਈ ਹੈ ਤੇ ਦੋਵੇਂ ਸ਼ੈਆਂ ਉਨ੍ਹਾਂ ਦੇ ਸੁਹਣੇ ਤੇ ਪਵਿਤ੍ਰ ਹਥਾਂ ਦੀ ਯਾਦਗਾਰ ਸਹੀ ਸਲਾਮਤ ਕਾਇਮ ਹਨ ਤੇ ਪ੍ਰਾਣੀ ਮਾਤ੍ਰ ਨੂੰ ਸੁਖ ਦੇ ਰਹੀਆਂ ਹਨ।

ਇਸ ਪ੍ਰਸੰਗ ਵਿਚੋਂ ਇਹ ਗਲ ਸਮਝ ਲੈਣ ਵਾਲੀ ਹੈ ਕਿ ਭਾਈ ਸਾਹਿਬ ਜੀ ਦੇ ਨਿਰਮਲ ਹਿਰਦੇ ਨੇ ਨੰਬਰਦਾਰ ਦਾ ਬੁਰਾ ਨਹੀਂ ਚਿਤਵਿਆ ਸੀ, ਆਪ ਦੇ ਉਨਮਨੀ ਅਵਸਥਾ ਵਾਲੇ ਮਨ ਦੀ ਟੇਕ ਗੁਰੂ ਪਰ ਅਹਿੱਲ ਸੀ ਕਿ ਉਹ ਜ਼ਰੂਰ ਕਾਰਜ ਰਾਸ ਕਰੇਗਾ। ਨੰਬਰਦਾਰ ਨੂੰ ਪੀੜਾ ਉਸ ਦੇ ਮੰਦੇ ਕਰਮਾਂ ਦਾ ਫਲ ਸੀ—"ਮੰਦੇ ਅਮਲ ਕਰੇਦਿਆ ਏਹ ਸਜਾਇ ਤਿਨਾਹ।" ਨਾ ਭਾਈ ਸਾਹਿਬ ਕਰਾਮਾਤ ਦੱਸਣ ਦਾ ਗੁਰ ਸਿੱਖੀ ਅਸੂਲ ਮੂਜਬ ਸ਼ੌਂਕ ਰਖਦੇ ਸਨ ਨਾ ਦਮ ਮਾਰਦੇ ਸਨ, ਪਰ 'ਅਚਿੰਤ ਕੰਮ ਕਰਹਿ ਪ੍ਰਭ ਤਿਨ ਕੇ ਜਿਨ ਹਰਿ ਕਾ ਨਾਮੁ ਪਿਆਰਾ' ਦੇ ਅਸੂਲ ਮੂਜਬ ਉਹਨਾਂ ਦੇ ਨਿਰਵੈਰ ਹਿਰਦੇ ਦੇ ਪਰਉਪਕਾਰ ਦੇ ਕਾਰਜ ਕਰਤਾਰੋਂ ਸੰਵਰਦੇ ਸਨ।

੪.

ਇਸੀ ਤਰ੍ਹਾਂ ਇਕ ਦਿਨ ਇਕ ਤਸੀਲਦਾਰ ਧਰਮਸਾਲੋਂ ਲੰਘਿਆ ਤਾਂ ਉਸ ਨੇ ਡਿੱਠਾ ਕਿ ਧਰਮਸਾਲ ਦੇ ਬਾਹਰ ਡੰਗਰਾਂ ਦੇ ਪਾਣੀ ਪੀਣ ਦਾ ਚੁਬੱਚਾ ਕੱਚਾ ਹੈ ਜਿਸ ਵਿਚੋਂ ਕਦੇ ਪਾਣੀ ਬਾਹਰ ਨਿਕਲ ਜਾ ਕੇ ਚਿਕੜ ਹੋ ਜਾਂਦਾ ਹੈ। ਇਹ ਵੇਖਕੇ ਆਪ ਨੇ ਪੁੱਛਿਆ ਕਿ ਇਹ ਕੀ ਥਾਂ ਹੈ ? ਕਿਸੇ ਕਿਹਾ- ਧਰਮਸਾਲ ਹੈ। ਕਹਿਣ ਲਗਾ ਧਰਮਸਾਲ ਉਪਰ ਪੰਜ ਰੁਪਏ ਜੁਰਮਾਨਾਂ ਕਰਦਾ ਹਾਂ। ਅਗੋਂ ਨੂੰ ਚੁਬੱਚਾ ਪੱਕਾ ਬਣਾਓ। ਇਹ ਸੱਜਣ ਸਿੱਖ ਸੀ,ਪਿਛਲੇ ਪਿੰਡਾਂ ਵਿਚ ਇਸੇ ਤਰ੍ਹਾਂ ਸਫਾਈ ਦੇ ਕਾਰਨ ਲੋਕਾਂ ਨੂੰ ਸਮਝਾਉਂਦਾ ਧਮਕਾਉਂਦਾ ਤੇ ਯੋਗ ਜੁਰਮਾਨੇ ਕਰਦਾ ਆ ਰਿਹਾ ਸੀ। ਇਥੇ ਬੀ ਚਿੱਕੜ ਦੇਖਕੇ ਤੇ ਇਸ ਖਿਆਲ ਤੇ ਕਿ ਕੋਈ ਇਹ ਨਾ ਸਮਝੇ ਕਿ ਮੈਂ ਇਕ ਸਿਖ ਸਾਧੂ ਦੀ ਰਿਐਤ ਕੀਤੀ ਹੈ, ਜੁਰਮਾਨਾ ਕਰ ਦਿੱਤਾ। ਥੋੜ੍ਹੀ ਦੇਰ ਬਾਦ ਚਪੜਾਸੀ ਜੁਰਮਾਨਾ ਲੈਣ ਆ ਗਿਆ ਤਾਂ ਭਾਈ ਲੁੜੀਂਦੇ ਰਾਮ ਨੇ ਸੰਤਾ ਨੂੰ ਜਾ ਦੱਸਿਆ: 'ਸਾਹਿਬ ਜੀ ਤਸੀਲਦਾਰ ਧਰਮਸਾਲ ਉਪਰ ਪੰਜ ਰੁਪਏ ਚੱਟੀ ਲਾ ਗਿਆ ਹੈ ਤੇ ਹੁਕਮ ਦੇ ਗਿਆ ਹੈ ਕਿ ਚੁਬੱਚਾ ਪੱਕਾ ਕਰੋ ਤੇ ਚਪੜਾਸੀ ਰੁਪਏ ਲੈਣ ਲਈ ਆਇਆ ਹੈ।' ਭਾਈ ਸਾਹਿਬ ਸੁਣਕੇ ਬੋਲੇ 'ਧਰਮਸਾਲਾ ਉਪਰ ਚੱਟੀ ! ਇਹ ਚੱਟੀ ਅਸਾਂ ਉਪਰ ਹੋਸੀ। ਹੈਂ! ਹਛਾ ਭਾਈ ਦਿਓ ਪੰਜ ਰੁਪਏ'। ਫੇਰ 'ਧੰਨ ਬਾਬਾ ਨਾਨਕ' 'ਧੰਨ ਬਾਬਾ ਨਾਨਕ' ਕਹਿੰਦੇ ਆਪ ਅੰਦਰ ਚਲੇ ਗਏ। ਭਾਈ ਲੁੜੀਂਦੇ ਰਾਮ ਨੇ ਪੰਜ ਰੁਪਏ ਦੇਕੇ ਚਪੜਾਸੀ ਟੋਰ ਦਿਤਾ।

ਹੁਣ ਭਾਣਾ ਕਰਤਾਰ ਦਾ ਇਹ ਵਰਤਿਆ ਕਿ ਤਸੀਲਦਾਰ ਨਾਲੇ ਦੇ ਪੁਲ ਕੋਲ ਘੋੜੇ ਤੋਂ ਡਿਗਕੇ ਟੋਏ ਵਿਚ ਜਾ ਪਿਆ ਤੇ ਗੋਡੇ ਦੀ ਛੂਣੀ ਦੀ ਹੱਡੀ ਜ਼ਰਬ ਖਾ ਗਈ, ਬੁਰੇ ਹਾਲ ਡੇਰੇ ਅੱਪੜਿਆ। ਜਿਹੜੇ ਲੋਕ ਦੇਖਣ ਗਏ ਸਭ ਨੇ ਆਖਿਆ ਕਿ ਆਪ ਨੇ ਗੁਰਦਵਾਰੇ ਦੀ ਬੇਅਦਬੀ ਕੀਤੀ ਹੈ ਤਾਂ ਆਪ ਨੂੰ ਇਹ ਸੱਟ ਲੱਗੀ ਹੈ। ਭਾਈ ਸਾਹਿਬ ਤਾਂ ਸਰਾਪ ਦੇਣ ਵਾਲੇ ਨਹੀਂ, ਪਰ ਗੁਰਦਵਾਰੇ ਦੀ ਬੇਅਦਬੀ

ਦੇ ਵਾਕ ਸੁਣਕੇ ਆਪ ਦੇ ਚਿਤ ਨੇ ਜ਼ਰੂਰ ਦੁੱਖ ਮੰਨਿਆ ਹੋਊ, ਕਿਉਂ ਜੋ ਆਪ ਡਾਢੇ ਗੁਰੂ ਪ੍ਰੇਮੀ ਹਨ, ਕਰਨੀ ਵਾਲੇ ਤੇ ਕਣੀ ਵਾਲੇ ਮਹਾਂ ਪੁਰਖ ਹਨ। ਤਸੀਲਦਾਰ ਨੂੰ ਬੀ ਇਹ ਗਲ ਦਿਲ ਲੱਗੀ। ਫਿਰ ਆਪਣੇ ਆਪ ਨੂੰ ਕਿਸੇ ਤੋਂ ਚੁਕਵਾਕੇ ਧਰਮਸਾਲੇ ਹਾਜ਼ਰ ਹੋਇਆ; ਪਤਾਸੇ ਪ੍ਰਸ਼ਾਦਿ ੧੦) ਅਰਦਾਸ ਲਿਆਇਆ ਤੇ ਗੁਰੂ ਹਜ਼ੂਰ ਤਨਖਾਹ ਮੰਨੀ। ਤਦ ਸੰਤ ਰਾਮ ਕਿਸ਼ਨ ਜੀ ਨੇ ਅਰਦਾਸਾ ਸੋਧਿਆ ਤੇ ਗੁਰੂ ਕੇ ਹਜ਼ੂਰੋਂ ਬਖਸ਼ਵਾਇਆ। ਤਸੀਲਦਾਰ ਕੁਛ ਚਿਰ ਬਾਦ ਰਾਜ਼ੀ ਹੋ ਗਿਆ, ਚੁਬੱਚਾ ਉਸ ਨੇ ਸੱਚੇ ਗੁਰ ਸਿਖ ਵਾਂਙੂ ਆਪਣੇ ਖਰਚ ਤੇ ਪੱਕਾ ਕਰਵਾ ਦਿਤਾ ਤੇ ਜਿੰਨਾ ਚਿਰ ਸ਼ਾਹ ਪੁਰ ਰਿਹਾ ਹਰ ਸ਼ੁਕਰਵਾਰ ਪ੍ਰਸ਼ਾਦ ਲੈਕੇ ਗੁਰਦੁਆਰੇ ਹਾਜ਼ਰ ਹੁੰਦਾ ਤੇ ਕੀਰਤਨ ਸੁਣਦਾ ਰਿਹਾ। ਆਪ ਦਾ ਨਾਮ ਹਰੀ ਸਿੰਘ ਸੀ।

੫.

ਗਰਮੀ ਜ਼ੋਰਾਂ ਦੀ ਸੀ, ਅਜੇ ਮੈਦਾਨਾਂ ਵਿਚ ਮੀਂਹ ਨਹੀਂ ਸਨ ਪਏ ਕਿ ਪਹਾੜਾਂ ਵਿਚ ਕੜ ਪਾਟਵੇਂ ਮੀਂਹ ਵੱਸੇ। ਬੱਦਲਾਂ ਦੀ ਘਨਘੋਰ ਹੇਠਾਂ ਨੂੰ ਬੀ ਆਈ, ਪਰ ਮੈਦਾਨਾਂ ਵਿਚ ਅਜੇ ਏਹ ਵੱਸੇ ਨਹੀਂ ਸੇ ਕਿ ਪੰਜਾਬ ਦੇ ਦਰਯਾ ਚੜ੍ਹ ਗਏ। ਹੁਣ ਏਥੇ ਬੀ ਬਰਸਾਤ ਸ਼ੁਰੂ ਹੋ ਗਈ। ਜੇਹਲਮ ਦਰਯਾ ਆਪਣੇ ਵਿਚ ਕਸ਼ਮੀਰ ਦਾ ਪਾਣੀ, ਇਸ ਦੇ ਪਿਛਲੇ ਤੇ ਉਦਾਲੇ ਤੇ ਦੂਰ ਦੂਰ ਦੇ ਪਰਬਤਾਂ ਦਾ ਪਾਣੀ ਡਲ੍ਹ ਤੇ ਵੂਲਰ ਦੇ ਉਛਾਲੇ ਦਾ ਪਾਣੀ, ਕ੍ਰਿਸ਼ਨ ਗੰਗਾ ਤੇ ਕਾਗਾਨ ਨਦੀਆਂ ਤੇ ਅਨੇਕਾਂ ਪਰਬਤਾਂ ਦਾ ਪਾਣੀ ਲੈਕੇ ਵਹਿੰਦਾ ਚੜ੍ਹ ਪਿਆ ਤੇ ਰੁਖ਼ ਸ਼ਾਹ-ਪੁਰ ਸ਼ਹਿਰ ਨੂੰ ਢਾਹ ਲਾਣ ਵਲ ਹੋ ਪਿਆ। ਆਖਦੇ ਹਨ ਕਿ ਐਸੀ ਢਾਹ ਸੀ ਕਿ ਟਿੱਬੇ ਟਿੱਬੇ ਜਿੱਡੀ ਚਿੱਲ ਕੰਢਿਓਂ ਛੁਟ ਕੇ ਗੜੇਂ ਗੜੇਂ ਕਰਦੀ ਪਰਵਾਹ ਵਿਚ ਪੈਂਦੀ ਸੀ। ਸ਼ਹਿਰ ਦੇ ਲੋਕੀਂ ਭੈਭੀਤ ਹੋ ਗਏ। ਬਹੁਤ ਸਲਾਹ ਮਸ਼ਵਰੇ ਮਗਰੋਂ ਸਾਰੇ ਸ੍ਰੀ ਸੰਤ ਜੀ ਪਾਸ ਆਏ। ਜਿਸ ਸਜਣ ਤੋਂ ਅਸਾਂ ਹਾਲ ਸੁਣਿਆਂ ਸੀ ਉਹ ਦੱਸਦੇ ਸਨ ਕਿ ਦਰਯਾ ਦੇ ਚੜ੍ਹਨ ਤੇ ਢਾਹ ਲਾਉਣ ਦਾ ਹਾਲ ਸੁਣਕੇ ਭਾਈ ਰਾਮ ਕਿਸ਼ਨ ਜੀ,

ਜੋ ਆਪਣੇ 'ਧੰਨ ਗੁਰੂ ਨਾਨਕ' ਦੀ ਧੁਨਿ ਵਿਚ ਮਗਨ ਬੈਠੇ ਸੇ, ਬੋਲੇ:–

'ਜਿਧਰਿ ਰਬ ਰਜਾਇ ਵਹਣੁ ਤਿਦਾਊ ਗੰਉ ਕਰੇ ॥'

ਤੇ ਆਪਣੇ ਅੰਤਰ ਮੁਖ ਰੰਗ ਵਿਚ ਫਿਰ ਮਗਨ ਹੋ ਗਏ। ਫਿਰ ਕੋਈ ਪ੍ਰੇਮੀ ਸੱਜਣ ਬੋਲੇ: ਮਹਾਰਾਜ ! ਦਰਯਾ ਦਾ ਰੁਖ਼ ਸ਼ਹਿਰ ਬੰਨੇ ਹੈ, ਗੁਰੂ ਕੇ ਸਿਖਾਂ ਦੇ ਤੇ ਸ੍ਰਿਸ਼ਟੀ ਦੇ ਘਰ ਹਨ, ਬਾਲ ਬੱਚੇ ਹਨ, ਸਾਰੀ ਸ੍ਰਿਸ਼ਟੀ ਨੂੰ ਕਸ਼ਟ ਹੋਵੇਗਾ। ਆਪ ਸੁਣਦੇ ਰਹੇ। ਫਿਰ ਪ੍ਰੇਮੀ ਬੋਲੇ–ਸਚੇ ਪਾਤਸ਼ਾਹ ਗੁਰੂ ਗ੍ਰੰਥ ਸਾਹਿਬ ਜੀ ਦਾ ਗੁਰਦੁਆਰਾ ਸ਼ਹਿਰ ਵਿਚ ਹੈ, ਦਰਿਆ ਦਾ ਰੁਖ਼ ਏਧਰ ਨੂੰ ਹੈ, ਪਾਤਸ਼ਾਹ ! ਕੋਈ ਮਿਹਰ ਕਰੋ ? ਤਾਂ ਆਪ ਬੋਲੇ 'ਤਉ ਭੀ ਲੇਖਾ ਦੇਵਣਾ, ਤਉ ਭੀ ਲੇਖਾ ਦੇਵਣਾ, ਕੰਧੀ ਵਹਣ ਨ ਢਾਹਿ, ਕੰਧੀ ਵਹਣ ਨ ਢਾਹਿ। ਸਾਧ ਸੰਗਤ ਜੀ ! ਪ੍ਰਸ਼ਾਦ ਤਿਆਰ ਕਰੋ। ਚਲੋ ਗੁਰੂ ਚਰਨਾਂ ਵਿਚ ਅਰਦਾਸ ਕਰੀਏ। ਜਿਵੇਂ ਰਜ਼ਾ, ਰਜ਼ਾ, ਰਜ਼ਾ ! ਧੰਨ ਗੁਰੂ ਨਾਨਕ ਤੇਰੀ ਰਜ਼ਾ।'

ਪ੍ਰਸ਼ਾਦ ਤਿਆਰ ਹੋ ਗਿਆ, ਆਪ ਕੀਰਤਨ ਕਰਦੇ ਉੱਠਕੇ ਟੁਰ ਪਏ, ਮਗਰੇ ਸੰਗਤ ਟੁਰ ਪਈ, ਸ਼ਹਿਰ ਦੇ ਲਹਿੰਦੇ ਪਾਸੇ ਟੁਰੀ ਗਏ। ਸ਼ਬਦਾਂ ਦੀ ਘਨਘੋਰ ਲੱਗ ਰਹੀ ਸੀ, ਮਾਨੋਂ ਧਰਤੀ ਤੇ ਅਰਸ਼ਾਂ ਦੀ ਧੁਨਿ ਵਜ ਰਹੀ ਸੀ। ਇਕ ਬੋੜ੍ਹ ਆ ਗਿਆ, ਪਾਸ ਹੀ ਦਰਿਯਾ ਢਾ ਲਾ ਰਿਹਾ ਸੀ। ਇੱਥੇ ਆਪ ਖੜੋ ਗਏ, ਹੱਥ ਜੋੜ ਲਏ, ਗਲ ਪੱਲਾ ਪਾ ਲਿਆ, ਪਵਿਤ੍ਰ ਮੁਖੜੇ ਨੇ ਪਵਿਤ੍ਰ ਦਸਾਂ ਗੁਰਾਂ ਦੇ ਨਾਮ ਲਏ, ਵਾਹਿਗੁਰੂ ਦੀ ਧੁਨਿ ਗੂੰਜੀ, ਸਾਰਾ ਅਰਦਾਸਾ ਸੋਧਿਆ। ਫਿਰ ਨੈਣ ਖੁਹਲੇ, ਬੁੱਕ ਭਰਕੇ ਪ੍ਰਸ਼ਾਦਿ ਦਾ ਦਰਯਾ ਵਿਚ ਵਗਾਹਿਆ ਤੇ ਭਰਵੀਂ ਆਵਾਜ਼ ਵਿਚ ਕਿਹਾ 'ਖਾਹ ਗੁਰੂ ਕਾ ਪ੍ਰਸ਼ਾਦਿ ਦਰਿਆਵਾ ! ਦੂਰ ਜਾ ਵੱਗ: ਦੂਰ ਜਾ ਵੱਗ, ਸ਼ਹਿਰ ਦੀ ਢਾਹ ਛੋੜ ਦੇ, ਦੂਰ ਜਾ ਵੱਗ।' ਇਹ ਫਕੀਰੀ ਸੱਦ ਦੇਕੇ ਪ੍ਰਸ਼ਾਦ ਵਰਤਾਇਆ ਤੇ ਵਾਹਿਗੁਰੂ ਜੀ ਦਾ ਕੀਰਤਨ ਕਰਦੇ ਡੇਰੇ ਆ ਗਏ। ਦੇਖਣ ਵਾਲੇ ਦੱਸਦੇ ਹਨ ਕਿ ਜਿਸ ਥਾਂ ਨੇ ਢਿੱਲਾਂ ਉਸ ਵੇਲੇ ਛਡੀਆਂ ਸੋ ਢੱਠੀਆਂ, ਮੁੜ ਕੋਈ ਕੜਾੜ ਨਹੀਂ ਡਿੱਗਾ। ਰਾਤ ਸਾਰੇ ਸੌਂ ਰਹੇ ਜਾਂ ਸਵੇਰੇ ਜਾ ਕੇ ਡਿੱਠਾ ਤਾਂ ਦਰਿਯਾ ਮੀਲ ਤੋਂ ਵਧੇਰੇ ਦੀ

ਵਿਥ ਕਰ ਗਿਆ ਸੀ। ਹਿੰਦੂ ਮੁਸਲਮਾਨ ਸਿਖ ਸਾਰੇ ਹੈਰਾਨ ਤੇ ਮਿੱਠੇ ਭੈ ਵਿਚ ਆ ਕੇ ਬੇਵਸੇ ਕਹਿ ਰਹੇ ਸਨ 'ਧੰਨ ਭਾਈ ਰਾਮ ਕਿਸ਼ਨ'; ਪਰ ਜੇ ਡੇਰੇ ਜਾਕੇ ਵੇਖੋ ਤਾਂ ਕੀਹ ਨਜ਼ਾਰਾ ਸੀ, ਭਾਈ ਸਾਹਿਬ ਆਪਣੀ 'ਧੰਨ ਗੁਰੂ ਨਾਨਕ' ਦੀ ਧੁਨਿ ਵਿਚ ਮਸਤ ਸਨ। ਭਾਈ ਹੀਰਾ ਸਿੰਘ ਜੀ, ਆਪਦੇ ਤੀਸਰੇ ਥਾਂ ਜੋ ਮਹੰਤ ਹਨ, ਦੱਸਦੇ ਹਨ ਕਿ ਆਪ ਤਦੋਂ ਕਈ ਦਿਨ ਇਸ 'ਧੰਨ ਗੁਰੂ ਨਾਨਕ' ਦੀ ਸਮਾਧੀ ਵਿਚ ਮਗਨ ਰਹੇ। ਇਸ ਉਪਰਲੇ ਪ੍ਰਸੰਗ ਦੀ ਤਸਦੀਕ ਸਚਖੰਡ ਵਾਸੀ ਭਾਈ ਹੀਰਾ ਸਿੰਘ ਜੀ ਰਾਗੀ ਬੀ ਕਰਦੇ ਹੁੰਦੇ ਸਨ। ਭਾਈ ਹੀਰਾ ਸਿੰਘ ਜੀ ਰਾਗੀ ਨੇ ਤਾਂ ਇਹ ਵਾਕਿਆ ਕਈ ਵੇਰ ਕੀਰਤਨਾਂ ਵਿਚ ਭੀ ਸੁਣਾਇਆ ਸੀ।

ਗੁਰਵਾਕ ਹੈ-

ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ ॥
ਨਾਨਕ ਜੋਰੁ ਗੋਵਿੰਦ ਕਾ ਪੂਰਨ ਗੁਣਤਾਸਿ ॥

ਆਪ ਲਗਦੇ ਚਾਰੇ ਕੁਦਰਤ ਦੇ ਕੰਮਾਂ ਵਿਚ ਦਖਲ ਨਾ ਦੇਂਦੇ, ਕਰਾਮਾਤ ਨੂੰ ਕਹਿਰ ਜਾਣਦੇ ਤੇ ਕਦੇ ਆਪਣੀ ਸਤਯਾ ਦਾ ਦਮ ਨਾ ਮਾਰਦੇ। ਸੇਵਾ,ਭਾਉ ਭਗਤੀ, ਉਪਕਾਰ ਤੇ ਨਾਮ ਸਿਮਰਨ ਦਾ ਜੀਵਨ ਹੀ ਆਪਣੇ ਜੀਵਨ ਦਾ ਪ੍ਰਯੋਜਨ ਜਾਣਦੇ ਸੀ, ਪਰ ਅਕਸਮਾਤ ਕਦੇ ਆਪ ਦੇ ਦਿਲ ਤੇ ਕੋਈ ਜਗਤ-ਪੀੜਾ ਅਸਰ ਕਰ ਜਾਂਦੀ ਤਾਂ ਉਸ ਵੇਲੇ ਕਦੇ ਕੀਰਤਨ ਕਰਦੇ ਹੋਏ ਅਰਦਾਸ ਵਿਚ ਚਲੇ ਜਾਂਦੇ; ਫਿਰ ਉਸ ਤੋਂ ਮਗਰੋਂ ਉਥੋਂ ਟੁਰ ਜਾਂਦੇ ਜਾਂ ਕਈ ਦਿਨ ਆਪਣੇ 'ਧੰਨ ਗੁਰ ਨਾਨਕ' ਦੀ ਸਮਾਧੀ ਵਿਚ ਮਗਨ ਹੋ ਜਾਂਦੇ।

ਜਿਨ੍ਹਾਂ ਸੱਜਣਾਂ ਨੇ ਸ੍ਰੀ ਦਰਬਾਰ ਸਾਹਿਬ ਕਦੇ ਆਪ ਦੇ ਯਾਤ੍ਰਾ ਕਰਦਿਆਂ ਦਰਸ਼ਨ ਕੀਤੇ ਹਨ, ਉਨ੍ਹਾਂ ਨੇ ਡਿੱਠਾ ਹੈ ਕਿ ਪਰਕਰਮਾਂ ਵਿਚ ਕੈਂਸੀਆਂ ਦੀ ਮਿੱਠੀ ਮਿੱਠੀ ਝੁਨਕਾਰ ਹੋ ਰਹੀ ਹੈ, ਦਸ ਵੀਹ ਸੱਜਣ ਨਾਲ ਹਨ ਤੇ 'ਧੰਨ ਗੁਰੂ ਨਾਨਕ' ਦੀ ਧੁਨਿ ਲਗ ਰਹੀ ਹੈ।

੬.

ਇਕ ਵੇਰੀ ਆਪ ਊਨੇ ਸਾਹਿਬ ਨੂੰ ਗਏ ਤਾਂ ਰਸਤੇ ਵਿਚ 'ਲਿੱਲਾ'

ਨਾਮੇ ਗਿਰਾਂ ਆਇਆ, ਆਪ ਦਿਨ ਕੱਟਣ ਲਈ ਉੱਥੇ ਠਹਿਰੇ ਤੇ ਧਰਮਸਾਲੇ ਡੇਰਾ ਕੀਤਾ। ਸੁਣਕੇ ਸੰਗਤਾਂ ਆ ਜੁੜੀਆਂ, ਕੀਰਤਨ ਸ਼ੁਰੂ ਹੋ ਗਿਆ,ਜਦ ਭੋਗ ਪਿਆ ਤਾਂ ਸੰਗਤਾਂ ਨੇ ਕਿਹਾ'ਸੰਤ ਜੀ ! ਡਾਢੀ ਔੜ ਲਗ ਰਹੀ ਹੈ; ਮੀਂਹ ਨਹੀਂ ਪਿਆ, ਗਰਮੀ ਕਹਿਰਾਂ ਦੀ ਹੈ, ਮਨੁੱਖ ਤਾਂ ਦੁਖੀ ਹਨ ਹੀ ਜੀਵ ਜੰਤੂ ਬੀ ਬਹੁੰ ਦੁਖਾਰੇ ਹਨ। ਸਭ ਪਰਜਾ ਡੋਲ ਖਲੋਤੀ ਤੇ ਤ੍ਰਾਹ ਤ੍ਰਾਹ ਕਰਦੀ ਹੈ, ਸਿਵਾਏ ਸਾਂਈਂ ਦੀ ਮਿਹਰ ਦੇ ਕੋਈ ਆਸਰਾ ਨਹੀਂ। ਸੁਣਕੇ ਸੰਤਾਂ ਨੇ ਕਿਹਾ ਕਿ 'ਮੈਂ ਗੁਰੂ ਕਾ ਟਹਿਲੂਆ ਗ਼ਰੀਬ ਕਿਸ ਤਰ੍ਹਾਂ ਮੀਂਹ ਵਸਾ ਸਕਦਾ ਹਾਂ ? ਤੁਸੀਂ ਸਾਰੇ ਹਿੰਦੂ ਮੁਸਲਮਾਨ ਰਬ ਅਗੇ ਅਰਦਾਸਾ ਕਰੋ ਤੇ ਦੁਆ ਮੰਗੋ।' ਉਨ੍ਹਾਂ ਕਿਹਾ, 'ਜੀ ! ਅਸੀਂ ਸਭ ਅਰਜ਼ੋਈਆਂ ਕਰਦੇ ਹਾਂ, ਪਰ ਜੀਓ ਜੀ, ਜੇ ਆਪ ਬੀ ਕਰਤਾ ਪੁਰਖ ਅਗੇ ਅਰਦਾਸਾ ਕਰੋ ਤਾਂ ਸ੍ਰਿਸ਼ਟੀ ਵੱਸ ਪਵੇ, ਔੜ ਦੂਰ ਹੋਵੇ।' ਭਾਈ ਸਾਹਿਬ ਪਰਜਾ ਤੇ ਜੀਆ ਜੰਤੂ ਦੇ ਦੁੱਖ ਸੁਣ ਕੇ ਪਸੀਜ ਪਏ ਤੇ ਤਰਸ ਭਰੇ ਦਿਲ ਨਾਲ ਕੋਠੇ ਤੇ ਚੜ੍ਹ ਗਏ। ਕਹਿਰ ਦੀ ਧੁੱਪ ਪੈ ਰਹੀ ਸੀ। ਛੱਤ ਸਖਤ ਤਪ ਰਹੀ ਸੀ, ਖੜੋਕੇ ਕੀਰਤਨ ਕਰਨ ਲੱਗ ਪਏ। ਪੈਰ ਸੜਨ ਦੀ ਪਰਵਾਹ ਨਹੀਂ, ਉਤੋਂ ਧੁੱਪ ਨਾਲ ਸਿਰ ਸਰੀਰ ਤਪਣ ਦੀ ਪਰਵਾਹ ਨਹੀਂ। ਜਿਉਂ ਕੀਰਤਨ ਕਰਨ ਲਗੇ ਹਨ ਕਿ ਕੀਰਤਨ ਵਿਚ ਮਾਨੋਂ ਕੀਰਤਨ ਦਾ ਰੂਪ ਹੀ ਹੋ ਗਏ। ਫਿਰ ਉਸੇ ਤੱਤੀ ਥਾਂ ਤੇ ਬੈਠ ਗਏ, ਬੈਠੇ ਕੀਰਤਨ ਕਰ ਰਹੇ ਹਨ। ਕਿੰਨਾ ਚਿਰ ਲੰਘ ਗਿਆ,ਆਪ ਕੀਰਤਨ ਕਰਦੇ ਰਹੇ। ਪਸੀਨਾ ਚੋ ਰਿਹਾ ਹੈ, ਨੈਣ ਬੰਦ ਹਨ,ਵਾਹਿਗੁਰੂ ਦੇ ਜਸ ਤੇ ਮਹਿਮਾਂ ਦੇ ਸ਼ਬਦ, ਸ਼ਬਦ ਬਾਅਦ ਸ਼ਬਦ ਗਾਵੇਂ ਜਾ ਰਹੇ ਹਨ, ਆਪ ਗਾਂਦੇ ਰਹੇ, ਸ਼ਬਦਾਂ ਦੀ ਘਨਘੋਰ ਲਗ ਰਹੀ ਸੀ ਕਿ ਅਚਾਨਕ ਅਸਮਾਨਾਂ ਤੇ ਬੱਦਲਾਂ ਦੀ ਘਨਘੋਰ ਲਗ ਪਈ। ਆਪ ਕੀਰਤਨ ਕਰਦੇ ਬੈਠੇ ਹਨ ਕਿ ਮੀਂਹ ਲਹਿ ਪਿਆ, ਜਲ ਥਲ ਹੋ ਗਿਆ। ਚੰਗਾ ਰੱਜਵਾਂ ਮੀਂਹ ਪੈ ਕੇ ਜਦ ਬੱਦਲ ਥੰਮ੍ਹੇ ਤਾਂ ਭਾਈ ਜੀ ਦੇ ਨੈਣ ਖੁੱਲ੍ਹੇ, ਗਲਾ ਥੰਮਿਆ ਤੇ ਆਪ ਹੇਠਾਂ ਉਤਰੇ; 'ਧੰਨ ਗੁਰ ਨਾਨਕ, ਧੰਨ ਗੁਰ ਨਾਨਕ' ਦੀ ਧੁਨਿ ਧਰਮ-

ਸ਼ਾਲ ਵਿਚ ਭਰ ਗਈ। ਸੰਗਤ ਨੂੰ ਉਪਦੇਸ ਹੋਇਆ :–

ਕਿਆ ਉਠਿ ਉਠਿ ਦੇਖਹੁ ਬਪੁੜੇ ਇਸੁ ਮੇਘੈ ਹਥਿ ਕਿਛੁ ਨਾਹਿ ॥
ਜਿਨਿ ਏਹੁ ਮੇਘੁ ਪਠਾਇਆ ਤਿਸੁ ਰਾਖਹੁ ਮਨ ਮਾਂਹਿ ॥
[ਮਲਾਰ ਵਾਰ ਮ: ੩

ਫਿਰ ਆਪ ਨੇ ਧਰਮਸਾਲ ਦੇ ਵਿਹੜੇ ਵਿਚ ਖੂਹੇ ਦਾ ਟੱਕ ਲਾ ਕੇ ਆਗਜਾ ਕੀਤੀ ਕਿ ਇਹ ਖੂਹ ਪੁੱਟ ਕੇ ਸਿਰੇ ਚਾੜ੍ਹੋ। ਸੋ ਭਾਈ ਜੀ ਦੇ ਕਰ ਕਮਲਾਂ ਦੀ ਯਾਦਗਾਰ ਹੁਣ ਤਕ ਹੈ। ਭਾਈ ਜੀ ਇਹ ਕੰਮ ਕਰਦੇ ਫਿਰ ਉਸ ਪਿੰਡ ਠਹਿਰੇ ਨਹੀਂ ਵਗੋ ਵਗੀ ਅੱਗੇ ਟੁਰ ਪਏ ਤੇ ਕਈ ਦਿਨ ਆਪਣੇ ਰੰਗ ਮਗਨ ਰਹੇ : 'ਧੰਨ ਗੁਰ ਨਾਨਕ' ਆਪ ਦੀ ਸਮਾਧੀ ਸੀ। ਕੋਈ ਅਜਿਹੀ ਗਲ ਆਪ ਕਰ ਲੈਂਦੇ ਤਾਂ ਫਿਰ ਕਿੰਨਾਂ ਕਿੰਨਾਂ ਚਿਰ ਆਪਣੀ ਇਸ ਸਮਾਧੀ, ਇਸ ਧੁਨਿ, ਇਸ ਰੰਗ ਵਿਚ ਮਗਨ ਹੋ ਜਾਂਦੇ।

੭. ਗਰੀਬਾਂ ਪਰ ਤਰਸ–

ਸਾਡੇ ਦੇਸ਼ ਵਿਚ ਮਹਾਂ ਪੁਰਖਾਂ ਦੇ ਹਾਲਾਤ ਲੱਭਣ ਲੱਗਿਆਂ ਉਨ੍ਹਾਂ ਦੇ ਓਹ ਕ੍ਰਿਸ਼ਮੇ, ਜਿਨ੍ਹਾਂ ਵਿਚ ਰੰਗ ਕਰਾਮਾਤ ਦਾ ਹੋਵੇ, ਉਹ ਤਾਂ ਲੋਕੀ ਯਾਦ ਰਖ ਲੈਂਦੇ ਹਨ, ਪਰ ਉਨ੍ਹਾਂ ਦੇ ਗੁਣ ਸੁਭਾਵ, ਆਚਰਨ ਉਪਦੇਸ਼ ਸੁੰਦਰ ਕਹਾਣੀਆਂ ਆਦਿਕ ਲੋਕ ਯਾਦ ਨਹੀਂ ਰਖਦੇ, ਇਸ ਕਰਕੇ ਉਨ੍ਹਾਂ ਦੇ ਪਤੇ ਮਿਲਣੇ ਕਠਨ ਹੋ ਜਾਂਦੇ ਹਨ। ਇਸ ਕਰਕੇ ਉਨ੍ਹਾਂ ਦੇ ਜੀਵਨਾਂ ਪਰ ਹਰ ਪਹਿਲੂ ਤੋਂ ਸਵਿਸਥਾਰ ਰੌਸ਼ਨੀ ਮਿਲਣੀ ਔਖੀ ਹੋ ਜਾਂਦੀ ਹੈ ; ਸੰਤ ਰਾਮ ਕਿਸ਼ਨ ਜੀ ਬਾਬਤ ਜਦ ਇਹ ਟੋਲ ਕਰੀਏ ਤਾਂ ਜੋ ਕੁਛ ਮੁੱਢ ਵਿਚ ਦੇ ਆਏ ਹਾਂ ਉਸ ਤੋਂ ਵੱਧ ਇਸ ਪ੍ਰਕਾਰ ਦੇ ਪਤੇ ਚਲਦੇ ਹਨ ਕਿ ਆਪ ਨੂੰ ਗਰੀਬਾਂ ਪਰ ਅਤਿ ਦਾ ਤਰਸ ਸੀ। ਉਹ ਤਰਸ ਬਾਜ਼ੇ ਵੇਲੇ ਆਪਣੇ ਹਦ ਬੰਨੇ ਬੀ ਲੰਘ ਜਾਂਦਾ ਸੀ ਤੇ ਆਪ ਆਪਣੇ ਦਇਆ ਦੇ ਪ੍ਰਕਾਸ਼ ਵਿਚ ਅੜ ਬੀ ਖੜੋਂਦੇ ਸਨ। ਇਸ ਪ੍ਰਕਾਰ ਦੇ ਦੋ ਵਾਕੇ ਮਿਲਦੇ ਹਨ–



 www.sikhbookclub.com

੧.

'ਗਜੜਾਂ' ਨਾਮੇ ਪਿੰਡ ਦੇ ਇਕ ਜ਼ਿਮੀਦਾਰ ਨੇ ਭਾਈ ਮਤਾਬ ਸਿੰਘ ਜੀ ਦਾ ਸੌ ਰੁਪਯਾ ਦੇਣਾ ਸੀ, ਇਹ ਸਾਹਿਬ ਭਾਈ ਰਤਨ ਸਿੰਘ ਜੀ ਦੇ ਦਾਦਾ ਜੀ ਸਨ। ਆਪ ਸਰਦੇ ਪੁਜਦੇ ਵਾਲੇ ਸ਼ਾਹੂਕਾਰ ਸਨ। ਜ਼ਿਮੀਂਦਾਰ ਕੰਗਾਲ ਹੋ ਗਿਆ ਸੀ ਤੇ ਉਸ ਪਾਸ ਕਰਜ਼ਾ ਉਤਾਰਨ ਲਈ ਕੁਛ ਨਹੀਂ ਸੀ। ਨਾਦਾਰੀ ਤੇ ਕੰਗਾਲਤਾਈ ਦੇ ਦੁਖ ਨੂੰ ਸਮਝ ਸਕਣਾ ਖਰਾ ਕਠਨ ਹੈ। ਜਿਸ ਵੇਲੇ ਪਾਸ ਨਹੀਂ ਹੁੰਦਾ ਤੇ ਮੁਸ਼ਕਲਾਂ ਆਕੇ ਮੂੰਹ ਪਾੜ ਖੜੋਂਦੀਆਂ ਹਨ ਤਾਂ ਉਸ ਵੇਲੇ ਦੇ ਦੁਖ ਨੂੰ ਦੁਖੀਆ ਯਾ ਦੁਖੀਆਂ ਦਾ ਦਰਦ ਵੰਡਾਊ ਹੀ ਸਮਝ ਸਕਦਾ ਹੈ।

ਇਸ ਗ਼ਰੀਬ ਨੇ ਆਪਣੀ ਕਠਨਾਈ ਵੇਲੇ ਭਾਈ ਸਾਹਿਬ ਰਾਮ ਕਿਸ਼ਨ ਜੀ ਦੀ ਦਰਦ ਵੰਡਣੀ ਤਬੀਅਤ ਦਾ ਹਾਲ ਸੁਣਿਆਂ। ਕਿਸੇ ਨੇ ਸਲਾਹ ਦਿਤੀ ਕਿ ਉਹਨਾਂ ਪਾਸ ਜਾ ਕੇ ਸਾਰਾ ਹਾਲ ਸੱਚੋ ਸੱਚ ਕਹਿ ਦੇਹ, ਝੂਠ ਨਾ ਕੂਈਂ, ਉਹ ਪਸੀਜ ਪਏ ਤਾਂ ਸ਼ਾਹੂਕਾਰ ਤੋਂ ਰਕਮ ਛੁਡਵਾ ਦੇਸਣ, ਜੇ ਉਸ ਵੇਲੇ ਡੇਰੇ ਵਿਚ ਉਹਨਾਂ ਪਾਸ ਰੁਪਏ ਹੋਏ ਤਾਂ ਆਪਣੇ ਪਾਸੋਂ ਭੀ ਭਰਕੇ ਤੇਰਾ ਕੰਮ ਸਾਰ ਦੇਸਣ, ਤੂੰ ਉਹਨਾਂ ਪਾਸ ਪੁੱਜ। ਜ਼ਿਮੀਂਦਾਰ ਉਹਨਾਂ ਦੇ ਚਰਨੀਂ ਆ ਢੱਠਾ, ਆਪਣੀ ਬੇਵਸੀ ਦੀ ਹਾਲਤ ਦੱਸੀ ਤੇ ਬਹੁਤ ਰੋਇਆ। ਭਾਈ ਸਾਹਿਬ ਜੀ ਨੂੰ ਤਸੱਲੀ ਆ ਗਈ ਕਿ ਇਹ ਆਦਮੀ ਝੂਠਾ ਨਹੀਂ, ਸੱਚ ਮੁਚ ਤੰਗ ਹੈ ਤੇ ਲੋੜਵੰਦ ਹੈ। ਆਪ ਉਸੇ ਵੇਲੇ ਸਾਰੇ ਕੰਮ ਛੋੜ ਕੇ ਉਸ ਦੇ ਨਾਲ ਟੁਰ ਪਏ, ਗਜੜਾਂ ਜਾ ਪਹੁੰਚੇ। ਜਦ ਪਿੰਡ ਪਹੁੰਚੇ ਤਾਂ ਅੱਗੋਂ ਉਹ ਸ਼ਾਹੂਕਾਰ ਮਿਲਿਆ ਤੇ ਉਸ ਨੇ ਬੇਨਤੀ ਕੀਤੀ ਕਿ 'ਪ੍ਰਸ਼ਾਦ ਦਾ ਵੇਲਾ ਨੇੜੇ ਹੈ, ਆਪ ਸਾਡੇ ਘਰ ਪ੍ਰਸ਼ਾਦ ਛਕੋ'। ਸੰਤਾਂ ਨੇ ਕਿਹਾ 'ਪ੍ਰਸ਼ਾਦ ਗੁਰੂ ਕਾ ਹੈ ਤੇਰੇ ਹੀ ਛਕ ਲੈਂਦਾ ਹਾਂ, ਪਰ ਜਿਸ ਕੰਮ ਅਸੀਂ ਆਏ ਹਾਂ ਪਹਿਲੋਂ ਉਹ ਕਰ ਦੇਹ।' ਸ਼ਾਹੂਕਾਰ ਨੇ ਕਿਹਾ:-'ਹੁਕਮ ਕਰੋ'। ਤਾਂ ਆਪ ਨੇ ਉਸ ਦੁਖੀਏ ਦੀ ਸਿਫਾਰਸ਼ ਕੀਤੀ। ਸ਼ਾਹੂਕਾਰ ਨੇ ਕਿਹਾ 'ਮਹਾਰਾਜ ਜੀ! ਆਪ ਦਾ ਹੁਕਮ ਸਿਰ ਮੱਥੇ ਤੇ ਹੈ, ਪਰ ਮੇਰਾ ਕਿੱਤਾ ਹੀ ਇਹੋ

ਹੈ ਜੇ ਮੈਂ ਮੂਲ ਵਿਆਜ ਸੱਭੋ ਕੁਛ ਛਡ ਦਿਆਂ ਤਾਂ ਫੇਰ ਮੇਰਾ ਰੁਜ਼ਗਾਰ ਕਿਵੇਂ ਟੁਰੇ? ਆਪ ਟੁਰਕੇ ਆਏ ਹੋ ਤੇ ਇਹ ਜ਼ਿਮੀਂਦਾਰ ਇਸ ਵੇਲੇ ਤੰਗ ਹੈ ਤਾਂ ਮੈਂ ੨੫) ਛਡ ਦਿੰਦਾ ਹਾਂ'। ਸੰਤਾਂ ਨੇ ਕਿਹਾ 'ਤੇਰਾ ਕਹਿਣਾ ਠੀਕ ਹੈ। ਪਰ ਸਦਾ ਸਾਰੇ ਵਣਜ ਇਕੋ ਜਿਹੇ ਨਹੀਂ ਹੁੰਦੇ, ਇਸ ਦੀ ਹਾਲਤ ਬਹੁਤ ਬੁਰੀ ਹੈ, ਤੂੰ ਸਾਰਾ ਛੋੜ ਦੇਹ'। ਇਸ ਪਰ ਬਹੁਤ ਚਿਰ ਗਲ ਬਾਤ ਹੁੰਦੀ ਰਹੀ। ਉਧਰ ਪ੍ਰਸ਼ਾਦ ਤਿਆਰ ਹੋਇਆ; ਪ੍ਰਸ਼ਾਦ ਦੇ ਸੁਨੇਹੇ ਆਉਣ ਲਗੇ। ਸੰਤ ਇਸ ਵੇਲੇ ਧਰਮਸਾਲੇ ਬੈਠੇ ਗਲ ਬਾਤ ਕਰ ਰਹੇ ਸਨ। ਹੋਰ ਪ੍ਰੇਮੀ ਭੀ ਪ੍ਰਸ਼ਾਦ ਲਈ ਆ ਪਹੁੰਚੇ, ਪਰ ਸੰਤਾਂ ਨੇ ਕਿਹਾ 'ਭਾਈ! ਇਸ ਭੁੱਖੇ ਦੀ ਭੁਖ ਦੂਰ ਹੋਈ ਤਾਂ ਪ੍ਰਸ਼ਾਦ ਇਸੇ ਦਾਤੇ ਦਾ ਛਕਾਂਗੇ'। ਇਸ ਪਰ ਸ਼ਾਹੂਕਾਰ ਨੇ ਨਿੰਮ੍ਰਤਾ ਨਾਲ ਅੱਧ ਛਡ ਦੇਣ ਦੀ ਬਿਨੈ ਕੀਤੀ, ਪਰ ਸੰਤਾਂ ਨੇ ਸਾਰਾ ਛੁਡਾਉਣ ਤੇ ਜ਼ੋਰ ਦਿੱਤਾ। ਜਦ ਡਿੱਠਾ ਕਿ ਦੁਖੀਏ ਦਾ ਸਾਰਾ ਦੁਖ ਨਵਿਰਤ ਨਹੀਂ ਹੁੰਦਾ ਤਾਂ ਭਾਈ ਸਾਹਿਬ ਉਠਕੇ ਟੁਰ ਆਏ, ਛੇ ਕੋਹ ਪੈਂਡਾ ਗਏ ਸਨ ਛੇ ਕੋਹ ਫਿਰ ਪੈਦਲ ਟੁਰਕੇ ਭੁੱਖੇ ਹੀ ਵਾਪਸ ਆ ਗਏ।

ਸੰਤਾਂ ਦੇ ਚਲੇ ਆਉਣ ਮਗਰੋਂ ਭਾਈ ਮਤਾਬ ਸਿੰਘ ਜੀ ਦੇ ਘਰ ਪਰਿਵਾਰ ਵਿਚ ਬੜਾ ਫਿਕਰ ਹੋ ਗਿਆ ਕਿ ਐਸੇ ਨਾਮ ਰਸੀਏ ਸੰਤ ਸਾਡੇ ਘਰੋਂ ਭੁੱਖੇ ਚਲੇ ਗਏ। ਪਰਿਵਾਰ ਨੇ ਬੀ ਪ੍ਰਸ਼ਾਦ ਨਹੀਂ ਛਕਿਆ ਸੀ, ਅੰਤ ਬ੍ਰਿਧ ਮਾਤਾ ਜੀ ਦੇ ਮਸ਼ਵਰੇ ਨਾਲ ਇਹੋ ਗਲ ਠਹਿਰੀ ਕਿ ਮਾਯਾ ਦੇ ਮਗਰ ਨਹੀਂ ਲੱਗਣਾ ਤੇ ਸੰਤਾਂ ਨੂੰ ਅਪ੍ਰਸੰਨ ਨਹੀਂ ਕਰਨਾ। ਅਗਲੇ ਦਿਨ ਸਵੇਰੇ ਹੀ ਭਾਈ ਮਤਾਬ ਸਿੰਘ ਜੀ ਸੰਤਾਂ ਦੇ ਚਰਨਾਂ ਵਿਚ ਆ ਹਾਜ਼ਰ ਹੋਏ ਤੇ ਬਿਨੈ ਕੀਤੀ ਕਿ 'ਮਹਾਰਾਜ ਜੀ! ਆਪ ਦਾ ਹੁਕਮ ਸਿਰ ਮੱਥੇ ਤੇ ਹੈ, ਸਾਰੇ ਰੁਪਏ ਦਾਸ ਛੋੜਦਾ ਹੈ, ਪਰ ਆਪ ਕਿਰਪਾ ਕਰਕੇ ਇਕੇਰਾਂ ਫੇਰ ਪਿੰਡ ਚੱਲੋ ਤੇ ਚੌਂਕੇ ਬਹਿਕੇ ਪ੍ਰਸ਼ਾਦ ਛੱਕੋ ਤੇ ਘਰ ਪਵਿੱਤ੍ਰ ਕਰੋ।' ਆਪ ਹੱਸ ਪਏ ਤੇ ਕਹਿਣ ਲਗੇ, 'ਸ਼ਾਬਾਸ਼ ਭਾਈ! ਜੋ ਕਿਸੇ ਦੀ ਲੋੜ ਪਰ ਪਸੀਜਦਾ ਹੈ, ਸਾਂਈਂ ਉਸ ਦੀਆਂ ਲੋੜਾਂ ਤੇ ਪਸੀਜਦਾ ਹੈ। ਤੂੰ ਭਲਾ ਕੀਤਾ ਹੈ, ਪਰ ਬਈ ਸਾਡਾ ਬਿਲਾਸ ਹੁਣ ਇਹ

ਹੈ ਕਿ ਤੂੰ ਕੱਲ ਬਚਨ ਨਹੀਂ ਮੰਨਿਆਂ, ਅਜ ਉਸ ਗ਼ਰੀਬ ਨੂੰ ਅਸੀਂ ਨਾਲ ਲੈਕੇ ਚੱਲਦੇ ਹਾਂ, ਉਸ ਨੂੰ ਬੀ ਪ੍ਰਸ਼ਾਦ ਛਕਾ, ਸਾਨੂੰ ਭੀ ਛਕਾ ਤੇ ਪੰਜ ਰੁਪਏ ਉਸ ਨੂੰ ਹੋਰ ਦੱਖਣਾ ਦੇ ਬੀ ਦੇਹ, ਸਾਡੀ ਪੂਰਨ ਪ੍ਰਸੰਨਤਾ ਤਾਂ ਖੋਉਂ ਹੁੰਦੀ ਹੈ' । ਭਾਈ ਮਤਾਬ ਸਿੰਘ ਨੇ ਆਪ ਦਾ ਫੁਰਮਾਨ ਦਿਲੋਂ ਪ੍ਰਵਾਨ ਕੀਤਾ ਤੇ ਸੰਤਾਂ ਦੀ ਪੂਰਨ ਖੁਸ਼ੀ ਪ੍ਰਾਪਤ ਕੀਤੀ । ਉਸ ਦੁਖੀਏ ਦੀ ਪੀੜਾ ਹਰੀ ਗਈ ਤੇ ਆਪ ਨੇ ਸ਼ਾਹੂਕਾਰ ਦੇ ਘਰ ਪ੍ਰਸ਼ਾਦ ਛਕਿਆ ਤੇ ਉੱਤਮ ਉਪਦੇਸ਼ ਬੀ ਦਿਤਾ ਕਿ 'ਭਾਈ ਦਿਲ ਦੇ ਕਰੜੇ ਨਹੀਂ ਹੋਣਾ,ਦਇਆ ਕਰਨੀ, ਧਰਮ ਦਾ ਅੰਗ ਤੇ ਸਿਖੀ ਦਾ ਨੇਮ ਹੈ। ਤੇਰੇ ਉਤੇ ਗੁਰੂ ਬਾਬੇ ਜੀ ਦੀ ਮਿਹਰ ਹੋਵੇਗੀ ਤੇ ਤੋਟਾ ਨਹੀਂ ਰਹੇਗਾ' । ਹੁਣ ਤਕ ਉਹਨਾਂ ਦਾ ਘਰਾਣਾ ਨਾਮ ਬਾਣੀ ਦਾ ਪ੍ਰੇਮੀ ਤੇ ਚੜ੍ਹਦੀ ਕਲਾ ਵਿਚ ਹੈ।

੨.

ਭਾਈ ਮਤਾਬ ਸਿੰਘ ਜੀ ਦੀ ਵਾਰਤਾ ਵਿਚ ਆਪਦੇ ਚਿਤ ਦੀ ਨਰਮੀ ਤੇ ਦੁਖੀਆਂ ਨਾਲ ਹਮਦਰਦੀ ਦਾ ਡੂੰਘਾਣ ਵਿੱਦਤ ਹੁੰਦਾ ਹੈ ਤੇ ਇਹ ਗਲ ਬੀ ਸਹੀ ਹੁੰਦੀ ਹੈਕਿ ਸੱਤਜ ਦਾ ਹਠ ਬੀ ਚੋਖਾ ਰਖਦ ਸਨ।

ਠੀਕ ਇਹੋ ਜਿਹਾ ਇਕ ਹੋਰ ਵਾਕਿਆ ਇਸੇ ਪਿੰਡ ਵਿਚ ਹੋਇਆ। ਇਹ ਉਪਰਲੀ ਵਾਰਤਾ ਸੁਣਕੇ ਇਕ ਹੋਰ ਗ਼ਰੀਬ ਆਪ ਪਾਸ ਆ ਪੁੱਜਾ। ਇਕ ਹੋਰ ਬਾਲ ਬੱਚੜਦਾਰ ਨੇ ਭਾਈ ਮਿਹਰ ਸਿੰਘ ਦਾ ਕੁਛ ਦੇਣਾ ਸੀ, ਉਸ ਨੂੰ ਨੋਟਿਸ ਪੁੱਜਾ ਕਿ ਰਕਮ ਭਰੋ। ਉਹ ਘਬਰਾਕੇ ਤੇ ਉੱਪਰਲੀ ਗਲ ਦਾ ਜਾਣੂ ਹੋਣ ਕਰਕੇ,ਜਿਸ ਨੂੰ ਕਿ ਅਜੇ ਥੋੜ੍ਹੇ ਹੀ ਦਿਨ ਹੋਏ ਸਨ ਸੰਤਾਂ ਪਾਸ ਆ ਗਿਆ ਤੇ ਆਖਣ ਲਗਾ ਕਿ ਜੀ ਮੇਰਾ ਨਿਕਾ ਨਿਕਾ ਜੀਆ ਜੰਤ ਹੈ ਤੇ ਮੇਰੇ ਤੇ ਨਾਲਸ਼ ਹੋਣ ਲੱਗੀ ਹੈ,ਮੈਨੂੰ ਛੁਡਾਓ। ਭਾਈ ਜੀ ਨੇ ਉਸ ਨੂੰ ਧੀਰਜ ਦੇਕੇ ਟੋਰਿਆ ਤੇ ਆਪ ਸ਼ਾਹੂਕਾਰ ਨੂੰ ਮਿਲੇ। ਉਸ ਨੇ ਕਿਹਾ ਕਿ ਮਹਾਰਾਜ! ਇਸ ਤਰ੍ਹਾਂ ਛੋੜਦਿਆਂ ਅਸੀਂ ਕਿੱਥ ਕਰਾਂਗੇ ? ਸੰਤਾਂ ਨੇ ਕਿਹਾ: ਬਚਨ ਮੰਨ ਲੈ ਤੇਰਾ ਭਲਾ ਹੋਵੇਗਾ, ਅਰਦਾਸ ਕਰਾਂਗੇ ਗੁਰੂ ਤੇਰੇ ਤੇ ਮਿਹਰ ਕਰੇਗਾ।

ਪਰ ਇਸ ਸੱਜਣ ਨੇ ਬਚਨ ਨਾ ਮੰਨਿਆਂ ! ਹੋਰ ਬੀ ਕੋਈ ਉਪਰਾਲਾ ਉਸ ਵੇਲੇ ਗ਼ਰੀਬ ਦੀ ਮਦਦ ਦਾ ਨਹੀਂ ਸੀ, ਤਾਂ ਸੰਤ ਉਸ ਨੂੰ ਕਹਿਣ ਲਗੇ; ਭਾਈ ਕਿਰਤ ਕਰ, ਕਮਾ, ਥੋੜ੍ਹਾ ਖਾਹ, ਬਚਾ ਤੇ ਕਰਜ਼ਾ ਲਾਹ, ਲਹਿਣੇਦਾਰ ਪਿਆਰਾ ਤਾਂ ਮਾਯਾ ਦੇ ਮੋਹ ਵਿਚੋਂ ਅਜੇ ਛੁਟਦਾ ਨਹੀਂ, ਤੂੰ ਕਿਰਤ ਕਰ ਤੇ ਭਜਨ ਕਰ। ਕੁਦਰਤ ਐਸੀ ਹੋਈ ਕਿ ਉਹ ਸ਼ਾਹੂਕਾਰ ਨਾਲਸ਼ ਕਰਨ ਤੋਂ ਪਹਿਲੇ ਚਲਾਣਾ ਕਰ ਗਿਆ ਤੇ ਉਨ੍ਹਾਂ ਦਿਨਾਂ ਵਿਚ ਮਿਆਦ ਗੁਜ਼ਰ ਗਈ, ਕਰਜ਼ਾਈ ਨੂੰ ਕਾਰ ਵਿਹਾਰ ਵਿਚ ਲਾਭ ਹੋਇਆ, ਸੰਤਾਂ ਨੇ ਕਰਜ਼ੇ ਦੀ ਰਕਮ ਸ਼ਾਹੂਕਾਰ ਦੇ ਘਰ ਪੁਜਵਾ ਦਿੱਤੀ।

ਇਕ ਵਾਕਿਆ ਹੋਰ ਲੋਕਾਂ ਨੂੰ ਅੱਖੀਂ ਡਿੱਠਾ ਯਾਦ ਹੈ, ਜਿਸ ਤੋਂ ਉਹਨਾਂ ਦੇ ਗੁਰ ਨਾਨਕ ਦੇਵ ਜੀ ਨਾਲ ਪ੍ਰੀਤ ਦਾ ਅੰਦਾਜ਼ਾ ਹੁੰਦਾ ਹੈ ਤੇ ਉਨ੍ਹਾਂ ਦੇ ਉੱਚੇ ਵਲਵਲੇ ਕਿਸ ਨਾਜ਼ਕ ਹਾਲਤ ਤਕ ਅੱਪੜ ਜਾਂਦੇ ਸੀ ਦਾ ਥਹੁ ਪੈਂਦਾ ਹੈ।

**੮. ਗੁਰ ਨਾਨਕ ਨਾਲ ਪ੍ਰੇਮ–**

ਇਕ ਵੇਰ ਦੋ ਰਬਾਬੀ ਪਰਮਸਾਲ ਵਿਚ ਆਏ ਅਤੇ ਕੀਰਤਨ ਕਰਦਿਆਂ ਕਰਦਿਆਂ ਉਹਨਾਂ ਗੁਰੂ ਨਾਨਕ ਸਾਹਿਬ ਜੀ ਵਾਲਾ ਖਰੇ ਸੌਦੇ ਦਾ ਪ੍ਰਸੰਗ ਪੜ੍ਹਨਾ ਸ਼ੁਰੂ ਕੀਤਾ। ਭਾਈ ਰਾਮ ਕ੍ਰਿਸ਼ਨ ਜੀ ਬੜੇ ਪਿਆਰ ਨਾਲ ਪ੍ਰਸੰਗ ਸੁਣ ਰਹੇ ਸਨ। ਭਾਵੇਂ ਸੰਸਾਰੀ ਲੋਕ ਤਾਂ ਰੋਜ਼ ਹੀ ਪ੍ਰਸੰਗ ਕਈ ਤਰ੍ਹਾਂ ਦੇ ਸੁਣਦੇ ਹਨ ਤੇ ਕੁਝ ਅਸਰ ਨਹੀਂ ਹੁੰਦਾ, ਪਰ ਇਨ੍ਹਾਂ ਦੇ ਸਾਹਮਣੇ ਤਾਂ ਕੇਵਲ ਰਬਾਬੀ ਪ੍ਰਸੰਗ ਪੜ੍ਹ ਹੀ ਨਹੀਂ ਰਹੇ ਸਨ, ਸਗੋਂ ਉਹ ਸਾਰਾ ਨਕਸ਼ਾ ਅੱਖਾਂ ਦੇ ਸਾਹਮਣੇ ਆ ਖੜੋਤਾ, ਜਿਸ ਨੂੰ ਬੀਤਿਆਂ ਤ੍ਰੈ ਸੌ ਸਾਲ ਤੋਂ ਉਤੇ ਸਮਾਂ ਲੰਘ ਚੁਕਾ ਸੀ, ਜਦੋਂ ਰਬਾਬੀਆਂ ਏਹ ਤੁਕ ਪੜ੍ਹੀ :–

ਗੁੱਸੇ ਵਿਚ ਆਇ ਪਿਤਾ ਚੰਡ ਮਾਰਦਾ,
ਲਾਲ ਕਰ ਅੱਖੀਆਂ ਨੂੰ, ਇਹ ਪੁਕਾਰਦਾ !
ਕਿਥੇ ਤੈਨੇ ਜਾਇਕੇ ਰੁਪੱਯਾ ਬੋੜਿਆ ?
ਖਰਾ ਸੌਦਾ ਕਰਨੇ ਸੀ ਤੈਨੂੰ ਟੋਰਿਆ !

ਜੋ ਪ੍ਰਸੰਗ ਇਸ ਵੇਲੇ ਕੀਰਤਨ ਵਿਚ ਆਪ ਕੰਨਾਂ ਨਾਲ ਸੁਣ ਰਹੇ ਸਨ ਤੇ ਅੱਖਾਂ ਦੇ ਸਾਹਮਣੇ ਨਕਸ਼ਾ ਖਿਚ ਰਿਹਾ ਸੀ, ਕਾਲ ਦਾ ਪਰਦਾ ਮਾਨੋਂ ਵਿਚੋਂ ਹਟ ਗਿਆ ਤੇ ਆਪ ਉਹ ਹੋਣੀ ਪਰਤੱਖ ਦੇਖ ਰਹੇ ਸਨ। ਨੀਮ ਬੇਸੁਧ ਜਿਹੇ ਬਿਹਬਲ ਹੋਏ ਉੱਠ ਖਲੋਤੇ ਤੇ ਭੱਜ ਕੇ ਰਬਾਬੀਆਂ ਪਾਸ ਆ ਖਲੇ ਤੇ ਪੁਕਾਰਣ ਲਗ ਪਏ :–

' ਓ ਬਾਬਾ ਕਾਲੂ ! ਹੇ ਬਾਬਾ ਕਾਲੂ !! ਨਾ ਮਾਰ, ਨਾ ਮਾਰ; ਮੇਰੇ ਸੁਹਣੇ ਨਾਨਕ ਨੂੰ ਨਾ ਮਾਰ, ਨਾ ਮਾਰ, ਨਾ ਮਾਰ, ਬਾਬਾ ਰੁਪਏ ਮੈਥੋਂ ਲੈ ਲੈ, ਲੈ ਲੈ ਰੁਪਏ ਵੀਹ ਨਾ ਮਾਰ, ਮੇਰੇ ਸਤਿਗੁਰ ਨੂੰ, ਨਾ ਮਾਰ, ਬਾਬਾ ਕਾਲੂ, ਨਾ ਮਾਰ !"

ਇਹ ਹਾੜੇ ਕਢਦੇ ਡਿਡੋਲਿਕੇ ਹੋਕੇ ਰੋ ਪਏ ਤੇ ਬੇਸੁਧ ਹੋਕੇ ਡਿਗ ਪਏ। ਕੀਰਤਨ ਬੰਦ ਹੋ ਗਿਆ। ਧਰਮਸਾਲ ਵਿਚ ਸੱਨਾਟਾ ਛਾ ਗਿਆ। ਆਪ ਉਸੇ ਬੇਸੁਧੀ ਵਿਚ ਕਿੰਨਾ ਹੀ ਚਿਰ ਪਏ ਰਹੇ। ਚਿਰ ਮਗਰੋਂ ਸਹਿਜੇ ਹੋਸ਼ ਪਰਤੀ, ਜਿਸ ਵੇਲੇ ਸਾਰੀ ਹੋਸ਼ ਆ ਗਈ ਤਾਂ 'ਧੰਨ ਗੁਰ ਨਾਨਕ', 'ਧੰਨ ਗੁਰ ਨਾਨਕ' ਦੀ ਮੱਧਮ ਧੁਨੀ ਆ ਰਹੀ ਸੀ ਤੇ ਆਪ ਦੇ ਪਵਿਤ੍ਰ ਸਰੀਰ ਤੋਂ ਮਾਨੋ ਧੰਨ ਗੁਰ ਨਾਨਕ ਦੀ ਸੁਗੰਧਿ ਫੈਲ ਰਹੀ ਸੀ। ਇਸ ਰੰਗ ਵਿਚ ਕਿੰਨਾ ਚਿਰ ਰਹਿਕੇ ਮਗਰੋਂ ਆਪ ਨੇ ਡੇਰੇ ਵਲ ਸੁਰਤ ਦਿਤੀ।

**੯. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਪ੍ਰੇਮ–**

ਇਕ ਸਮੇਂ ਧਰਮਸਾਲ ਨੂੰ ਅੱਗ ਲਗ ਗਈ। ਸਭ ਕੁਛ ਪਿਆ ਸੜੇ, ਪਰ ਭਾਈ ਸਾਹਿਬ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਾਸਤੇ ਬਹੁਤ ਬੇਚੈਨ ਹੋਏ, ਅੱਗ ਦੇ ਵਿਚ ਛਾਲ ਮਾਰਨ ਲਗੇ ਤਾਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਕੱਢ ਲਿਆਉਣ। ਡੇਰੇ ਦੇ ਸਾਧਾਂ ਨੇ ਆਪ ਨੂੰ ਫੜ ਲਿਆ। ਭਾਈ ਜੀ ਬੇਬਸ ਹੋ ਗਏ, ਪਰ ਭਾਈ ਸਾਹਿਬ ਨੇ 'ਧ੍ਰੋਹੀ ਬਾਬੇ ਨਾਨਕ ਜੀ ਦੀ' 'ਧ੍ਰੋਹੀ ਬਾਬੇ ਨਾਨਕ ਜੀ ਦੀ' ਪੁਕਾਰ ਪਾ ਦਿਤੀ। ਪਿਆਰਿਆਂ ਨੇ ਆਪ ਨੂੰ ਨਾ ਛਡਿਆ। ਤਦੋਂ ਆਪ ਨੇ ਅਰਦਾਸਾ ਸੋਧਿਆ। 'ਹੇ ਜ਼ਾਹਰੀ ਕਲਾ ਵਾਲੇ ਗੁਰੂ ਨਾਨਕ ! ਤੇਰੀ

ਧ੍ਰੋਹੀ ਹੈ ਬਾਬਾ ਨਾਨਕ ! ਮੇਰੇ ਗੁਰੂ ਗ੍ਰੰਥ ਸਾਹਿਬ ਜੀ ਦੀ ਆਪ ਰਾਖੀ ਕਰੋ', ਫਿਰ ਆਪ ਨੇ ੧੦੧) ਦਾ ਕੜਾਹ ਪ੍ਰਸ਼ਾਦ ਮੰਨਿਆ। ਅੱਗ ਟਿਕਾਣਾ ਤੇ ਆਪਾ ਸਾੜਕੇ ਹੰਭ ਗਈ, ਸਭ ਕੁਛ ਸੜ ਗਿਆ, ਸੁਆਹ ਹੋ ਗਿਆ, ਪਰ ਵਾਹਿਗੁਰੂ ਦੀ ਮਿਹਰ ਹੋਈ, ਬਾਬੇ ਨਾਨਕ ਦੀ ਧ੍ਰੋਹੀ ਪੁੱਗੀ, ਪੰਜੇ ਬੀੜਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬਚ ਗਈਆਂ। ਰੁਮਾਲਾਂ ਤਕ ਸੜ ਗਏ, ਜ਼ਰਾ ਕੁ ਹਾਸ਼ੀਏ ਤਕ ਸੇਕ ਲੱਗਾ, ਪਰ ਅੱਖਰ ਅਮਨ ਅਮਾਨ ਰਹੇ; ਇਹ ਦੇਖਕੇ ਆਪ ਦੀ ਖੁਸ਼ੀ ਦਾ ਕੌਣ ਅੰਦਾਜ਼ਾ ਕਰੇ, ਕੜਾਹ ਪ੍ਰਸ਼ਾਦ ੧੦੧) ਦਾ ਕੀਤਾ, ਵੰਡਿਆ, ਵਰਤਾਇਆ, ਬੀੜਾਂ ਨੂੰ ਨਵੇਂ ਹਾਸ਼ੀਏ ਚਾੜ੍ਹੇ। ਹੁਣ ਤਕ ਓਹ ਬੀੜਾਂ ਡੇਰੇ ਮੌਜੂਦ ਹਨ।

ਆਪ ਜੀ ਦਾ ਇਹ ਨੇਮ ਸੀ ਕਿ ਦੀਵਾਨ ਸਜਾਉਣ ਵੇਲੇ ਰੋਜ਼ ਇਕ ਬੀੜ ਨੂੰ ਸਿਰ ਤੇ ਚਾਕੇ ਕਿੰਨਾ ਚਿਰ ਮਗਨ ਹੋ ਜਾਣਾ, ਫਿਰ ਮੰਜੀ ਸਾਹਿਬ ਤੇ ਟਿਕਾ ਦੇਣਾ। ਅਕਸਰ ਗੁਰ ਜੀ ਦੀ ਦੇਹ ਦੂਸਰੇ ਸਾਧ ਆਪ ਦੇ ਸਿਰ ਤੇ ਲਿਆਕੇ ਟਿਕਾ ਦੇਂਦੇ ਸਨ। ਇਕ ਦਿਨ ਆਪ ਇਸ ਆਸ ਵਿਚ ਹੀ ਆਤਮ ਸੁਖ ਵਿਚ ਟਿਕ ਗਏ। ਸਾਧਾਂ ਨੇ ਟਿਕੇ ਜਾਣਕੇ ਬੀੜ ਲਿਆਂਕੇ ਸੀਸ ਤੇ ਟਿਕਾਉਣ ਵਿਚ ਦੇਰ ਕੀਤੀ ਤਾਂ ਉਸੇ ਟਿਕਾਉ ਵਾਲੀ ਮਗਨਤਾ ਵਿਚੋਂ ਆਵਾਜ਼ ਆਈ: 'ਮੈਂ ਗ਼ਰੀਬ ਨੂੰ ਨਾ ਵਿਛੋੜੋ, ਮੈਂ ਗ਼ਰੀਬ ਨੂੰ ਨਾ ਵਿਛੋੜੋ।' ਸਾਧਾਂ ਨੇ ਛੇਤੀ ਨਾਲ ਬਾਬਾ ਜੀ ਦੀ ਅਦਬ ਨਾਲ ਬੀੜ ਲਿਆਕੇ ਆਪ ਦੇ ਸੀਸ ਤੇ ਬਿਰਾਜਮਾਨ ਕਰਾ ਦਿਤੀ। ਤਦ ਸੰਭਾਲਕੇ ਖਿੜੇ ਤੇ ਰੋ ਕੇ ਬੋਲੇ 'ਮੈਂ ਮੂਰਖ ਨੂੰ ਛੋੜੀ ਜਾਂਦੇ ਹਾਏ ਨਾ'। 'ਹਾਂ, ਛੋੜੀ ਜਾਂਦੇ ਹਾਏ ਨਾ।' 'ਹਾਇ ਨਾ ਵਿਛੋੜਨਾ', ਇਉਂ ਕਹਿੰਦਿਆਂ ਗਲਾ ਰੁਕ ਗਿਆ ਤੇ ਕਿੰਨਾ ਚਿਰ ਟਿਕੇ ਰਹੇ। ਦੇਰ ਮਗਰੋਂ ਫਿਰ ਬਾਬਾ ਜੀ ਦਾ ਪ੍ਰਕਾਸ਼ ਮੰਜੀ ਸਾਹਿਬ ਤੇ ਕੀਤਾ।

**੧੦. ਦੁਖੀਆਂ ਤੇ ਪਸੀਜਣਾ ਤੇ ਸਾਧੂ ਦਾ ਲੋਭ ਵਰਜਣਾ–**

ਇਕ ਸਮੇਂ ਨੂਰ ਪੁਰ ਤੋਂ ਬੜੀ ਸੁੰਦਰ ਲੋਈ ਕੋਈ ਪ੍ਰੇਮੀ ਦੇ

ਆਇਆ, ਆਕੇ ਅੱਗੇ ਰੱਖੀ, ਭਾਈ ਸਾਹਿਬ ਜੀ 'ਧੰਨ ਗੁਰੂ ਨਾਨਕ' ਦੀ ਧੁਨੀ ਵਿਚ ਮਸਤ ਸਨ। ਕਿੰਨੇ ਚਿਰ ਪਿਛੋਂ ਸੁਧ ਵਿਚ ਆਏ ਤਾਂ ਉਸ ਪ੍ਰੇਮੀ ਨੇ ਮੱਥਾ ਟੇਕਿਆ ਤੇ ਬੋਲਿਆ 'ਜੀ ਇਹ ਲੋਈ ਹੈ, ਆਪ ਨੇ ਉਤੇ ਕਰਨੀ।' ਭਾਈ ਸਾਹਿਬ ਜੀ ਪਾਸ ਉਸ ਤੋਂ ਕੁਛ ਚਿਰ ਪਹਿਲੇ ਇਕ ਗ਼ਰੀਬ ਨੇ ਬੇਨਤੀ ਕੀਤੀ ਸੀ ਕਿ ਜੀ ਮੈਂ ਪਾਲੇ ਨਾਲ ਠਰਦਾ ਹਾਂ, ਮੈਨੂੰ ਕੋਈ ਲੋਈ ਬਖਸ਼ੋ। ਸੰਤ ਰਾਮ ਕਿਸ਼ਨ ਜੀ ਉਹ ਲੋਈ ਉਸ ਲੋੜਵੰਦ ਨੂੰ ਦੇਣ ਲਗੇ ਤਾਂ ਪਾਸੋਂ ਇਕ ਸਾਧ, ਭਾਈ ਧਰਮਦਾਸ ਨਾਮੇ-ਜੋ ਆਪ ਦਾ ਚੇਲਾ ਸੀ-ਕਹਿਣ ਲਗਾ 'ਜੀ ਇਹ ਲੋਈ ਦਾਸ ਨੂੰ ਦਿਓ ਤੇ ਦਾਸ ਪਾਸ ਲੋਈ ਹੈ, ਉਹ ਪੁਰਾਣੀ ਹੈ, ਉਹ ਇਸ ਨੂੰ ਦੇ ਦਿਓ।' ਆਪ ਕਹਿਣ ਲਗੇ: 'ਲੈ ਆ, ਭਾਈ, ਲੇ ਆ'। ਉਹ ਲੈਣ ਗਿਆ ਤਾਂ ਇੰਨੇ ਚਿਰ ਵਿਚ ਕਿਸੇ ਹੋਰ ਗ਼ਰੀਬ ਨੇ ਆਕੇ ਬੇਨਤੀ ਕੀਤੀ: 'ਜੀ ਮੈਂ ਬੀਮਾਰ ਹਾਂ ਤੇ ਪਾਲੇ ਨਾਲ ਠਰਦਾ ਹਾਂ ਕੋਈ ਮਿਹਰ ਕਰੋ'। ਆਪ ਜੀ ਨੇ ਉਹ ਨਵੀਂ ਲੋਈ ਉਸਨੂੰ ਉਸੇ ਵੇਲੇ ਦੇ ਦਿਤੀ। ਇੰਨੇ ਨੂੰ ਧਰਮ ਦਾਸ ਸਾਧੂ ਆਪਣੀ ਪੁਰਾਣੀ ਲੋਈ ਲੈ ਆਇਆ ਕਿ ਇਸ ਦੀ ਥਾਂਵੇਂ ਨਵੀਂ ਮਿਲੇਗੀ, ਪਰ ਸੰਤਾਂ ਨੇ ਧਰਮਦਾਸ ਤੋਂ ਉਹ ਪੁਰਾਣੀ ਲੋਈ ਲੈਕੇ ਪਹਿਲੇ ਸੁਆਲੀ ਨੂੰ ਦੇ ਦਿਤੀ। ਧਰਮ ਦਾਸ ਹੱਕਾ ਬੱਕਾ ਰਹਿ ਗਿਆ ਕਿ ਇਹ ਖੂਬ ਹੋਈ, ਨਵੀਂ ਲੈਣ ਆਇਆ ਤੇ ਪੁਰਾਣੀ ਬੀ ਗੁਆਈ। ਉਸ ਦੀ ਹਰਜਾਨੀ ਵੇਖਕੇ ਆਪ ਬੋਲੇ: 'ਧਰਮਦਾਸਾ! ਓਹ ਦੋਨੋਂ ਦੁਖੀ ਨੇ, ਨਿਰਧਨ ਨੇ, ਤੈਂ ਉਨ੍ਹਾਂ ਨੂੰ ਕੱਜਿਆ ਹੈ। ਸਾਧੂ ਦਾ ਏਹੋ ਧਰਮ ਹੈ; ਦੂਸਰੇ ਨੂੰ ਕੱਜਣਾ, ਆਪ ਦੁਖ ਸੁਖ ਪਾਲਾ ਕੱਕਰ ਸਹਿਣਾ, ਦੂਏ ਦਾ ਪਾਲਾ ਗੁਆਉਣਾ, ਐਵੇਂ ਪਾਲੇ ਸਹਿਣ ਦਾ ਕੀਹ ਗੁਣ? ਦੂਏ ਨੂੰ ਨਿੱਘਿਆਂ ਕਰਕੇ ਪਾਲਾ ਹੇਂਵੀਏਂ ਇਹ ਗੁਰੂ ਘਰ ਦਾ ਤਿਆਗ ਹੈ। ਭਲਾ ਧਰਮਦਾਸਾ! ਤੂੰ ਨੰਗਿਆਂ ਨੂੰ ਕੱਜਿਆ ਹੈ, ਬਾਬਾ ਨਾਨਕ ਤੈਨੂੰ ਕੱਜਸੀ। ਗੁਰੂ ਬਾਬੇ ਵਲ ਤੱਕ। ਅੰਦਰਲੀ ਭੁੱਖ ਦੇ ਮਗਰ ਨਾ ਲੱਗ ਤੇ ਨਾ ਦਾਤਿਆਂ ਵਲ ਤੱਕ।'

## ੧੧. ਅਗੰਮ ਵਾਰਤਾ-

ਭਾਈ ਲੁੜੀਂਦਾ ਆਪ ਦਾ ਵਡਾ ਚੇਲਾ ਸੀ ਜੋ ਤਿਆਗ, ਵਿਰਾਗ ਤੇ ਸੇਵਾ ਵਿਚ ਨਿਪੁੰਨ ਸੀ, ਆਪ ਦੀ ਖੁਸ਼ੀ ਇਨ੍ਹਾਂ ਪੁਰ ਬਹੁਤ ਸੀ। ਇਕ ਦਿਨ ਭਾਈ ਸਾਹਿਬ ਜੀ ਗੁਰੂ ਨਾਨਕ ਜੀ ਦੀ ਧੁਨਿ ਵਿਚ ਰਾਤ ਵੇਲੇ ਐਸੇ ਮਗਨ ਹੋਏ ਕਿ ਅੱਧੀ ਰਾਤ ਬੀਤ ਗਈ। ਤਦ ਅਚਾਨਕ ਭਾਈ ਸਾਹਿਬ ਮਗਨਤਾ ਵਿਚੋਂ ਬੋਲ ਉਠੇ 'ਓ ਭਾਈ ਲੁੜੀਂਦਾ! ਓ ਭਾਈ ਲੁੜੀਂਦਾ! ਬਾਬਾ ਨਾਨਕ ਆਇਆ ਹਈ, ਉਠ ਸੌਂ ਨਹੀਂ, ਕੜਾਹ ਪ੍ਰਸ਼ਾਦ ਤਿਆਰ ਕਰ'। ਭਾਈ ਲੁੜੀਂਦਾ ਜੀ ਜਾਗਕੇ ਉਠ ਬੈਠੇ ਤੇ ਸੋਚੀਂ ਪੈ ਗਏ। ਭਾਈ ਸਾਹਿਬ ਜੀ ਫਿਰ ਤਾੜ ਕੇ ਕਹਿਣ ਲਗੇ, 'ਭੜੂਇਆ! ਤੈਨੂੰ ਜੋ ਕਿਹਾ ਹਈ ਬਾਬਾ ਨਾਨਕ ਜੀ ਆਏ ਹਨ, ਉਠ ਕੜਾਹ ਪ੍ਰਸ਼ਾਦ ਕਰ! ਓਇ ਤਿਆਰ ਕਰ; ਉਠ ਅਸ਼ਨਾਨ ਪਾਣੀ ਕਰ, ਉਠ ਖੜਾ ਹੋ ਢਿੱਲ ਨਾ ਲਾ'। ਹੁਕਮ ਮੰਨਣ ਦੀ ਮੂਰਤੀ ਭਾਈ ਲੁੜੀਂਦਾ ਜੀ ਉੱਠ ਬੈਠੇ, ਨ੍ਹਾਤੇ, ਕੜਾਹਾ ਸਵਾ ਕੁ ਮਣ ਵਾਲਾ ਸਾਫ ਕਰਕੇ ਪਾਣੀ ਪਾਕੇ ਚੁੱਲ੍ਹੇ ਉਤੇ ਧਰ ਦਿਤਾ ਤੇ ਹੇਠਾਂ ਅੱਗ ਬਾਲ ਦਿਤੀ। ਡੇਰੇ ਵਿਚ ਨਾ ਘਿਉ ਹੈ, ਨਾ ਖੰਡ ਹੈ ਅਤੇ ਨਾ ਟਵਾ ਯਾ ਆਟਾ ਹੈ, ਪਰ ਹੁਕਮ ਵਿਚ ਮਰਜ਼ੀ ਮੇਲਣ ਵਾਲੇ ਲੁੜੀਂਦੇ ਰਾਮ ਜੀ ਅੱਗ ਬਾਲੀ ਜਾਂਦੇ ਹਨ। ਕੋਈ ਇਕ ਵਜੇ ਦਾ ਵਕਤ ਸੀ, ਕੀ ਦੇਖਦੇ ਹਨ ਕਿ ਇਕ ਪ੍ਰੇਮੀ ਆਇਆ ਹੈ ਤੇ ਬੂਹਾ ਖੜਕਾਉਂਦਾ ਹੈ: 'ਭਾਈ ਸਾਹਿਬ ਜੀ! ਭਾਈ ਸਾਹਿਬ ਜੀ! ਬੂਹਾ ਖੋਹਲੋ'। ਭਾਈ ਲੁੜੀਂਦਾ ਜੀ ਬੂਹਾ ਖੋਲ੍ਹਦੇ ਹਨ, ਕੀ ਦੇਖਦੇ ਹਨ, ਇਕ ਪ੍ਰੇਮੀ ਕਹਿੰਦਾ ਹੈ 'ਜੀ ਇਹ ਇਕ ਬੋਰੀ ਖੰਡ ਦੀ ਹੈ, ਖੁਸ਼ਾਬ ਤੋਂ ਮਕੜ ਜ਼ਾਤ ਦੇ ਅਮਕੇ ਸਿੰਘ ਨੇ ਭੇਜੀ ਹੈ। ਦਰਿਯਾਉ ਦੇ ਚੜ੍ਹਾਉ ਵਿਚ ਹੋਣ ਕਰਕੇ ਮੈਨੂੰ ਢਿੱਲ ਲਗ ਗਈ ਹੈ, ਤਾਂ ਕਰਕੇ ਕੁਵੇਲੇ ਪੁੱਜਾ ਹਾਂ। ਭਾਈ ਲੁੜੀਂਦਾ ਜੀ ਵਾਹਿਗੁਰੂ! ਵਾਹਿਗੁਰੂ! ਕਹਿੰਦੇ ਵਿਸਮਾਦ ਵਿਚ ਆ ਜਾਂਦੇ ਹਨ, ਖੰਡ ਲੈਕੇ ਕੜਾਹੇ ਵਿਚ ਪਾ ਦੇਂਦੇ ਹਨ ਤੇ ਚਾਸ ਤਿਆਰ ਕਰਕੇ ਭਰ ਦੇਂਦੇ ਹਨ, ਇੰਨੇ ਨੂੰ ਇਕ ਹੋਰ ਸਜਣ ਆਉਂਦਾ ਹੈ, ਨਾਲ ਖੋਤਾ

ਲੱਦਿਆ ਦੋ ਪੀਪੇ ਘਿਉ ਦੇ ਹਨ। ਉਹ ਕਹਿੰਦਾ ਹੈ 'ਇਹ ਚਕ ਮੂਸੇ' ਤੋਂ ਸ਼ਾਹਾਂ ਨੇ ਘਿਉ ਭੇਜਿਆ ਹੈ, ਲੰਗਰ ਵਾਸਤੇ ਰੱਖ ਲਓ, ਰਾਹ ਵਿਚ ਡੇਰ ਹੋ ਗਈ ਹੈ ਇਸ ਕਰਕੇ ਕੁਵੇਲੇ ਪੁੱਜਾ ਹਾਂ।' ਸਤਿਨਾਮੁ ਕਹਿ ਕੇ ਭਾਈ ਲੁੜੀਂਦਾ ਜੀ ਘਿਉ ਲੈ ਕੇ ਅੰਦਰ ਧਰਦੇ ਹਨ, ਦੂਜੇ ਕੜਾਹੇ ਵਿਚ ਘਿਉ ਪੰਘਰਨਾ ਧਰ ਦੇਂਦੇ ਹਨ ਕਿ ਕੁਛ ਚਿਰ ਆਟਾ ਬੀ ਇਸੇ ਤਰ੍ਹਾਂ ਆ ਜਾਂਦਾ ਹੈ, ਕੜਾਹ ਪ੍ਰਸ਼ਾਦ ਤਿਆਰ ਹੋ ਜਾਂਦਾ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਗੇ ਲਿਆ ਰਖਦੇ ਹਨ। ਜਦੋਂ ਜਾਕੇ ਖ਼ਬਰ ਕਰਦੇ ਹਨ ਕਿ ਸਾਹਿਬ ਜੀ ਪ੍ਰਸ਼ਾਦ ਤਿਆਰ ਹੈ ਤਾਂ ਭਾਈ ਸਾਹਿਬ ਜੀ ਆਪ ਆਕੇ ਅਰਦਾਸਾ ਸੋਧਦੇ ਬੇਨਤੀ ਕਰਦੇ ਹਨ, "ਕਰੀ ਪਾਕਸਾਲ ਸੋਚ ਪਵਿਤ੍ਰਾ ਹੁਣਿ ਲਾਵਹੁ ਭੋਗੁ ਹਰਿ ਰਾਇ" ॥ ਹੁਣ ਸਵੇਰਾ ਹੋ ਗਿਆ ਸੀ ਸੰਗਤ ਆ ਰਹੀ ਸੀ ਕਿ ਅਚਾਨਕ ਉਸੇ ਵੇਲੇ ਬੇਅੰਤ ਸੰਤ ਇਕੱਠੇ ਹੋ ਗਏ, ਜਿਵੇਂ ਕੋਈ ਜੱਗ ਦਾ ਮੇਲਾ ਹੁੰਦਾ ਹੈ ਤੇ ਐਉਂ ਡੇਰਾ ਭਰ ਗਿਆ। ਅਰਦਾਸਾ ਸੋਧਕੇ ਵਾਰ ਦੇ ਭੋਗ ਪਏ ਤੇ ਕੜਾਹ ਪ੍ਰਸ਼ਾਦ ਵਰਤੀਣਾ ਆਰੰਭ ਹੋਇਆ, ਇੰਨੀ ਸੰਗਤ ਸੀ ਕਿ ਸਾਰਾ ਕੜਾਹ ਪ੍ਰਸ਼ਾਦ ਸਾਰੀ ਸੰਗਤ ਨੂੰ ਪੂਰਾ ਉਤਰਿਆ। ਜਾਪਦਾ ਹੈ ਕਿ ਸ੍ਰੀ ਸੰਤ ਜੀ ਨੂੰ ਸੰਗਤ ਦੇ ਰੂਪ ਵਿਚ ਗੁਰੂ ਆਉਂਦਾ ਤੇ ਉਧਰੋਂ ਸੰਗਤਾਂ ਵਲੋਂ ਰਸਦਾਂ ਪੁਜਦੀਆਂ ਆਪਣੇ ਭਜਨ ਵੇਲੇ ਦੁਹਾਂ ਗਲਾਂ ਦਾ ਅੰਤ੍ਰੀਵ ਗਿਆਨ ਹੋ ਗਿਆ ਸੀ।

**੧੨. ਪਰਉਪਕਾਰ ਦੇ ਹੋਰ ਵਾਕਯਾਤ–**

ਨੂਨਾਂ ਵਾਲਾ ਸ਼ਾਹ ਪੁਰ ਲਾਗੇ ਇਕ ਪਿੰਡ ਹੈ ਉਥੇ ਭਾਈ ਸੁਹੇਲ ਸਿੰਘ ਤੇ ਸ਼ੰਕਰਦਾਸ ਦੋ ਭਰਾ ਗੁਰੂ ਘਰ ਦੇ ਸਿਦਕੀ ਸਿੱਖ ਸਨ; ਸ੍ਰੀਮਾਨ ਭਾਈ ਰਾਮ ਕਿਸ਼ਨ ਜੀ ਪਰ ਉਨ੍ਹਾਂ ਦੀ ਬੜੀ ਸ਼ਰਧਾ ਸੀ। ਇਹ ਦੋਵੇਂ ਭਰਾ ਇਕ ਦਿਨ ਆਏ ਤੇ ਬੇਨਤੀ ਕੀਤੀ ਕਿ ਸਾਡੀ ਥੋੜ੍ਹੀ ਜਿਹੀ ਜ਼ਮੀਨ ਹੈ, ਇਹ ਜ਼ਮੀਨ ਬੇਲੇ ਦੀ ਹੈ ਤੇ ਦਰਿਆ ਨੇ ਆਪਣਾ ਰੁਖ਼ ਬਦਲਕੇ ਢਾ ਲਾ ਦਿਤੀ ਹੈ। ਕੁਝ ਜ਼ਮੀਨ ਦਰਿਆ ਬੁਰਦ ਹੋ ਗਈ ਹੈ ਤੇ ਕੁਛ ਹੋ ਰਹੀ ਹੈ। ਇਸੇ ਜ਼ਮੀਨ ਦੀ ਆਮਦਨੀ ਤੇ ਘਰ

ਦਾ ਨਿਰਬਾਹ ਸੀ, ਸੋ ਜੇ ਇਹ ਦਰਿਆ ਨੇ ਢਾ ਲਈ ਤਾਂ ਪਰਿਵਾਰ ਲਈ ਬੜੀ ਔਖੀ ਗਲ ਬਣ ਜਾਏਗੀ। ਐਸ ਵੇਲੇ ਤੁਹਾਡੇ ਬਿਨਾਂ ਕੋਈ ਸਹਾਈ ਨਹੀਂ ਹੋ ਸਕਦਾ। ਜਿਵੇਂ ਦਰਿਆ ਬਾਦਸ਼ਾਹ ਹੈ; ਤਿਵੇਂ ਆਪ ਬਾਦਸ਼ਾਹ ਹੋ, ਜੇ ਮਿਹਰ ਕਰੋ ਤਾਂ ਰੋਟੀ ਦਾ ਉਪਰਾਲਾ ਬਣਿਆ ਰਹੇ। ਸੰਤ ਜੀ ਸੁਣਕੇ ਚੁਪ ਹੋ ਗਏ ਫਿਰ ਉਠੇ ਤੇ 'ਧੰਨ ਗੁਰ ਨਾਨਕ' ਕਹਿੰਦੇ ਕਹਿੰਦੇ ਨਾਲ ਤੁਰ ਪਏ। ਦੋਪਹਿਰ ਦਾ ਵੇਲਾ ਸੀ, ਦਰਿਯਾ ਦੇ ਕੰਢੇ ਜਿਥੇ ਜ਼ਮੀਨ ਨੂੰ ਢਾ ਲਗ ਰਹੀ ਸੀ ਜਾ ਖੜੋਤੇ। ਜਿਥੇ ਖੜੋਤੇ ਉਥੇ ਖ਼ਤਰਾ ਸੀ ਕਿ ਹੁਣੇ ਇਹ ਕੰਢਾ ਢਹਿਕੇ ਵਿਚ ਜਾ ਪਵੇਗਾ। ਆਪ ਢਾ ਵਾਲੀ ਥਾਂ ਤੇ ਬੈਠ ਗਏ ਤੇ ਉਨ੍ਹਾਂ ਨੂੰ ਕਹਿਣ ਲਗੇ: 'ਦੂਰ ਜਾਕੇ ਬੈਠ ਜਾਓ ਤੇ ਮਹਾਰਾਜ ਦੇ ਚਰਨਾਂ ਵਲ ਮਨ ਲਾਕੇ 'ਵਾਹਿਗੁਰੂ' ਸ਼ਬਦ ਦਾ ਜਾਪ ਕਰੋ'। ਭਾਈ ਸੁਹੇਲ ਸਿੰਘ ਜੀ ਦਸਦੇ ਹਨ ਕਿ ਅਸੀਂ ਦੂਰ ਜਾ ਕੇ ਬੈਠ ਗਏ ਤੇ ਸਿਮਰਨ ਵਿਚ ਲਗ ਪਏ, ਪਰ ਸੰਤ ਉਸੇ ਟਿਕਾਣੇ ਬੈਠੇ 'ਧੰਨ ਗੁਰੂ ਨਾਨਕ' ਕਹਿੰਦੇ ਰਹੇ। ਜੇਠ ਹਾੜ ਦੇ ਦਿਨ ਸਨ, ਧੁਪ ਕੜਕਵੀਂ ਪੈ ਰਹੀ ਸੀ, ਤਿੰਨ ਘੰਟੇ ਜਦ ਇਸੇ ਤਰ੍ਹਾਂ ਬੈਠਿਆਂ ਹੋ ਗਏ, ਤਦ ਸੱਜਣ ਦੱਸਦੇ ਹਨ ਕਿ ਸਾਨੂੰ ਸੱਦਿਓ ਨੇ ਤੇ ਕਹਿਣ ਲਗੇ ਬਾਬਾ ਜੀ ਦਾ ਹੁਕਮ ਹੋਇਆ ਹੈ ਕਿ ਜਦ ਤਕ ਸਾਡਾ ਸਰੀਰ ਰਹੇਗਾ ਤਦ ਤਕ ਢਾ ਨਹੀਂ ਲੱਗੇਗੀ, ਉਸ ਤੋਂ ਪਿੱਛੋਂ ਜਿਵੇਂ ਕਰਤਾਰ ਦਾ ਹੁਕਮ ਹੋਵੇਗਾ ਤਿਵੇਂ ਵਰਤੇਗੀ। ਇਸ ਤੋਂ ਪਿਛੋਂ ਆਪ 'ਧੰਨ ਗੁਰ ਨਾਨਕ' ਦੇ ਰੰਗ ਰਤੇ ਉਠਕੇ ਡੇਰੇ ਆ ਗਏ। ਬਚਨ ਆਪ ਦੇ ਪੂਰੇ ਹੋਏ, ਜਿਥੇ ਸੰਤ ਬੈਠੇ ਸਨ ਉਸ ਤੋਂ ਅਗੇ ਢਾ ਲਗਣੀ ਬੰਦ ਹੋ ਗਈ, ਦਰਯਾ ਨੇ ਰੁਖ਼ ਵਟਾ ਲਿਆ। ਭਾਈ ਸਾਹਿਬ ਜੀ ਦੇ ਜੀਵਨ ਤਕ ਉਹ ਟਿੱਬੀ ਜਿਥੇ ਆਪ ਬੈਠੇ ਸਨ ਹਿੱਲੀ ਹੋਈ ਹੋਣ ਤੇ ਵੀ ਉਸੇ ਤਰ੍ਹਾਂ ਬਣੀ ਰਹੀ। ਇਹ ਨਿਸ਼ਚਿਤ ਬਾਤ ਹੈ ਕਿ ਉਨ੍ਹਾਂ ਦੇ ਚੋਲਾ ਛੋੜਨ ਦੇ ਬਾਦ ਉਹ ਥਾਂ ਢੱਠੀ ਹੈ।

੨.

ਸੰਤਾਂ ਦਾ ਦੁਖੀਆਂ ਦੀ ਪੀੜਾ ਹਰਨ ਦਾ ਜੋ ਉਪਰਾਲਾ ਹੁੰਦਾ ਸੀ

ਉਹ ਕਦੇ ਕਦੇ ਸੰਤਾਂ ਨੂੰ ਮੁਸ਼ਕਲਾਂ ਵਿਚ ਪਾ ਦਿੰਦਾ ਸੀ। ਸਭ ਤੋਂ ਵਡੀ ਅਉਖਿਆਈ ਕਰਜ਼ੇ ਦੀ ਹੁੰਦੀ ਸੀ। ਲੋੜਵੰਦਾਂ ਗਰੀਬਾਂ ਦੀ ਭੀੜ ਤਾੜ ਬਹੁਤ ਬਣੀ ਰਹਿੰਦੀ ਸੀ, ਕੋਈ ਕਪੜਾ, ਕੋਈ ਜੁੱਤੀ, ਕੋਈ ਆਟਾ ਤੇ ਕੋਈ ਦਾਣੇ ਮੰਗਦਾ। ਆਪ ਨੂੰ ਕੁਛ ਲੋੜਵੰਦਾਂ ਦੀ ਪਰਖ ਬੀ ਸੀ, ਸੋ ਮੁਥਾਜੀ ਵੇਖਕੇ ਪਸੀਜਦੇ ਸਨ ਤੇ ਝੱਟ ਮੋਦੀਖਾਨੇ ਦੀ ਦੁਕਾਨ ਤੇ ਹੁਕਮ ਕਰ ਭੇਜਦੇ ਸਨ ਕਿ ਅਮਕੇ ਨੂੰ ਅਮਕੀ ਸ਼ੈ ਦੇ ਦਿਓ ਯਾ ਲੈ ਦਿਓ। ਇਕ ਹੋਰ ਗੁਣ ਇਹ ਸੀ ਕਿ ਮੰਗ ਲੈਣ ਦੀ ਖੁੱਲ੍ਹ ਵਾਲੇ ਲੋੜਵੰਦਾਂ ਤੋਂ ਛੁੱਟ ਸਫੈਦਪੋਸ਼ ਲੋੜਵੰਦਾਂ ਨੂੰ ਆਪ ਗੁਪਤ ਦਾਨ ਬੀ ਦਿਆ ਕਰਦੇਸਨ, ਇਸ ਤਰ੍ਹਾਂ ਕਈ ਵੇਰ ਆਪ ਦੇ ਸਿਰ ਕਰਜ਼ਾ ਹੋ ਜਾਂਦਾ ਸੀ। ਇਕ ਵੇਰ ਦੀ ਗੱਲ ਹੈ ਕਿ ਕਰਜ਼ਾ ਬਹੁਤ ਹੋ ਗਿਆ। ਮੋਦੀਖਾਨੇ ਵਾਲੇ ਨੇ ਤੰਗ ਕੀਤਾ, ਕਿ ਹੁਣ ਬਹੁਤੇ ਰੁਪਏ ਹੋ ਗਏ ਹਨ ਤੇ ਮੈਂ ਲੋੜ ਵਿਚ ਹਾਂ। ਆਪ ਰੁਪਏ ਓਦੋਂ ਦੇ ਨਾ ਸਕੇ ਤਾਂ ਇਕ ਦਿਨ ਮੋਦੀ ਦੇ ਮੂੰਹੋਂ ਨਿਕਲ ਗਿਆ–'ਭਾਈ ਸਾਹਿਬ ਜੀ! ਤੁਸੀਂ ਹੁਣ ਗਰੀਬ ਹੋ ਗਏ ਹੋ ਜੋ ਕਰਜ਼ਾ ਨਹੀਂ ਲਾਹ ਸਕਦੇ'। ਭਾਈ ਸਾਹਿਬ ਜੀ ਆਪਣੇ ਮਸਤਾਨੇ ਰੰਗ ਵਿਚ ਬੈਠੇ ਬੋਲ ਪਏ 'ਤੂੰ ਹੋਨਾ ਏਂ ਭੜੂਆ, ਅਸੀਂ ਜਿਸ ਦੇ ਨਫਰ ਹਾਂ ਉਹ ਸ਼ਾਹਿਨਸ਼ਾਹ ਹੈ, ਸ਼ਾਹਿਨਸ਼ਾਹਾਂ ਦੇ ਨਫਰਾਂ ਨੂੰ ਗਰੀਬ ਕੌਣ ਬਣਾ ਸਕਦਾ ਹੈ? ਵੇਖ ਸਾਡੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਸਾਡੇ ਅਰਸ਼ ਕੁਰਸ਼ ਦੇਦਾਤਾ,ਸਾਡੇ ਸਿਰਾਂ ਦੇ ਸੁਆਮੀ ਸੱਚੇ ਖਜ਼ਾਨਿਆਂ ਵਾਲੇ, ਸਾਡੀਆਂ ਖੂਹੀਆਂ ਪਰਉਪਕਾਰ ਦੀਆਂ ਨੈਆਂ। ਧਰਮਸਾਲਾਂ ਸਾਡੀਆਂ ਹਰਿ ਧਨ ਦੀਆਂ ਦਾਤਾਂ, ਸਾਡਾ ਬਾਬਾ ਨਾਨਕ ਪਾਤਸ਼ਾਹਾਂ ਦਾ ਪਾਤਸ਼ਾਹ। ਬਹੂੰ ਜੇ ਤੂੰ ਤੰਗ ਹੋਣਾ ਹੈ ਤਾਂ ਖੂਹੀਆਂ ਗਹਿਣੇ ਘੱਤ ਲੈ'। ਉਹ ਕਹਿਣ ਲੱਗਾ 'ਜਿ ਫਿਰ ਜੋ ਪਾਣੀ ਭਰੇਗਾ ਮੈਂ ਇਕ ਘੜੇ ਦਾ ਇਕ ਪੈਸਾ ਮਸੂਲ ਲਾਵਾਂਗਾ, ਮੇਰਾ ਵਿਆਜ ਤਾਂ ਨਿਕਲਦਾ ਰਹੂ।' ਭਾਈ ਸਾਹਿਬ ਜੀ ਕਹਿਣ ਲਗੇ, ਨਾ ਭਾਈ ਨਾ, ਇਹ ਸੌਦਾ ਨਹੀਂ ਪੁਜਦਾ ਪਾਣੀ ਭਰਾਈ ਮਹਿਰੇ ਲੈਂਦੇ ਹਨ, ਸਾਊਆਂ ਦਾ ਕੰਮ ਨਹੀਂ, ਗਰੀਬਾਂਨੂੰ ਔਖ ਹੋਸੀ।ਬਾਬੇ ਨਾਨਕ ਦੇ ਖੂਹ ਬੇ-ਮਸੂਲੇ ਹਨ;ਅੱਛਾ ਜਾਹ,

ਬਾਬਾ ਨਾਨਕ ਆਪੇ ਭੇਜੇਗਾ, ਕੋਈ ਕਮੀ ਨਹੀਂ। ਨਿਕਟਵਰਤੀ ਸਜਣ ਦਸਦੇ ਹਨ ਕਿ ਉਸੇ ਵੇਲੇ ਇਕ ਪ੍ਰੇਮੀ ਬਾਹਰੋਂ ਆ ਗਿਆ, ਉਸਨੇ ੫੦੦) ਰੁਪਯਾ ਭੇਟਾ ਕੀਤਾ। ਭਾਈ ਸਾਹਿਬ ਜੀ ਨੇ ਪਹਿਲੋਂ ਕੁਛ ਰੁਪਯਾ ਦੁਖੀ ਸਫੇਦਪੋਸ਼ਾਂ ਨੂੰ ਗੁਪਤ ਘੱਲ ਦਿਤਾ, ਕੁਛ ਪਾਸ ਬੈਠੇ ਜ਼ਰੂਰੀ ਲੋੜਵੰਦਾਂ ਨੂੰ ਦੇ ਦਿਤਾ, ਕੁਛ ਸ੍ਰੀ ਅੰਮ੍ਰਿਤਸਰ ਗੁਰੂ ਕੇ ਹਜ਼ੂਰ ਤੇ ਕੁਛ ਬਾਬਾ ਸਾਹਿਬ ਸਿੰਘ ਜੀ ਉਨੇ ਵਾਲਿਆਂ ਨੂੰ ਭੇਜ ਦਿਤਾ, ੨੫੦) ਉਸ ਮੋਦੀਖਾਨੇ ਵਾਲੇ ਨੂੰ ਦਿਤੇ ਤੇ ਆਖਿਆ, 'ਭਰੋਸਾ ਰਖ, ਗੁਰੂ ਕੇ ਘਰ ਕਾਈ ਕਮੀ ਨਹੀਂ'। ਥੋੜੇ ਚਿਰ ਵਿਚ ਮਾਲਕ ਦੀ ਪ੍ਰੇਰੀ ਮਾਇਆ ਹੋਰ ਆ ਗਈ ਤੇ ਮੋਦੀ ਦਾ ਘਰ ਪੂਰਾ ਹੋ ਗਿਆ।

ਭਾਈ ਸਾਹਿਬ ਜੀ ਦੇ ਦਿਲ ਦੀ ਖੂਬੀ ਇਥੋਂ ਦੇਖਣ ਵਾਲੀ ਹੈ ਕਿ ੫੦੦)ਆਉਂਦੇ ਸਾਰ ਮੋਦੀ ਨੂੰ ਦੇਕੇ ਮਗਰੋਂ ਲਾਹੁਣ ਦੀ ਨਹੀਂਕੀਤੀ। ਪਹਿਲਾਂ ਲੋੜਵੰਦਾਂ ਵਲ ਘੱਲਿਆ, ਜਿਨ੍ਹਾਂ ਦੀ ਲੋੜ ਆਪ ਦੀਆਂ ਨਜ਼ਰਾਂ ਵਿਚ ਬੜੀ ਸੀ। ਬਾਕੀ ਦੀ ਰਕਮ ਮੋਦੀ ਨੂੰ ਦਿੱਤੀ। ਪਰਾਈ ਪੀੜਾ ਪਹਿਲਾਂ ਨਿਵਾਰੀ ਤੇ ਮੋਦੀ ਦੀ ਸਖਤੀ ਦੀ ਨਿਜ ਪੀੜਾ ਮਗਰੋਂ ਹਲਕੀ ਕੀਤੀ।

**੧. ਦੇਖ ਕੇ ਅਣਡਿੱਠਾ ਕਰਨਾ–**

ਸੰਤ ਹੀਰਾ ਸਿੰਘ ਜੀ ਜੋ ਬੜੇ ਨਾਮ ਦੇ ਪ੍ਰੇਮੀ ਤੇ ਉਪਕਾਰੀ ਹਨ, ਤੇ ਇਨ੍ਹਾਂ ਦੀ ਖਾਸ ਮਿਹਨਤ ਤੇ ਕੁਰਬਾਨੀ ਦਾ ਚਲਾਯਾ ਖਾਲਸਾ ਹਾਈ ਸਕੂਲ ਸ਼ਾਹ ਪੁਰ ਦੇ ਵਿਚ ਪੰਜਾਬ ਦੀ ਵੰਡ ਹੋਣ ਵੇਲੇ ਤੱਕ ਚਲਦਾ ਰਿਹਾ ਹੈ, ਆਪ ਦੀ ਥਾਂਵੇਂ ਸ੍ਰੀ ਮਹੰਤ ਰਹੇ ਸਨ। ਆਪ ਦੱਸਦੇ ਸਨ ਕਿ ਅਸੀਂ ਡੇਰੇ ਵਿਚ ਨਿੱਕੇ ਹੁੰਦਿਆਂ ਇਕ ਆਦਮੀ ਨੂੰ ਆਉਂਦਿਆਂ ਦੇਖਦੇ ਰਹੇ ਹਾਂ, ਜਿਸ ਦੀ ਵਿਥਯਾ ਇਸ ਪ੍ਰਕਾਰ ਹੈ:– ਇਕ ਸਜਣ ਸੰਤਾਂ ਦੇ ਡੇਰੇ ਮੁਸਾਫਰ ਹੋਕੇ ਆਇਆ, ਪ੍ਰਸ਼ਾਦ ਛਕਿਆ, ਰਾਤ ਨੂੰ ਡੇਰੇ ਰਿਹਾ, ਮੰਜਾ ਬਿਸਤਰਾ ਡੇਰਿਓਂ ਮਿਲ ਗਿਆ ਤੇ ਇਹ ਸੌਂ ਗਿਆ। ਇਹ ਪਰਾਹੁਣਾ ਅੱਧੀ ਰਾਤ ਡੇਰੇ ਦੇ ਭਾਂਡੇ ਲੈਕੇ ਟੁਰਦਾ ਹੋਇਆ। ਬਰਤਨਾਂ ਪਰ ਵਡੇ ਸੰਤ ਭਾਈ ਵਸਤੀ ਰਾਮ ਜੀ ਦਾ ਨਾਮ

ਉਕਰਿਆ ਹੋਇਆ ਸੀ, ਇਸ ਕਰਕੇ ਉਹ ਆਦਮੀ ਰਸਤੇ ਜਾਂਦਾ ਫੜਿਆ ਗਿਆ, ਭਾਂਡੇ ਪਛਾਣੇ ਗਏ ਤੇ ਫੜਕੇ ਛਾਉਣੀ ਸ਼ਾਹ ਪੁਰ ਆਂਦਾ ਗਿਆ। ਪੁਲਸ ਵਲੋਂ ਭਾਈ ਸਾਹਿਬ ਨੂੰ ਬੁਲਾਇਆ ਗਿਆ ਕਿ ਭਾਂਡੇ ਆਪ ਆਕੇ ਸਿਆਣੋ ਤੇ ਇਸ ਪਰ ਮੁਕੱਦਮਾ ਚਲੇ। ਭਾਈ ਸਾਹਿਬ ਨੇ ਆਪਣੇ ਸਾਧ ਭਾਈ ਧਰਮ ਦਾਸ ਨੂੰ ਟੋਰਿਆ ਤੇ ਤਾਕੀਦ ਕੀਤੀ ਕਿ ਦੇਖ ਤੂੰ ਸਾਧ ਹੈਂ, ਸਾਧ ਦੀ ਦ੍ਰਿਸ਼ਟੀ ਵਿਚ ਚੋਰ ਕੋਈ ਨਹੀਂ, ਤੂੰ ਉਸ ਨੂੰ ਚੋਰ ਨਹੀਂ ਕਹਿਣਾ ਤੇ ਭਾਂਡਿਆਂ ਬਾਬਤ ਨਹੀਂ ਕਹਿਣਾ ਕਿ ਚੋਰੀ ਕਰਕੇ ਲੈ ਗਿਆ ਹੈ। ਡੇਰਾ ਸਾਧ ਸੰਗਤ ਦਾ ਹੈ, ਸਾਧ ਸੰਗਤ ਭਾਂਡੇ ਦੇ ਜਾਂਦੀ ਹੈ, ਸਾਧ ਸੰਗਤ ਲੈ ਜਾਂਦੀ ਹੈ, ਸਾਡਾ ਕੁਛ ਨਹੀਂ ਜੋ ਕੋਈ ਚੁਰਾਵੇ। ਭਾਈ ਧਰਮ ਦਾਸ ਸਾਧੂ ਜੋ ਪੁਲਸ ਵਿਚ ਗਏ ਉਨ੍ਹਾਂ ਨੇ ਚੋਰ ਜਾਕੇ ਛੁਡਾ ਦਿਤਾ ਤੇ ਪੁਲਸ ਨੂੰ ਕਿਹਾ ਕਿ ਭਾਂਡੇ ਚੋਰੀ ਨਹੀਂ ਗਏ, ਇਹ ਚੋਰ ਨਹੀਂ, ਸਾਧ ਸੰਗਤ ਦਾ ਮਾਲ ਹੈ, ਇਹ ਲੋੜਵੰਦ ਹੋਸੀ, ਲੈ ਗਿਆ ਹੈ, ਆਪ ਛੋੜ ਦਿਓ; ਵਡੇ ਸੰਤ ਇਹੋ ਚਾਹੁੰਦੇ ਹਨ ਕਿ ਆਪ ਇਸ ਨੂੰ ਛੋੜ ਦਿਓ। ਪੁਲਸ ਨੇ ਉਸ ਨੂੰ ਛੋੜ ਦਿੱਤਾ ਤੇ ਧਰਮ ਦਾਸ ਨੇ ਉਸ ਨੂੰ ਭਾਂਡਿਆਂ ਸਣੇ ਘਰ ਨੂੰ ਵਿਦਾ ਕੀਤਾ। ਸੰਤਾਂ ਦੀ ਇਸ ਬ੍ਰਹਮ ਦ੍ਰਿਸ਼ਟੀ ਨਾਲ ਉਸ ਦਾ ਸੁਭਾਉ ਬਦਲ ਗਿਆ*। ਉਹ ਫੇਰ ਡੇਰੇ ਆਉਂਦਾ ਤੇ ਸੰਤਾਂ ਦੇ ਦਰਸ਼ਨਾਂ ਦਾ ਲਾਭ ਲੈਂਦਾ ਰਿਹਾ, ਸੰਤਾਂ ਕਦੇ ਉਸ ਨੂੰ ਚੋਰ ਨਹੀਂ ਕਿਹਾ, ਪਰ ਉਸ ਦੀ ਚੋਰੀ ਹਟ ਗਈ ਤੇ

---

*ਪੱਛਮੀ ਨਾਵਲਾਂ ਦੇ ਪੜ੍ਹਨ ਵਾਲਿਆਂ ਨੇ ਫਰਾਂਸ ਦੇ ਨਾਵਲ 'ਲਾ ਮਿਜ਼ਰੇਬਲਸ' ਵਿਚ ਪੜ੍ਹੀ ਹੋਊ ਕਿ ਇਕ ਪਾਦਰੀ ਨੇ ਇਕ ਇਸ ਤਰ੍ਹਾਂ ਦੇ ਪਰਾਹੁਣੇ ਨੂੰ ਜੋ ਚਾਂਦੀ ਦੇ ਸ਼ਮਾਦਾਨ ਚੁੱਕ ਲਿਗਿਆ ਸੀ, ਪੁਲਸ ਵਿਚ ਫੜੇ ਜਾਣ ਤੋਂ ਛੁਡਵਾਇਆ ਸੀ ਤੇ ਉਸ ਦਾ ਜੀਵਨ ਫੇਰ ਪਰਉਪਕਾਰੀ ਹੋ ਗਿਆ ਸੀ। ਇਹ ਤਾਂ ਕਹਾਣੀ ਹੈ; ਪਰ ਆਪਣੇ ਪੰਥ ਵਿਚ ਵੇਖੋ ਕਿ ਸਚਮੁਚ ਦੀਆਂ ਐਸੀਆਂ ਕਰਨੀਆਂ ਵਾਲੇ ਮਹਾਂ ਪੁਰਖ ਹੋ ਗੁਜ਼ਰੇ ਹਨ ਜਿਨ੍ਹਾਂ ਦੇ ਇਤਿਹਾਸ ਐਸੇ ਅਮੋਲਕ ਹਨ।

ਉਹ ਭਲਾ ਤੇ ਨੇਕ ਬੰਦਾ ਬਣ ਗਿਆ।

## ੧੪. ਸਾਧ ਸੰਗਤ ਦੀ ਸੇਵਾ ਤੀਰਥ ਯਾਤ੍ਰਾ ਤੋਂ ਉੱਤਮ ਹੈ–

ਇਕੇਰਾਂ ਪੰਜ ਸੌ ਰੁਪੱਯਾ ਕਿਸੇ ਨੇ ਅਗੇ ਆਣ ਰਖਿਆ ਕਿ ਆਪ ਤੀਰਥ ਯਾਤ੍ਰਾ ਕਰੋ। ਭਾਈ ਸਾਹਿਬ ਜੀ ਨੇ ਕਿਹਾ, 'ਸਾਡੀ ਤੀਰਥ ਯਾਤ੍ਰਾ ਡੇਰੇ ਦੇ ਆਏ ਗਏ ਦੀ ਸੇਵਾ ਹੈ,ਯਾ ਸਤਿਗੁਰੂ ਰਾਮਦਾਸ ਸਾਹਿਬ ਜੀ ਦਾ ਦਰਬਾਰ ਸ੍ਰੀ ਅੰਮ੍ਰਿਤਸਰ ਹੈ, ਹੋਰ ਅਸਾਂ ਕਿਧਰ ਜਾਣਾ ਹੈ, ਸਾਡਾ ਆਵਣ ਜਾਣ ਮੁੱਕ ਚੁਕਾ ਹੈ। 'ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ'। ਹਾਂ, ਤੀਰਥ ਰਾਜ ਹਰੀਮੰਦਰ ਹੈ ਜਿਥੇ ਸਾਂਈਂ ਦਾ ਅਖੰਡ ਕੀਰਤਨ ਅੱਠੇ ਪਹਿਰ ਹੁੰਦਾ ਹੈ ਤੇ ਜਿਸ ਦੀ ਮਹਿਮਾ ਸ੍ਰੀ ਗੁਰੂ ਬਾਣੀ ਵਿਚ ਲਿਖੀ ਹੈ'। ਪਰ ਉਹ ਕਹਿਣ ਲੱਗਾ 'ਜ਼ਰੂਰ ਕ੍ਰਿਪਾ ਕਰੋ, ਜ਼ਰੂਰ ਜਾਓ, ਜ਼ਰੂਰ ਜਾਓ'। ਸ੍ਰੀ ਭਾਈ ਸਾਹਿਬ ਜੀ ਨੇ ਤਾਂ ਕਿਵੇਂ ਬੀ ਨਾ ਮੰਨਿਆ, ਪਰ ਇਕ ਸਾਧ ਭਾਈ ਜਵਾਹਰ ਜੀ ਨੇ ਕਿਹਾ ਕਿ ਮਹਾਰਾਜ ਮੈਨੂੰ ਘਲੋ, ਮੈਂ ਜਾਂਦਾ ਹਾਂ। ਭਾਈ ਸਾਹਿਬ ਜੀ ਨੇ ਉਸ ਨੂੰ ਕਿਹਾ ਕਿ "ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ॥ ਤੀਰਥੁ ਸਬਦ ਬੀਚਾਰ ਅੰਤਰਿ ਗਿਆਨੁ ਹੈ।" ਸਾਡੇ ਸਤਿਗੁਰੂ ਜੀ ਦੇ ਘਰ 'ਨਾਮ' ਤੀਰਥ ਹੈ, ਇਸ ਤੀਰਥ ਵਿਚ ਬੈਠਕੇ ਜੋ ਜੀਅ ਦਇਆ ਕਰਨੀ ਹੈ, ਸੋ ਗੁਰਮਤ ਦੱਸਦੀ ਹੈ ਕਿ ਤੀਰਥਾਂ ਪਰ ਕੀਤੇ ਦਾਨਾਂ ਤੋਂ ਸ੍ਰੇਸ਼ਟ ਹੈ! ਤੀਰਥ 'ਨਾਮ' ਹੈ, ਜੀਅ ਦਇਆ 'ਦਾਨ' ਹੈ"। ਪਰ ਸਾਧ ਨੇ ਹਠ ਕੀਤਾ। ਸੰਤਾਂ ਨੇ ਸੌ ਰੁਪਯਾ ਉਸ ਨੂੰ ਦੇ ਕੇ ਕਿਹਾ 'ਅੱਛਾ ਭਾਈ ਜਾਹ ਦੇਖ ਲੈ ਕਿੰਨਾ ਕੁ ਫਲ ਤੀਰਥਾਂ ਤੇ ਹੋਵਣ ਦਾ ਮਿਲਦਾ ਹੈ, ਪਰ ਇਕ ਚੇਤਾ ਰਖੀਂ ਗੁਰਧਾਮਾਂ ਤੇ ਜਾਵੇਂ ਤਾਂ ਚਰਨ ਧੂੜਿ ਲਈ ਆਵੀਂ!' ੧੦੦) ਉਹ ਲੈ ਗਿਆ ਤੇ ਬਾਕੀ ਰੁਪਯਾ ਸੰਤਾਂ ਨੇ ਕਿਤੇ ਲੋੜ ਦੀ ਥਾਂ ਖੂਹੀ ਧਰਮਸਾਲਾ ਆਦਿਕ ਤੇ ਖਰਚ ਕਰ ਦਿਤਾ। ਸਾਧੂ ਤੀਰਥਾਂ ਤੇ ਫਿਰਦਾ ਫਿਰਾਂਦਾ ਵਾਪਸ ਸ਼ਾਹ ਪੁਰ ਆ ਗਿਆ, ਪਰ ਚਰਨ ਧੂੜਿ ਲਿਆਵਣੀ ਭੁੱਲ ਗਿਆ। ਜਿਸ ਵੇਲੇ ਵਾਪਸ ਸ਼ਹਿਰੋਂ ਬਾਹਰ ਪੁੱਜਾ ਤਾਂ

ਚਰਨ ਧੂੜਿ ਚੇਤੇ ਆਈ, ਫਿਰ ਡਰਿਆ। ਬਾਹਰ ਮੇਲਾ ਲੱਗਾ ਹੋਇਆ ਸੀ ਮੁਸਲਮਾਨਾਂ ਦਾ, ਜੋ ਹਰ ਸਾਲ ਚੇਤਰ ਵਿਚ ਸ਼ਾਹ ਪੁਰ ਲਗਦਾ ਹੈ। ਉਥੋਂ ਸਾਧ ਨੇ ਧੂੜਿ ਲੈਕੇ ਬੰਨ੍ਹ ਲਈ ਤੇ ਡੇਰੇ ਆ ਗਿਆ। ਤ੍ਰੇਸ ਦਾ ਉਡਿਆ ਚਿਹਰਾ, ਥੱਕਿਆ ਸਰੀਰ ਤੇ ਖਿੰਡਾਉ ਦਾ ਪ੍ਰਭਾਵ ਸੰਤਾਂ ਨੇ ਤੱਕਿਆ ਪਰ ਜਣਾਇਆ ਕੁਛ ਨਹੀਂ। ਪਹਿਲਾਂ ਇਹੋ ਗਲ ਪੁੱਛੀ 'ਚਰਨ ਧੂੜਿ ਲਿਆਇਆ ਹੈਂ?' ਓਹ ਸਾਧ ਪੁੜੀ ਅਗੇ ਰਖਕੇ ਬੇਨਤੀ ਕਰਨ ਲਗਾ, 'ਜੀ! ਮੈਂ ਬੜੇ ਬੜੇ ਸੰਤਾਂ ਦੀ ਤੇ ਬੇਅੰਤ ਸੰਗਤਾਂ ਦੀ ਚਰਨ ਧੂੜਿ ਆਂਦੀ ਹੈ ਪਰ ਇਹ ਨਹੀਂ ਦੱਸ ਸਕਦਾ ਕਿ ਕਿਥੋਂ ਕਿਥੋਂ ਆਂਦੀ ਹੈ।'

ਦੇਖੋ ਕੇਡਾ ਤੀਰਥ ਯਾਤ੍ਰਾ ਦਾ ਫਲ ਲੱਗਾ ਕਿ ਮਹਾਂ ਪੁਰਖਾ ਦੇ ਸਾਹਮਣੇ ਅਸੱਤਿ ਵਾਕ ਕਹਿ ਰਿਹਾ ਹੈ।

ਗਹਿਰ ਗੰਭੀਰ ਭਾਈ ਸਾਹਿਬ ਜੀ ਉਸ ਦੀਆਂ ਗੱਲਾਂ ਸੁਣਕੇ ਮੁਸਕ੍ਰਾਏ ਤੇ ਬੋਲੇ 'ਬਲਿਹਾਰ ਬਲਿਹਾਰ!' ਅਛਾ ਬਣੀ ੧।) ਦਾ ਪ੍ਰਸ਼ਾਦ ਕਰੋ ਤੇ ਵਰਤਾਓ ਜੋ ਸਾਧ ਮੁੜ ਡੇਰੇ ਆ ਗਿਆ ਹੈ*, ਭਲਾ ਹੋ ਵੈਸੀ।

**੧੫. ਗੁਰੂ ਪਰ ਭਰੋਸਾ ਤੇ ਭਰੋਸੇ ਦਾ ਅਸਰ–**

ਇਕ ਭਾਈ ਹਰੀ ਸਿੰਘ ਨਾਮ ਦਾ ਸਿੰਘ ਪਟਵਾਰੀ ਦਾ ਕੰਮ ਕਰਦਾ ਕਿਸੇ ਤਰ੍ਹਾਂ ਪਕੜਿਆ ਗਿਆ, ਮੁਕੱਦਮਾ ਹੋਣ ਲਗਾ, ਉਗਾਹੀਆਂ ਐਸੀਆਂ ਪਈਆਂ ਕਿ ਫਰਦ ਜੁਰਮ ਲਗ ਗਿਆ। ਜਿਸ ਦਿਨ ਹਾਕਮ

---

*ਸੰਤਾਂ ਨੇ ਉਸ ਵੇਲੇ ਜੁੜੀ ਸਾਧ ਸੰਗਤ ਵਿਚ ਇਸ ਸਾਧੂ ਦਾ ਭਾਂਡਾ ਨਹੀਂ ਭੰਨਿਆ। ਸਿਖੀ ਅਸੂਲਾਂ ਵਿਚ ਇਹ ਗੁਣ ਵਿਸ਼ੇਸ਼ ਸੀ ਕਿ 'ਹਉ ਤਿਸਦੇ ਚਉਖੰਨੀਐ ਆਪ ਠਗਾਏ ਲੋਕਾਂ ਭਾਣੈ।' ਕਈ ਵੇਰ ਭਲੇ ਪੁਰਖ ਕੁਸੰਗ ਵਿਚੋਂ ਆਯਾਂ ਨੂੰ ਸਤਿਸੰਗ ਮੰਡਲ ਵਿਚ ਬਿਨਾਂ ਸਮੋਧ ਕੀਤੇ ਲੈ ਲੈਂਦੇ ਹਨ ਤੇ ਸਤਿਸੰਗ ਦੀ ਪਾਹ ਨਾਲ ਜੀਵ ਨੂੰ ਆਪਣੇ ਅਵਗੁਣ ਆਪ ਸਮਝ ਪੈ ਜਾਂਦੇ ਹਨ ਤੇ ਉਹ ਮੈਲ ਧੋ ਕੇ ਨਿਰਮਲ ਹੋ ਜਾਂਦਾ ਹੈ। ਇਹ ਰਸਤਾ ਵਧੇਰੇ ਅਸਰ ਵਾਲਾ ਹੁੰਦਾ ਹੈ ਜੋ ਭੁੱਲਿਆਂ ਨੂੰ ਸੁਧਾਰ ਦੇਂਦਾ ਹੈ।

ਨੇ ਹੁਕਮ ਸੁਣਾਵਣਾ ਸੀ ਭਾਈ ਹਰੀ ਸਿੰਘ ਨੇ ਭਾਈ ਸਾਹਿਬ ਜੀ ਪਾਸ ਬੇਨਤੀ ਕਰ ਭੇਜੀ। ਭਾਈ ਸਾਹਿਬ ਜੀ ਨੇ ਗੁਰੂ ਦਰਬਾਰ ਦੀ ਚਰਨ ਧੂੜੀ ਦਿਤੀ ਕਿ ਪਾਸ ਰੱਖਣੀ ਤੇ ਸ਼ਬਦ ਦਾ ਪਾਠ ਕਰਨਾ, "ਐਥੈ ਓਥੈ ਰਖਵਾਲਾ ॥ ਪ੍ਰਭ ਸਤਿਗੁਰ ਦੀਨ ਦਇਆਲਾ ॥" ਹਾਕਮ ਜਿਸ ਵੇਲੇ ਹੁਕਮ ਲਿਖਣ ਲਗੇ ਕਲਮ ਨਾ ਚੱਲੇ। ਜਦ ਹੁਕਮ ਲਿਖਣ ਲਗੇ ਵਿਰੁਧ ਸਤਰਾਂ ਤੋਂ ਕਲਮ ਰੁਕੇ ਤੇ ਕੋਈ ਨਾ ਕੋਈ ਹਰਫ ਦਿਲ ਦੇ ਖਯਾਲ ਤੋਂ ਉਲਟ ਪੈ ਜਾਵੇ ਤੇ ਮਨ ਸੋਚੀਂ ਡੁਬ ਜਾਵੇ। ਕੁਛ ਦੇਰ ਇਸ ਤਰ੍ਹਾਂ ਦੇ ਘਬਰਾ ਵਿਚ ਰਹਿਕੇ ਹਾਕਮ (ਜੋ ਮੁਸਲਮਾਨ ਸੀ) ਕਹਿਣ ਲਗਾ, 'ਸੱਚ ਦਸ ਓਇ ਕੀ ਤੇਰਾ ਕੋਈ ਪੀਰ ਕਾਮਲ ਹੈ? ਜੋ ਮੈਨੂੰ ਲਿਖਣ ਨਹੀਂ ਦੇਂਦਾ, ਸਚ ਦੱਸ'। ਭਾਈ ਹਰੀ ਸਿੰਘ ਨੇ ਕਿਹਾ, 'ਜੀ ਠੀਕ ਹੈ, ਸ਼ਾਹ ਪੁਰ ਸ਼ਹਿਰ ਵਿਚ ਕਾਮਲ ਸੰਤ ਰੱਬ ਦੇ ਪਿਆਰੇ ਰਹਿੰਦੇ ਹਨ ਭਾਈ ਰਾਮ ਕਿਸ਼ਨ ਜੀ ਉਹਨਾਂ ਮੈਨੂੰ ਥਾਪੀ ਦਿਤੀ ਤੇ ਵਰ ਦਿਤਾ ਹੈ ਤੇ ਆਖਿਆ ਹੈ ਕਿ "ਬਾਬਾ ਨਾਨਕ ਜੀ ਨੇ ਤੈਨੂੰ ਬਖਸ਼ਿਆ ਹੈ", ਸੋ ਹਾਕਮ ਜੀ ਮੇਰੇ ਤੇ ਸਭ ਉਹਨਾਂ ਦੀ ਕ੍ਰਿਪਾ ਹੈ।' ਹਾਕਮ ਸੁਣਕੇ ਅਸਚਰਜ ਰਹਿ ਗਿਆ। ਅਦਾਲਤ ਤੋਂ ਹਾਕਮ ਉਠਕੇ ਸੰਤਾਂ ਦੇ ਦਰਸ਼ਨ ਕਰਨ ਆਇਆ ਤੇ ਦਰਸ਼ਨ ਕਰਕੇ ਉਨ੍ਹਾਂ ਦੇ ਉੱਚ ਜੀਵਨ ਦਾ ਕਾਇਲ ਹੋ ਗਿਆ। ਉਸ ਦਿਨ ਤੋਂ ਬਾਦ ਅੱਠੀਂ ਦਿਨੀ ਆਪ ਦੇ ਦਰਸ਼ਨ ਕਰਨ ਨੂੰ ਆਉਂਦਾ ਰਿਹਾ ਤੇ ਕ੍ਰਿਤਾਰਥ ਹੁੰਦਾ ਰਿਹਾ। ਭਾਈ ਹਰੀ ਸਿੰਘ ਬਰੀ ਹੋਕੇ ਬਹੁਤ ਚੰਗਾ ਪੁਰਖ ਹੋ ਗਿਆ! ਸੰਤਾਂ ਦੇ ਹੁਕਮ ਅਨੁਸਾਰ ਸੁਖਮਨੀ ਸਾਹਿਬ ਦਾ ਨੇਮੀ ਤੇ ਪ੍ਰੇਮੀ ਹੋ ਗਿਆ ਤੇ ਸੇਵਾ ਵਿਚ ਲਗ ਗਿਆ ਤੇ ਐਉਂ ਜੀਵਨ ਸੁਫਲ ਕਰ ਲਿਓਸੁ।

**੧੬. ਜੀਵ ਦਇਆ–**

ਸਿਖ ਸੰਤਾਂ ਵਿਚ ਕਿਤੇ ਕਿਤੇ ਕਦੇ ਕਦੇ ਇਕ ਪਰਉਪਕਾਰ ਦੀ ਗਲ ਵੇਖਣ ਵਿਚ ਆਉਂਦੀ ਹੈ ਜੋ ਜਾਪਦਾ ਹੈ ਕਿ ਬੁਧ ਤੇ ਜੈਨ ਮਤ ਦੇ ਸਮੇਂ ਤੋਂ ਪਰਮਾਰਥੀ ਲੋਕਾਂ ਵਿਚ ਅਨਭੋਲ ਟੁਰੀ ਆਈ ਹੈ। ਉਹ

ਹੈ ਜਾਨਵਰਾਂ ਦੀ ਪਾਲਣਾ, ਦੁਖੀ ਜਾਨਵਰਾਂ ਦੀ ਦਾਰੀ, ਭੁੱਖਿਆਂ ਦੀ ਪ੍ਰਤਿਪਾਲਾ। ਇਹ ਜੀਵ ਦਇਆ ਦਾ ਹਿੱਸਾ ਹਨ, ਜੈਸੇ ਕਿ ਰਾਣੀ ਅਹਿਲਜਾ ਬਾਈ ਮਾਰੂ ਥਲੇ ਦੀ ਜੇਠ ਹਾੜ ਦੀ ਤਪਸ਼ ਤੇ ਪਾਣੀ ਦੀ ਕਮੀ ਦੇ ਦਿਨੀਂ ਖੇਤਾਂ ਵਿਚ ਵਹਿੰਗੀਆਂ ਦੇਕੇ ਹਲ ਵਾਹੁੰਦੇ ਬੈਲਾਂ ਲਈ ਆਪਣੇ ਖਰਚ ਤੇ ਪ੍ਰਬੰਧ ਤੇ ਪਾਣੀ ਘੱਲਿਆ ਕਰਦੀ ਸੀ। ਐਸੇ ਹੀ ਡੇਰੇ ਯਾ ਪਿੰਡ ਦੀ ਰਖਵਾਲੀ ਕਰਨ ਵਾਲੇ ਤੇ ਫੇਰ ਪੇਟ ਰੱਜਕੇ ਰੋਟੀ ਨਾ ਪ੍ਰਾਪਤ ਕਰਨ ਵਾਲੇ ਕੁੱਤਿਆਂ ਨੂੰ ਡੇਰੇ ਦੀ ਵਧੀ ਖੁਚੀ ਜੂਠ ਦੇ ਟੁੱਕਰ ਸਿਖ ਸਾਧੂ ਸੰਤ ਭੀ ਪਾਉਂਦੇ ਰਹੇ ਹਨ। ਪਰੰਤੂ ਕਈ ਅਵਾਣ ਇਸਨੂੰ ਪੁੰਨਜ ਤੇ ਮੁਕਤੀ ਦਾ ਸਾਧਨ ਸਮਝਕੇ ਅੰਨ ਪਕਵਾਕੇ ਕੁੱਤੇ ਲਭਦੇ ਫਿਰਦੇ ਹਨ ਤੇ ਉਨ੍ਹਾਂ ਨੂੰ ਅਜੀਰਣ ਤਕ ਆਪ ਖੁਆਕੇ ਸਦ-ਗਤੀ ਸਮਝਦੇ ਹਨ। ਇਹ ਉਸੇ ਤਰ੍ਹਾਂ ਦੀ ਭੁੱਲ ਹੈ ਜਿਸ ਤਰ੍ਹਾਂ ਦੀਆਂ ਭੁੱਲਾਂ ਕਿ ਅਨਜਾਣਤਾ ਦਾ ਵਧਿਆ ਜੋਸ਼ ਕਰਾਯਾ ਕਰਦਾ ਹੈ।

ਸੰਤ ਰਾਮ ਕਿਸ਼ਨ ਜੀ ਬੀ ਨਗਰ ਦੇ ਭੁੱਖੇ ਕੁੱਤਿਆਂ ਨੂੰ ਜੂਠੇ ਮਿਠੇ ਰਹੇ ਯਾ ਰਾਤ ਨੂੰ ਵਧ ਰਹੇ ਟੁਕ ਪੁਆ ਦਿਆ ਕਰਦੇ ਸਨ। ਇਕ ਦਿਨ ਇਨ੍ਹਾਂ ਭੁੱਖਿਆਂ ਦੀ ਪੁਕਾਰ ਸੁਣਕੇ ਆਪ ਨੇ ਲੁੜੀਂਦੇ ਰਾਮ ਨੂੰ ਕਿਹਾ ਜਾਹ ਭਾਈ ਕੁੱਤਿਆਂ ਲਈ ਟੁਕਰ ਲੈ ਆ। ਜਾਂ ਭਾਈ ਗਿਆ ਤਾਂ ਕੁਛ ਨਾ ਲੱਧਾ ਐਵੇਂ ਦੋ ਚਾਰ ਟੁਕੜੇ ਲੈ ਆਇਆ। ਦੋ ਚਾਰ ਵੇਰ ਖਾਲੀ ਮੁੜਨ ਤੇ ਮੁੜ ਮੁੜ ਹੁਕਮ ਹੋਣ ਤੇ ਗਿਆ ਤਾਂ ਢੂੰਡਦੇ ਢੂੰਡਦੇ ਉਸ ਨੂੰ ਵਧੀਆਂ ਪਈਆਂ ਪੂੜੀਆਂ ਦਾ ਕਿੰਨਾ ਸਾਮਾਨ ਮਿਲ ਗਿਆ, ਜਿਸ ਨੂੰ ਸੰਤਾਂ ਨੇ ਸਫਲਾ ਦਿਤਾ। ਸੰਤ ਭੁੱਖੇ ਕੁੱਤਿਆਂ ਨੂੰ ਰੱਜ ਕੇ ਭੋਜਨ ਦੇ ਕੇ ਪ੍ਰਸੰਨ ਹੋਇਆ ਕਰਦੇ ਸਨ। ਇਸ ਪ੍ਰਕਾਰ ਦੀ ਪਾਲਣਾ ਵਿਚ ਸੰਤਾਂ ਦੀ ਉੱਚ ਦ੍ਰਿਸ਼ਟੀ 'ਜੀਵ ਦਇਆ' ਵਿਚ ਹੁੰਦੀ ਸੀ। ਉਹਨਾਂ ਦਾ ਦੁੱਖ ਦੀ ਨਵਿਰਤੀ ਦਾ ਪ੍ਰਯੋਜਨ ਹੁੰਦਾ ਹੈ ਤੇ ਵਿਤਕਰਾ ਅੰਦਰੋਂ ਮਿਟ ਗਿਆ ਹੁੰਦਾ ਹੈ।

**੧੭. ਗੁਰੂ ਨਾਨਕ ਦਰਸ਼ਨ-**

ਇਕ ਦਿਨ ਆਪ ਬਾਹਰ ਜਾ ਰਹੇ ਸਨ। ਧੰਨ ਗੁਰੂ ਨਾਨਕ ਦੀ

ਧੁਨਿ ਲਗ ਰਹੀ ਸੀ, ਕੁਛ ਬੱਚੇ ਨਾਲ ਟੁਰ ਪਏ। ਉਹ ਬੀ ਅਦਬ ਨਾਲ ਜਾ ਰਹੇ ਸਨ ਤੇ 'ਧੰਨ ਗੁਰ ਨਾਨਕ' ਦਾ ਸੁਰ ਭਰ ਰਹੇ ਸਨ ਕਿ ਬਜ਼ਾਰ ਵਿਚ ਕੁਛ ਦੁਕਾਨਦਾਰਾਂ ਨੇ ਆਪ ਨੂੰ ਦੱਸਿਆ ਕਿ ਜੀ ਅਸਾਂ ਗੁਰੂ ਬਾਬੇ ਦੀ ਮੂਰਤਿ ਲਾਈ ਹੈ। ਆਪ ਤੱਕੇ, ਸੀਸ ਨਿਵਾਇਆ, ਪੰਜ ਆਨੇ ਦਾ ਪ੍ਰਸ਼ਾਦ ਦੇਕੇ ਖੇਤਾਂ ਵਿਚ ਚਲੇ ਗਏ, ਉਥੇ ਇਕ ਏਕਾਂਤ ਥਾਂਵੇਂ ਜੋੜਾ ਉਤਾਰ ਕੇ ਬਹਿ ਗਏ ਤੇ ਮੱਥਾ ਟੇਕਣ ਲਗ ਪਏ ਤੇ ਡਾਢੇ ਪ੍ਰੇਮ ਵਿਚ ਉਚਾਰੀ ਜਾਣ 'ਮੈਂ ਮੂਰਖ ਕੀ ਕੇਤਕ ਬਾਤ ਹੈ ਕੋਟਿ ਪਰਾਧੀ ਤਰਿਆ ਰੇ ॥ ਗੁਰੁ ਨਾਨਕੁ ਜਿਨ ਸੁਣਿਆ ਪੇਖਿਆ ਸੇ ਫਿਰਿ ਗਰਭਾਸਿ ਨ ਪਰਿਆ ਰੇ ॥' ਇੰਞ ਕਰਦੇ ਕਰਦੇ ਮਗਨ ਹੋ ਗਏ। ਬਹੁਤ ਚਿਰ ਉਸੇ ਰੰਗ ਵਿਚ ਟਿਕੇ ਰਹੇ। ਜਦੋਂ ਉਠੇ ਤਾਂ ਬਾਬੂ ਤਿਲੋਕ ਚੰਦ ਜੀ ਸਿਖੂਜੇ–ਜੋ ਛੋਟੀ ਅਵਸਥਾ ਦੇ ਉਸ ਵੇਲੇ ਨਾਲ ਸਨ–ਦੱਸਦੇ ਹਨ ਕਿ: ਅਸਾਂ ਪੁਛਿਆ,'ਮਹਾਰਾਜ ! ਨਾ ਇਥੇ ਧਰਮਸਾਲ ਹੈ, ਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੈ, ਆਪ ਨੇ ਐਵੇਂ ਮੱਥੇ ਕਿਸ ਅੱਗੇ ਟੇਕੇ ਹਨ ?' ਤਾਂ ਬੋਲੇ 'ਸਤਿਗੁਰੂ ਨਾਨਕ ਦੇਵ ਆਪ ਸਨ, ਬਾਬਾ ਜੀ ਆਏ ਸਨ,ਦਾਸ ਨੇ ਚਰਨ ਪਕੜ ਲਏ ਸਨ। ਬਚਿਓ ! ਤੁਸਾਂ ਬਾਬਾ ਜੀ ਦਾ ਦਰਸ਼ਨ ਨਹੀਂ ਪਾਇਆ ਹੈ ?' ਫੇਰ ਆਪ ਧੰਨ ਗੁਰੂ ਨਾਨਕ ਦੇ ਰੰਗ ਲਗ ਪਏ ਤੇ ਅਸਾਂ ਡੇਰੇ ਆ ਕੇ ਸਾਧੂਆਂ ਨੂੰ ਇਹ ਵਾਰਤਾ ਸੁਣਾਈ।

### ੧੮. ਪ੍ਰਚਾਰ ਦੀ ਲਗਨ ਤੇ ਨਿੰਮ੍ਰਤਾ–

ਇਕ ਸੱਜਣ ਦੱਸਦੇ ਸਨ ਕਿ ਉਨ੍ਹਾਂ ਨੇ ਆਪਦਾ ਕਦੇ ਕਦੇ ਜਦੋਂ ਆਪ ਸ੍ਰੀ ਅੰਮ੍ਰਿਤਸਰ ਜੀ ਆਏ ਤਾਂ ਵਡੀ ਪ੍ਰਕਰਮਾਂ ਵਿਚ ਦਰਸ਼ਨ ਕੀਤਾ ਹੈ। ਪੰਜ ਸੱਤ ਸਾਧ ਤੇ ਗ੍ਰਿਹਸਤੀ ਨਾਲ ਹਨ, ਆਪ ਕੈਂਸੀਆਂ ਵਜਾ ਰਹੇ ਹਨ ਤੇ ਮਿੱਠੀ ਮਿੱਠੀ ਰਸ ਭਰੀ 'ਧੰਨ ਗੁਰ ਨਾਨਕ' ਦੀ ਧੁਨੀ ਲਗ ਰਹੀ ਹੈ। ਇਸੇ ਤਰ੍ਹਾਂ ਸਾਰੀ ਵਡੀ ਪ੍ਰਕਰਮਾ ਤੇ ਸ੍ਰੀ ਬਾਬਾ ਸਾਹਿਬ ਦੀ ਯਾਤ੍ਰਾ ਮੁੱਕ ਗਈ ਹੈ। ਆਪਦਾ ਕੀਰਤਨ ਮਿੱਠਾ ਮਿੱਠਾ ਲਗਦਾ ਹੁੰਦਾ ਸੀ ਤੇ ਨਾਲ ਟੁਰਦਿਆਂ ਆ ਮੁਹਾਰਾ ਜੀ ਕਰਦਾ ਹੁੰਦਾ


www.sikhbookclub.com

ਜੀ ਕਿ ਧੁਨਿ ਵਿਚ ਧੁਨਿ ਮਿਲਾ ਦੇਈਏ। ਆਪ ਦੀ ਇਹ ਭਗਤੀ ਤੇ ਇਹ ਆਰਾਧਨਾ ਬਹੁਤ ਜੀਵਾਂ ਨੇ ਡਿੱਠੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਹਸਤੀ ਆਪ ਲਈ ਹੋ ਬੀਤੀ ਹਸਤੀ ਨਹੀਂ ਸੀ ਤੇ ਨਾ ਹੀ ਖੁਸ਼ਕ ਗਯਾਨੀਆਂ ਹਾਰ ਆਪ ਇਹ ਸਮਝਦੇ ਸੀ ਕਿ ਗੁਰੂ ਨਾਨਕ ਦੇਵ ਜੀ ਬ੍ਰਹਮ ਵਿਚ ਲੀਨ ਹੋ ਗਏ ਹਨ ਤੇ ਹੁਣ ਤਾਰਨਹਾਰ ਬਿਰਦ ਲੋਪ ਹੋ ਗਿਆ ਹੈ। ਅਕਸਰ ਆਪਣੀ ਪੂਜਾ ਦੇ ਪ੍ਰੇਮੀ ਚਤੁਰ ਜੀਵ ਐਸੀਆਂ ਦਲੀਲਾਂ, ਜੋ ਆਤਮ ਵਿਦਯਾ ਵਿਚ ਕੁਛ ਮੁੱਲ ਨਹੀਂ ਰਖਦੀਆਂ, ਮਗਰ ਲਗਣ ਵਾਲਿਆਂ ਨੂੰ ਦੇ ਕੇ ਸੰਤੁਸ਼ਟ ਕਰਾਇਆ ਕਰਦੇ ਹਨ। ਸ੍ਰੀ ਸੰਤ ਰਾਮ ਕਿਸ਼ਨ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਜੀਉਂਦੀ ਜੋਤ "ਸਿਰ ਊਪਰਿ ਠਾਢਾ ਗੁਰੁ ਸੂਰਾ ॥ ਨਾਨਕ ਤਾਕੈ ਕਾਰਜ ਪੂਰਾ ॥" ਸਮਝਿਆ ਕਰਦੇ ਸਨ। ਉਹ ਸ੍ਰੀ ਗੁਰੂ ਜੀ ਨੂੰ ਵਾਹਿਗੁਰੂ ਜੀ ਦਾ ਤਾਰਨਹਾਰ ਬਿਰਦ ਜ਼ਾਹਰੀ ਕਲਾ, ਹਾਜ਼ਰ ਨਾਜ਼ਰ ਮੰਨਦੇ ਤੇ ਪੂਜਦੇ ਸੇ ਤੇ ਉਨ੍ਹਾਂ ਦੇ ਇਸ਼ਕ ਵਿਚ ਰੱਤੇ ਰਹਿੰਦੇ ਸਨ।

ਆਪ ਬੜੇ ਸਤਿਕਾਰ ਵਾਲੇ ਸਨ, ਹਜ਼ਾਰਾਂ ਲੋਕ ਆਪਦਾ ਸਤਿਕਾਰ ਕਰਦੇ ਸੇ; ਪਰ ਆਪ ਸਦਾ ਸਭ ਨੂੰ ਗੁਰਬਾਣੀ ਤੇ ਨਾਮ ਵਿਚ ਲਾਉਂਦੇ ਤੇ ਗੁਰੂ ਨਾਨਕ ਦੀ ਸ਼ਰਨੀ ਪਾਉਂਦੇ। ਆਪ ਤੋਂ ਲਾਭ ਅਮਿਤ ਪਹੁੰਚਦਾ ਸੀ, ਪਰ ਆਪ ਹਉਂ ਵਿਚ ਨਹੀਂ ਸੇ ਆਉਂਦੇ। ਧਰਮਸਾਲ ਵਿਚ ਸਾਧ ਸੰਗਤ ਵਾਲੀ ਵਿਛਾਈ ਤੇ ਹੀ ਬੈਠਦੇ ਸਨ, ਆਪਣੇ ਲਈ ਅਲੱਗ ਮਸਨਦ, ਤਕੀਆ ਯਾ ਗੁਦੇਲਾ ਕੁਛ ਨਹੀਂ ਵਿਛਾਉਣ ਦੇਂਦੇ ਸਨ।

ਭਾਈ ਰਾਮ ਕਿਸ਼ਨ ਜੀ ਆਪਣੇ ਸਮੇਂ ਦੇ ਅਦੁਤੀ ਸੰਤ ਹੋਏ ਹਨ, ਇਲਾਕੇ ਦੇ ਆਮ ਗੁਰਦਵਾਰਿਆਂ, ਅੱਡਣਸ਼ਾਹ ਡੇਰਿਆਂ ਤੇ ਉਦਾਸੀ ਅਸਥਾਨਾਂ ਦੀ ਸੰਭਾਲਣਾ ਰਖਦੇ ਸੀ। ਆਪ ਨੇ ਸਹਿਚਾਰੀ ਉਦਾਸੀ ਤੇ ਅੱਡਣਸ਼ਾਹੀ ਸੰਤਾਂ ਦੀ ਇਕ ਮੰਡਲੀ ਬਣਾਈ ਹੋਈ ਸੀ ਜੋ ਫਿਰ ਫਿਰਕੇ ਡੇਰੇ ਵੇਖਦੀ, ਨਾਮ ਤੇ ਬਾਣੀ ਦਾ ਪ੍ਰਚਾਰ ਕਰਦੀ ਰਹਿੰਦੀ ਸੀ। ਜਿਥੇ ਕਿਸੇ ਤਰ੍ਹਾਂ ਦੀ ਉਕਾਈ ਵੇਖਦੇ ਉੱਦਮ ਦੇਕੇ ਠੀਕ ਕਰਵਾ ਦਿਤਾ ਕਰਦੇ ਸਨ। ਇਸ ਤਰ੍ਹਾਂ ਉਸ ਸਾਰੇ ਇਲਾਕੇ ਵਿਚ ਗੁਰਸਿਖੀ ਦੇ

ਪ੍ਰਚਾਰ ਦਾ ਆਪ ਨੇ ਸੁਹਣਾ ਪ੍ਰਵਾਹ ਚਲਾ ਰਖਿਆ ਸੀ।

**੧੯. ਕੀਰਤਨ ਦਾ ਪ੍ਰੇਮ-**

ਆਪ ਸ਼ਬਦ ਕੀਰਤਨ ਦੇ ਬੜੇ ਪ੍ਰੇਮੀ ਸਨ। ਮੰਡਲੀ ਵਿਚ ਹਮੇਸ਼ਾ ਚੰਗੇ ਕੀਰਤਨੀਏ ਰਹਿੰਦੇ ਸਨ ਤੇ ਜਿਨ੍ਹੀਂ ਥਾਂਈਂ ਜਾਂਦੇ ਉਥੇ ਬੀ ਕੀਰਤਨੀਏ ਜਥੇ ਕਾਇਮ ਕੀਤਾ ਕਰਦੇ ਸਨ।

ਇਕ ਵੇਰ ਭਾਈ ਰਾਮ ਕਿਸ਼ਨ ਜੀ ਮੰਡਲੀ ਸਮੇਤ ਰਟਨ ਕਰਦੇ ਪਿੰਡ ਫਿਰੂਕਾ ਜ਼ਿਲਾ ਸ਼ਾਹਪੁਰ ਵਿਚ ਗਏ*। ਸਵੇਰੇ ਆਸਾ ਦੀ ਵਾਰ ਦਾ ਦੀਵਾਨ ਸਜਣਾ ਸੀ, ਉਦਾਸੀ ਬਾਬਾ ਕਰਮ ਦਾਸ ਜੀ, ਜੋ ਭਾਈ ਭਾਗ ਸਿੰਘ ਜੀ ਰਾਗੀ ਫਿਰੂਕੇ ਵਾਲਿਆਂ ਦੇ ਜਾਣੂ ਸਨ, ਉਥੇ ਹੀ ਸਨ, ਉਨ੍ਹਾਂ ਨੇ ਭਾਈ ਭਾਗ ਸਿੰਘ ਜੀ ਨੂੰ ਕੀਰਤਨ ਕਰਨ ਲਈ ਕਿਹਾ। ਉਨ੍ਹਾਂ ਦਿਨਾਂ ਵਿਚ ਵਾਜੇ ਨਹੀਂ ਹੁੰਦੇ ਸਨ, ਭਾਈ ਭਾਗ ਸਿੰਘ ਜੀ ਨੇ ਢੋਲਕੀ ਨਾਲ ਕੀਰਤਨ ਕੀਤਾ। ਭਾਈ ਭਾਗ ਸਿੰਘ ਜੀ ਦੀ ਸੁਰੀਲੀ ਆਵਾਜ਼ ਤੇ ਸੁੰਦਰ ਲਯ ਦੇ ਵਿਚ ਗੁਰਬਾਣੀ ਅਲਾਪਣ ਨਾਲ ਭਾਈ ਰਾਮ ਕਿਸ਼ਨ ਸਾਹਿਬ ਜੀ ਗਦਗਦ ਹੋਕੇ ਝੂਮਣ ਲਗ ਪਏ। ਕੀਰਤਨ ਦੀ ਸਮਾਪਤੀ ਹੋਈ, ਸੰਗਤ ਘਰਾਂ ਨੂੰ ਚਲੀ ਗਈ, ਪਰ ਭਾਈ ਭਾਗ ਸਿੰਘ ਜੀ ਤੇ ਉਨ੍ਹਾਂ ਦੀ ਸੁਪਤਨੀ ਉਥੇ ਹੀ ਬੈਠੇ ਰਹੇ। ਭਾਈ ਰਾਮ ਕਿਸ਼ਨ ਜੀ ਨੇ ਭਾਈ ਭਾਗ ਸਿੰਘ ਜੀ ਤੋਂ ਉਥੇ ਬੈਠੇ ਰਹਿਣ ਦਾ ਕਾਰਨ ਪੁੱਛਿਆ, ਆਪ ਸੰਗ ਦੇ ਨਾਲ ਬੋਲ ਨਹੀਂ ਸਕੇ ਤੇ ਸਿਰ ਨੀਵਾਂ ਕਰਕੇ ਬੈਠੇ ਰਹੇ। ਬਾਬਾ ਕਰਮ ਦਾਸ ਜੀ ਨੇ ਕੋਲੋਂ ਕਿਹਾ ਕਿ ਜੀ ਇਨ੍ਹਾਂ ਦੀ ਸ਼ਾਦੀ ਹੋਇਆਂ ੧੮ ਸਾਲ ਦੇ ਕਰੀਬ ਹੋ ਗਏ ਹਨ, ਅਜੇ ਤਕ ਸੰਤਾਨ ਨਹੀਂ ਹੋਈ, ਕ੍ਰਿਪਾ ਕਰੋ ਕੋਈ ਅਮੋਘ ਬਚਨ ਦਿਓ ਜੋ ਇਨ੍ਹਾਂ ਦੀ ਸੰਸਾਰ ਨਾਲ ਗੰਢ ਪਵੇ।

ਭਾਈ ਰਾਮ ਕਿਸ਼ਨ ਜੀ ਇਹ ਗਲ ਸੁਣਕੇ ਮੁਸਕ੍ਰਾਏ ਤੇ ਕਹਿਣ

---

*ਇਹ ਵਾਰਤਾ ਭਾਈ ਸਾਹਿਬ ਭਾਈ ਭਾਗ ਸਿੰਘ ਜੀ ਨੇ ਆਪ ਸੁਣਾਈ ਸੀ।


www.sikhbookclub.com

ਲਗੇ,"ਗੁਰੂ ਦੇ ਕੀਰਤਨੀਏ ਦੇ ਸੰਤਾਨ ਨਹੀਂ ਹੈ?ਗੁਰੂ ਦੇ ਕੀਰਤਨੀਏ ਦੀ ਜੜ ਹਰੀ, ਤੁਸੀਂ ਗੁਰੂ ਦੇ ਕੀਰਤਨੀਏ ਹੋ, ਗੁਰੂ ਤੁਹਾਡੀ ਆਸਾ ਪੂਰੀ ਕਰੇਗਾ, ਤੁਹਾਡੇ ਘਰ ਹੀਰਾ ਜੰਮੇਗਾ, 'ਧੰਨ ਗੁਰੂ ਨਾਨਕ' 'ਧੰਨ ਗੁਰੂ ਨਾਨਕ' ਕਹਿੰਦੇ ਰਿਹਾ ਕਰੋ।" ਫੇਰ ਆਪ ਨੇ ਭਾਈ ਭਾਗ ਸਿੰਘ ਜੀ ਦੀ ਘਰ ਵਾਲੀ ਨੂੰ ਕਿਹਾ ਕਿ ਸੁਖਮਨੀ ਸਾਹਿਬ ਦਾ ਇਕ ਪਾਠ ਨਿਤਾ ਪ੍ਰਤੀ ਕਰਨਾ। ਇੰਨਾ ਕਹਿਕੇ ਆਪਨੇ ਜਲ ਦਾ ਕਟੋਰਾ ਮੰਗਾਇਆ। ਇਸ ਗੁਰਦਵਾਰੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੂਜੀ ਛਤ ਤੇ ਪ੍ਰਕਾਸ਼ ਹੁੰਦੇ ਸੀ, ਜਿਨ੍ਹਾਂ ਪਉੜੀਆਂ ਰਾਹੀਂ ਸੰਗਤਾਂ ਗੁਰੂ ਜੀ ਦੇ ਦਰਸ਼ਨ ਨੂੰ ਉਪਰ ਜਾਂਦੀਆਂ ਸਨ, ਉਥੋਂ ਚਰਨ ਧੂੜੀ ਲੈ ਕੇ ਜਲ ਵਿਚ ਪਾ ਦਿਤੀ ਤੇ ਜਲ ਛਕਣ ਦਾ ਹੁਕਮ ਦਿਤਾ।

ਭਾਈ ਭਾਗ ਸਿੰਘ ਜੀ ਦਾ ਕਥਨ ਹੈ ਕਿ ਭਾਈ ਰਾਮ ਕਿਸ਼ਨ ਜੀ ਦੇ ਇਸ ਵਰਦਾਨ ਤੋਂ ਪਿਛੋਂ ੧੧ ਮਹੀਨੇ ਬੀਤਣ ਤੇ ਇਨ੍ਹਾਂ ਦੇ ਘਰ ਵਾਹਿਗੁਰੂ ਨੇ ਭੁਯੰਗੀ ਬਖਸ਼ਿਆ। ਆਪ ਭੁਯੰਗੀ ਨੂੰ ਨਾਲ ਲੈ ਕੇ ਸ਼ਾਹ ਪੁਰ ਸੰਤ ਭਾਈ ਰਾਮ ਕਿਸ਼ਨ ਜੀ ਦੇ ਡੇਰੇ ਹਾਜ਼ਰ ਹੋਏ, ਚੋਲਾ ਪਾਉਣ ਤੇ ਨਾਮ ਸੰਸਕਾਰ ਇਥੇ ਹੀ ਹੋਇਆ। ਭਾਈ ਰਾਮ ਕਿਸ਼ਨ ਜੀ ਨੇ ਇਸ ਕਾਕੇ ਦਾ ਨਾਮ ਆਪਣੀ ਪਵਿਤਰ ਰਸਨਾ ਨਾਲ 'ਹੀਰਾ ਸਿੰਘ' ਰਖਿਆ। ਇਹ ਹੀ ਵਡੇ ਹੋਕੇ ਭਾਈ ਹੀਰਾ ਸਿੰਘ ਜੀ ਖਾਲਸਾ ਪੰਥ ਦੇ ਅਮੋਲਕ ਹੀਰੇ ਬਣੇ ਤੇ ਗੁਰੂ ਘਰ ਦੇ ਅਨਿੰਨ ਸਿਖ, ਕਥਨੀ ਦੇ ਪੂਰੇ ਕਰਨੀ ਦੇ ਸੂਰੇ ਤੇ ਗੁਰੂ ਘਰ ਦੇ ਉਹ ਅਦੁਤੀ ਕੀਰਤਨੀਏ ਹੋਏ ਕਿ ਆਪ ਨੇ ਆਪਣੀ ਕੀਰਤਨ ਸ਼ਕਤੀ ਨਾਲ ਕੱਟਰ ਤੋਂ ਕੱਟਰ ਨਾਸਤਕਾਂ ਨੂੰ ਗੁਰੂ ਦੀ ਸ਼ਰਨ ਆਂਦਾ, ਕਈ ਆਰਯਾਸਮਾਜੀਆਂ ਦੇ ਦਿਲਾਂ ਵਿਚ ਸਿੱਖੀ ਦਾ ਪਿਆਰ ਉਪਜਾਇਆ, ਮੁਸਲਮਾਨਾਂ ਦੇ ਮੂੰਹ ਤੋਂ 'ਧੰਨ ਗੁਰੂ ਨਾਨਕ' 'ਧੰਨ ਗੁਰੂ ਨਾਨਕ' ਕਹਿਲਵਾਇਆ ਤੇ ੨੫-੨੫ ਤੇ ੩੦-੩੦ ਹਜ਼ਾਰ ਆਦਮੀਆਂ ਦੇ ਇਕੱਠ ਨੂੰ ਰੱਬੀ ਰੰਗ ਵਿਚ ਝੁਮਾਇਆ।

ਹੋਰ ਇਸ ਤਰ੍ਹਾਂ ਅਨੇਕਾਂ ਪ੍ਰਸੰਗ ਸੁਣਨ ਵਿਚ ਆਉਂਦੇ ਹਨ, ਜਿਨ੍ਹਾਂ ਤੋਂ ਪਤਾ ਲਗਦਾ ਹੈ ਕਿ ਸ੍ਰੀ ਭਾਈ ਰਾਮ ਕਿਸ਼ਨ ਜੀ ਨੂੰ ਵਾਕ

ਸਿਧੀ ਪ੍ਰਾਪਤ ਸੀ। ਆਪ ਦੇ ਬਚਨ ਸਦੀਵ ਸਫਲ ਹੁੰਦੇ ਸਨ ਤੇ ਜੋ ਕੁਛ ਸਹਿ ਸੁਭਾ ਫੁਰਮਾਉਂਦੇ ਪੂਰਾ ਹੋਏ ਬਿਨਾਂ ਨਹੀਂ ਰਹਿੰਦਾ ਸੀ। ਪਰ ਆਪ ਐਸਾ ਕੌੜੀ ਵਾਕ ਕਿਸੇ ਉਮਾਹੂ ਉਭਾਰ ਵੇਲੇ ਪਰਉਪਕਾਰ ਵਿਚ ਕਹਿੰਦੇ ਸਨ। ਨਾਟਕ ਚੇਟਕ ਲਈ ਆਪ ਤੋਂ ਕਦੇ ਕੋਈ ਕ੍ਰਿਸ਼ਮਾ ਨਹੀਂ ਹੋਇਆ।

## ੨੦. ਧਰੇਮੇ ਦਾ ਖਾਰਾ ਖੂਹ ਮਿੱਠਾ ਹੋਯਾ–

ਸ੍ਰੀ ਭਾਈ ਰਾਮ ਕਿਸ਼ਨ ਸਾਹਿਬ ਜੀ ਇਕ ਦਿਨ ਧਰੇਮੇ ਪਿੰਡ ਗਏ ਜੋ ਸ਼ਾਹ ਪੁਰ ਤੋਂ ੧੪ ਮੀਲ ਹੈ ਤੇ ਸਰਗੋਧੇ ਤੋਂ ੮ ਮੀਲ ਉਰੇ ਹੈ। ਸਭ ਲੋਕਾਂ ਨੂੰ ਨਾਮ ਬਾਣੀ ਵਿਚ ਲਾਉਂਦੇ ਸਤਿਸੰਗ ਕਰਦੇ ਇਕ ਪ੍ਰੇਮੀ ਤੋਂ ਜਲ ਮੰਗਿਆ ਕਿ ਤ੍ਰਿਖਾ ਲਗੀ ਹੈ। ਪ੍ਰੇਮੀ ਅੱਧ ਮੀਲ ਦੀ ਵਾਟ ਤੋਂ ਲੈਣ ਗਿਆ, ਦੇਰ ਲਗੀ ਤਾਂ ਫਿਰ ਸੰਤਾਂ ਕਿਹਾ ਗੁਰਦਵਾਰੇ ਦੀ ਖੂਹੀ ਤਾਂ ਇਹ ਪਾਸ ਹੈ ਤੇ ਜਲ ਮੰਗਿਆ ਸੀ ਡੇਰ ਕਿਉਂ ਹੋ ਗਈ? ਪਾਸੋਂ ਪ੍ਰੇਮੀ ਕਹਿਣ ਲਗੇ ਜੀ ਇਸ ਖੂਹੀ ਦਾ ਜਲ ਖਾਰਾ ਹੈ ਤੇ ਸਰਕਾਰੀ ਖੂਹ ਦਾ ਜਲ ਮਿੱਠਾ ਹੈ ਜੋ ਅੱਧ ਮੀਲ ਦੀ ਵਿੱਥ ਤੇ ਹੈ; ਉਥੋਂ ਪ੍ਰੇਮੀ ਜਲ ਲੈਣ ਗਿਆ ਹੈ; ਆ ਜਾਂਦਾ ਹੈ ਹੁਣੇ। ਭਾਈ ਸਾਹਿਬ ਜੀ ਕਹਿਣ ਲਗੇ 'ਭਾਈ! ਬਾਬੇ ਨਾਨਕ ਦੀ ਖੂਹੀ ਦਾ ਜਲ ਖਾਰਾ ਹੋਵੇ ਤੇ ਸਰਕਾਰੀ ਖੂਹੀ ਦਾ ਮਿੱਠਾ; ਇਹ ਨਹੀਂ ਹੋ ਸਕਦਾ। ਲਿਆਓ ਜਲ, ਇਥੋਂ ਹੀ ਲੈ ਆਓ, ਨਾਲੇ ਪਤਾਸੇ ਲੈ ਆਓ, ਖੂਹ ਦਾ ਮੂੰਹ ਮਿੱਠਾ ਕਰਾਈਏ।' ਸਾਰੇ ਪਿੰਡ ਵਿਚੋਂ ਪਤਾਸੇ ਮੰਗਵਾਏ ਗਏ ਤੇ ਖੂਹੀ ਵਿਚ ਪਾਏ ਗਏ। ਫੇਰ ਆਪ ਨੇ ਅਰਦਾਸਾ ਕੀਤਾ, ਜਲ ਕੱਢਿਆ, ਆਪ ਨੇ ਜਲ ਛਕਿਆ ਸੰਗਤਾਂ ਛਕਿਆ, ਸੁਵਾਦ ਉਸੇ ਵੇਲੇ ਬਦਲ ਗਿਆ ਤੇ ਦਿਨੋ ਦਿਨ ਜਲ ਖਾਰਾਪਨ ਛਡਦਾ ਗਿਆ ਜਲ ਇੰਨਾ ਚੰਗਾ ਹੋ ਗਿਆ ਕਿ ਸਭ ਸੰਗਤਾਂ ਉਥੋਂ ਪਾਣੀ ਭਰਦੀਆਂ ਸਨ। ਅਗੇ ਦਾਲ ਬੀ ਨਹੀਂ ਸੀ ਗਲਦੀ ਫੇਰ ਗਲਣ ਲਗ ਪਈ। ਸੰਤਾਂ ਦੀ ਅਰਦਾਸ ਸੁਣੀ ਗਈ। ਇਹ ਪਰਉਪਕਾਰ ਧਰੇਮੇ ਦੇ ਪ੍ਰੇਮੀਆਂ ਪਰ

ਹੋਇਆ। ਗ਼ਾਲਬਨ ਧਰਮਸਾਲ ਬੀ ਉਥੋਂ ਦੀ ਸੰਤਾਂ ਦੇ ਪਰਉਪਕਾਰ ਨਾਲ ਹੀ ਬਣੀ ਹੋਵੇਗੀ ਜੋ ਪੰਜਾਬ ਦੇ ਵੰਡਾਰੇ ਸਮੇਂ ਤਕ ਮੌਜੂਦ ਰਹੀ ਹੈ। ਇਹ ਪਿੰਡ ਮੁਸਲਮਾਨਾਂ ਤੇ ਸਹਿਜਧਾਰੀਆਂ ਦਾ ਸੀ,ਸਿਖਾਂ ਦਾ ਇਕ ਅੱਧਾ ਘਰ ਹੀ ਸੀ ਪਰ ਸਭ ਸਹਿਜਧਾਰੀ ਮਾਈ ਭਾਈ ਗੁਰਦਵਾਰੇ ਜਾਂਦੇ ਬੜੇ ਪ੍ਰੇਮ ਨਾਲ ਪਾਠ ਕਰਦੇ ਤੇ ਬਾਲ ਬੱਚੇ ਗੁਰਮੁਖੀ ਪੜ੍ਹਦੇ ਹੁੰਦੇ ਸਨ।

**੨੧. ਕਰੜੇ ਲਹਿਣੇਦਾਰਾਂ ਦਾ ਸੁਧਾਰ–**

**੧.**

ਇਕ ਪ੍ਰੇਮੀ ਰਾਮਦਿਤਾ ਸ਼ਾਹਪੁਰ ਦਾ ਭਾਈ ਸਾਹਿਬ ਜੀ ਪਾਸ ਆਕੇ ਰੁੰਨਾ ਜੀ ਮੈਂ ਗ਼ਰੀਬ ਹਾਂ ਤੇ ਅਮਕੇ ਸ਼ਾਹੂਕਾਰ ਨੇ ਮੇਰੇ ਤੇ ਅਰਜ਼ੀ ਪਾਈ ਹੈ, ਮੇਰੇ ਪਾਸ ਰਕਮ ਐਸ ਵੇਲੇ ਨਹੀਂ ਹੈ, ਨਿੱਕਾ ਨਿੱਕਾ ਬਾਲ ਬੱਚਾ ਹੈ, ਉਹ ਬੀ ਨਹੀਂ ਪਲਦਾ, ਨਿੱਕਾ ਜਿਹਾ ਕੋਠਾ ਹੈ ਉਹ ਬੀ ਲਹਿਣੇਦਾਰ ਖੋਂਹਦਾ ਹੈ। ਭਾਈ ਸਾਹਿਬ ਜੀ ਸੁਣਕੇ ਬੋਲੇ 'ਬੁਲਾਓ'। ਇਕ ਸਾਧ ਬੁਲਾਵਣ ਗਿਆ, ਪਰ ਸ਼ਾਹੂਕਾਰ ਨਾ ਆਇਆ। ਦੂਜੀ ਵੇਰ ਫਿਰ ਗਿਆ ਤਾਂ ਭੀ ਨਾ ਆਇਆ। ਹੁਣ ਭਾਈ ਸਾਹਿਬ ਆਪ ਉਸ ਦੇ ਘਰ ਚਲੇ ਗਏ, ਜਾਕੇ ਕਹਿਣ ਲਗੇ 'ਇਹ ਗ਼ਰੀਬ ਹੈ, ਬਾਬਾ ਨਾਨਕ ਤੁਸਾਂ ਨੂੰ ਹੋਰ ਦੇਸੀ ਇਸ ਨੂੰ ਮਾਫ ਚਾ ਕਰੋ'। ਉਸ ਸ਼ਾਹੂਕਾਰ ਨੇ ਅਗੋਂ ਕੁਛ ਨਿਰਾਦਰੀ ਦੇ ਵਾਕ ਕਹੇ। ਪਰ ਸਹਿਨਸ਼ੀਲ ਭਾਈ ਸਾਹਿਬ ਜੀ ਨੇ ਉਹ ਵਾਕ ਝੱਲ ਲਏ ਤੇ ਫੇਰ ਪਿਆਰ ਨਾਲ ਕਿਹਾ ਕਿ 'ਭਾਈ ਜੀ! ਜੇ ਸਾਰੇ ਨਹੀਂ ਛੋੜ ਸਕਦੇ ਤਾਂ ਅਸਲ ਰੁਪੈ ਸਾਥੋਂ ਲੈ ਲਵੋ, ਪਰ ਵਿਆਜ ਤੁਸਾਂ ਛੱਡ ਦਿਓ'। ਉਸ ਨੇ ਅਗੋਂ ਕੁਰਖਤ ਆਖਿਆ: 'ਮੈਂ ਕਿਉਂ ਵਿਆਜ ਛੋੜ ਦੇਵਾਂ? ਮੈਂ ਕੋਈ ਚੱਟੀ ਨਹੀਂ ਭਰਨੀ'। ਭਾਈ ਸਾਹਿਬ ਜੀ ਦੇ ਮੁਖੋਂ ਸਹਿਜ ਸੁਭਾ ਨਿਕਲਿਆ, 'ਗ਼ਰੀਬ ਦਾ ਰਾਖਾ ਬਾਬਾ ਨਾਨਕ, ਬਾਬਾ ਨਾਨਕ! ਹੰਕਾਰੀਆਂ ਨੂੰ ਚੱਟੀ ਤੇ ਚੱਟੀ।' ਭਾਈ ਸਾਹਿਬ ਮੁੜ ਡੇਰੇ ਆ ਗਏ। ਸੰਤ ਜੀ ਸ਼ਾਹੂਕਾਰ ਨੂੰ ਰਕਮ ਸ਼ਾਇਦ ਵਿਆਜ ਸਮੇਤ ਬੀ ਕੋਲੋਂ ਦੇ ਦੇਂਦੇ, ਪਰ ਉਸ ਵੇਲੇ

ਪਾਸ ਰੁਪੱਯੇ ਦੀ ਥੁੜ ਜਾਪਦੀ ਸੀ। ਦੂਜੇ ਤੀਜੇ ਦਿਨ ਉਨ੍ਹਾਂ ਸ਼ਾਹੂਕਾਰਾਂ ਕੋਲ ਕਿਸੇ ਨੇ ਆਕੇ ਸੋਨੇ ਦੇ ਗਹਿਣੇ ਵੇਚੇ ਸਸਤੇ, ਪਰ ਉਹ ਗਹਿਣਾ ਚੋਰੀ ਦਾ ਮਾਲ ਸੀ। ਚੋਰ ਪਕੜਿਆ ਗਿਆ ਤੇ ਉਸ ਨੇ ਪੁਲਸ ਨੂੰ ਦੱਸਿਆ ਕਿ ਅਮਕੇ ਪਾਸ ਮੈਂ ਗਹਿਣੇ ਵੇਚੇ ਹਨ। ਤਲਾਸ਼ੀ ਹੋਈ,ਮਾਲ ਨਿਕਲ ਪਿਆ ਤੇ ਇਹ ਸ਼ਾਹੂਕਾਰ ਵੀ ਪਕੜੇ ਗਏ। ਮੁਕੱਦਮਾ ਹੋਇਆ ਦੋਹਾਂ ਨੂੰ ਚੱਟੀ ਵੀ ਲੱਗੀ, ਤਿੰਨ ਤਿੰਨ ਮਹੀਨੇ ਕੈਦ ਬੀ ਹੋਈ। ਫਿਰ ਉਹ ਸ਼ਾਹੂਕਾਰ ਭਾਈ ਸਾਹਿਬ ਜੀ ਦੇ ਟਿਕਾਣੇ ਆਏ ਤੇ ਰੋਣ ਲਗੇ 'ਅਸੀਂ ਭੁੱਲੇ ਹਾਂ, ਮਾਫ ਕਰੋ, ਅਸੀਂ ਭੁੱਲੇ ਹਾਂ,ਸਾਨੂੰ ਬਖਸ਼ੋ'। ਦਿਆਲੂ ਭਾਈ ਸਾਹਿਬ, ਨਿਰਵੈਰ ਭਾਈ ਸਾਹਿਬ ਜੀ ਨੇ ਕਿਹਾ, 'ਬਾਬਾ ਨਾਨਕ ਬਖਸ਼ੇਗਾ! ਤੁਸੀਂ ਰੋਜ਼ ਗੁਰਦਵਾਰੇ ਆਇਆ ਕਰੋ ਤੇ ਕਥਾ ਕੀਰਤਨ ਸੁਣਿਆ ਕਰੋ।' ਉਹ ਉਸੇ ਦਿਨ ਤੋਂ ਗੁਰਦਵਾਰੇ ਸ਼ਰਧਾ ਰਖਦੇ ਰਹੇ, ਸੇਵਾ ਕਰਦੇ ਰਹੇ ਨੇਮ ਨਾਲ ਆਉਂਦੇ ਰਹੇ ਤੇ ਸਤਿਸੰਗੀ ਬਣੇ। ਇਸੇ ਤਰ੍ਹਾਂ ਦੀ ਇਕ ਹੋਰ ਘਟਨਾ ਹੈ:

੨.

ਪਿੰਡ ਇੱਛਰਾਂ ਦਾ ਬਰਗੇ ਨਾਮ ਦਾ ਇਕ ਮੁਸਲਮਾਨ ਸੀ ਭਾਈ ਸਾਹਿਬ ਜੀ ਪਾਸ ਆਕੇ ਰੁੰਨਾ ਕਿ ਅਮਕੇ ਸ਼ਾਹੂਕਾਰ ਨੇ ਅਸ਼ਟਾਮ ਆਪੇ ਲਿਖ ਲਿਆ ਹੈ, ਰਕਮ ਮੈਂ ਬਹੁਤ ਥੋੜੀ ਦੇਣੀ ਹੈ, ਉਸ ਨੇ ਪੰਜ ਗੁਣਾਂ ਵਧਾ ਲਈ ਹੈ!

ਅਗੇ ਅਸ਼ਟਾਮ ਆਪੇ ਲਿਖ ਲੈਂਦੇ ਸਨ ਤੇ ਅਨਪੜ੍ਹੇ ਦੇਣਦਾਰ ਤੋਂ ਕੁਝ ਨਿਸ਼ਾਨੀ ਮਾਤ੍ਰ ਕਰਵਾਂਦੇ ਸਨ ਯਾ ਕਹਿ ਦੇਂਦੇ ਕਿ ਕਲਮ ਨੂੰ ਹੱਥ ਚਾ ਲਾ। ਬਰਗੇ ਨੇ ਦੱਸਿਆ ਕਿ ਨਾ ਨਿਸ਼ਾਨੀ ਤੇ ਨਾ ਮੈਂ ਕਲਮ ਨੂੰ ਹੱਥ ਲਾਇਆ ਹੈ, ਆਪੇ ਉਨ੍ਹਾਂ ਲਿਖ ਲਿਆ ਹੈ,ਮੇਰੇ ਤੇ ਦਾਵਾ ਹੋਇਆ ਤਾਂ ਡਿਗਰੀ ਹੋ ਜਾਵੇਗੀ, ਮੈਂ ਮਾਰਿਆ ਜਾਵਾਂਗਾ, ਆਪ ਮਿਹਰ ਕਰੋ ਤੇ ਮੈਨੂੰ ਬਚਾਓ'। ਸ੍ਰੀ ਭਾਈ ਸਾਹਿਬ ਜੀ ਨੇ, ਜਿਸ ਨੇ ਉਗਾਹੀ ਲਾਈ ਸੀ ਤੇ ਜਿਸ ਲਿਖਿਆ ਸੀ ਓਹਨਾਂ ਦੋਹਾਂ ਨੂੰ ਸਦਵਾਇਆ ਤੇ ਉਨ੍ਹਾਂ ਦੋਹਾਂ ਨੂੰ ਆਪ ਜੀ ਨੇ ਤਾੜਕੇ ਪੁੱਛਿਆ ਕਿ ਏਹ ਬਾਬੇ ਨਾਨਕ ਜੀ ਦਾ

ਘਰ ਹੈ, ਇਥੇ ਸੱਚੋ ਸੱਚ ਦੱਸ ਦਿਓ। ਉਹਨਾਂ ਮੰਨਿਆ: 'ਜੀ, ਇਹ ਜੋ ਕਹਿੰਦਾ ਹੈ ਸੱਚ ਹੈ, ਅਸੀਂ ਝੂਠ ਲਿਖਿਆ ਹੈ'। ਸ੍ਰੀ ਭਾਈ ਸਾਹਿਬ ਜੀ ਸੱਚ ਸੁਣਕੇ ਕ੍ਰਿਪਾਲਤਾ ਵਿਚ ਆ ਗਏ, ਕਹਿਣ ਲਗੇ 'ਅਸਲ ਅਸਲ ਰੁਪਏ ਜੋ ਤੁਸਾਂ ਲੈਣੇ ਹਨ, ਸਾਥੋਂ ਲੈ ਲਓ, ਜੋ ਝੂਠ ਵਧਾਇਆ ਜੇ ਛੋੜ ਦਿਓ।' ਉਹ ਕਹਿਣ ਲਗਾ 'ਜੀ ਮੈਂ ਗੁਰਦਵਾਰੇ ਤੋਂ ਰਕਮ ਕੀਕੂੰ ਭਰਾਂ ? ਆਪ ਮੇਰੇ ਤੇ ਮਿਹਰ ਕਰੋ ਤੇ ਅਰਦਾਸਾ ਕਰੋ ਜੋ ਦਾਸ ਨੂੰ ਨਾਮ ਚਿਤ ਆਵੇ ਤੇ ਸੰਤਾਂ ਨਾਲ ਮੇਰੀ ਰਹਿ ਬਣ ਆਵੇ ਤੇ ਝੂਠ ਮੈਥੋਂ ਛੁਟੇ, ਮੈਂ ਸਾਰੀ ਰਕਮ ਅਸਲ ਵੀ ਤੇ ਬਨਾਵਟੀ ਬੀ ਛੋੜਦਾ ਹਾਂ!' ਇਹ ਕਹਿਕੇ ਅਸ਼ਟਾਮ ਹੀ ਸੰਤਾਂ ਨੂੰ ਦੇ ਗਿਆ।

ਉਹ ਮੁਸਲਮਾਨ ਬਰਗਾ ਨਾਮ ਦਾ ਕਰਜ਼ੇ ਤੋਂ ਖਲਾਸੀ ਪਾਕੇ ਆਪ ਦਾ ਜਸ ਕਰਦਾ ਘਰ ਨੂੰ ਗਿਆ ਤੇ ਕਹਿੰਦਾ ਗਿਆ ਕਿ ਇਹ ਸੰਤ ਐਨ ਖ਼ੁਦਾ ਦੀ ਮੂਰਤਿ ਹਨ। ਮੈਂ ਅਗੇ ਪੀਰਾਂ ਫਕੀਰਾਂ ਦੇ ਕਾਰ-ਨਾਮੇ ਸੁਣੇ ਸਨ, ਪਰ ਅੱਜ ਅੱਖਾਂ ਨਾਲ ਵੇਖੇ ਹਨ ਅਸਲੀ ਫਕੀਰ, ਬਾਬੇ ਨਾਨਕ ਦੇ ਫਕੀਰ ਸੱਚੇ ਹੀਰੇ। ਜਦ ਤਕ ਇਹ ਬਰਗਾ ਜੀਉਂਦਾ ਰਿਹਾ ਸੰਤਾਂ ਦਾ ਤੇ ਗੁਰੂ ਦਾ ਜਸ ਕਰਦਾ ਰਿਹਾ।

## ੨੨. ਹੋਰ ਸ਼ੁਭ ਗੁਣ, ਨਿਤ ਕ੍ਰਿਯਾ ਤੇ ਭਾਈ ਲੁੜੀਂਦਾ ਰਾਮ ਜੀ–

ਸੰਤ ਜੀ ਗੁਰ ਸਿਖੀ ਦੇ ਬਗੀਚੇ ਨੂੰ ਫਲਦਾ ਫੂਲਦਾ ਵੇਖਣ ਦੇ ਚਾਹਵਾਨ ਸੇ, ਕਈ ਮਾਈਆਂ ਬੀਬੀਆਂ ਸੰਤਾਨ ਦੀ ਅਣਹੋਂਦ ਦੇ ਕਾਰਨ ਵਰਦਾਨ ਲਈ ਆਉਂਦੀਆਂ, ਆਪ ਗੁਰਦਵਾਰੇ ਦੇ ਚਰਨਾਂ ਦੀ ਧੂੜੀ ਦੇਕੇ ਕਹਿੰਦੇ "ਜਾਹ ਬੱਚਾ! ਗੁਰੂ ਮਿਹਰ ਕਰੇਗਾ, ਬਾਲਕ ਨੂੰ ਸਿੰਘ ਸਜਾਣਾ"। ਇਸੇ ਤਰ੍ਹਾਂ ਜਦ ਕੋਈ ਮਾਈ ਬੀਬੀ ਬੀਮਾਰ ਬਾਲ ਨੂੰ ਲੈਕੇ ਹਾਜ਼ਰ ਹੁੰਦੀ ਤਦ ਉਸ ਨੂੰ ਵੀ ਆਪ ਨੇ ਚਰਨ ਧੂੜੀ ਦੇਕੇ ਕਹਿਣਾ, 'ਬਾਲ ਦੇ ਪਾਸ ਬੈਠਕੇ ਜਪੁ ਸਾਹਿਬ ਦਾ ਪਾਠ ਕਰੋ ਤੇ ਜਦ ਬਾਲਕ ਅਰੋਗ ਹੋ ਜਾਏ ਤਦ ਇਸ ਨੂੰ ਸਿੰਘ ਸਜਾਣਾ'। ਆਪ ਦੇ ਇਸ ਤਰ੍ਹਾਂ ਦੇ ਬਚਨਾਂ ਨਾਲ ਬਹੁਤੇ ਸਿੰਘ ਸਜ ਗਏ। ਆਪ ਮਾਈਆਂ

ਬੀਬੀਆਂ ਨੂੰ ਸਦੀਵ ਕਿਹਾ ਕਰਦੇ ਸਨ ਕਿ ਸਿੰਘ ਬੱਚਿਆਂ ਨੂੰ ਜੂਠ ਨਹੀਂ ਦੇਣੀ।

ਦਿਨ ਵਿਚ ਤਿੰਨ ਵੇਰ ਡੇਰੇ ਕਥਾ ਹੋਇਆ ਕਰਦੀ ਸੀ। ਸਵੇਰੇ ਪਿਛਲੇ ਪਹਿਰ ਤੇ ਰਾਤ ਨੂੰ ਜਨਮ ਸਾਖੀ, ਸੂਰਜ ਪ੍ਰਕਾਸ਼ ਆਦਿ ਵਾਚੇ ਜਾਂਦੇ ਸਨ। ਕੀਰਤਨ ਦਿਨ ਵਿਚ ਚਾਰ ਵੇਰ ਹੋਇਆ ਕਰਦਾ ਸੀ। ਦੋ ਵੇਰ ਆਪ ਸਤਾਰ ਨਾਲ ਕੀਰਤਨ ਕੀਤਾ ਕਰਦੇ ਸਨ।"ਮਿਟੀ ਧੁੰਧ ਜਗ ਚਾਨਣ ਹੋਇਆ" ਤੇ "ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ" ਇਨ੍ਹਾਂ ਸ਼ਬਦਾਂ ਨੂੰ ਆਪ ਬੜੇ ਪ੍ਰੇਮ ਨਾਲ ਨਿਤਾਪ੍ਰਤੀ ਪੜ੍ਹਿਆ ਕਰਦੇ ਸਨ।

ਜੇ ਕਦੀ ਕੋਈ ਸਜਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ, ਸੁਖ-ਮਨੀ ਜਾਂ ਜਪੁ ਸਾਹਿਬ ਸੁਰ ਨਾਲ ਪੜ੍ਹਦਾ ਹੋਵੇ ਤਾਂ ਆਪ ਉਸ ਤੇ ਬੜੇ ਪ੍ਰਸੰਨ ਹੁੰਦੇ ਸਨ, ਕੜਾਹ ਪ੍ਰਸ਼ਾਦ ਤੇ ਪਤਾਸ਼ਿਆਂ ਦਾ ਪ੍ਰਸ਼ਾਦ ਬੁਕ ਭਰ ਭਰ ਕੇ ਉਸ ਨੂੰ ਦਿੰਦੇ ਸਨ।

ਸ਼ਾਹਪੁਰ ਵਿਚ ਇਕ ਸਹਿਜਧਾਰੀ ਮੌਜੂਦ ਸੁਣਿਆ ਸੀ ਜਿਸ ਨੇ ਸੰਤ ਰਾਮ ਕਿਸ਼ਨ ਜੀ ਦੇ ਦਰਸ਼ਨ ਕੀਤੇ ਸਨ। ਇਹ ਸਜਣ ਦੱਸਦਾ ਸੀ ਕਿ ਮੇਰੀ ਆਵਾਜ਼ ਜਵਾਨੀ ਵੇਲੇ ਸਾਫ ਸੀ ਤੇ ਕੁਛ ਰਾਗ ਦੀ ਵੀ ਥੋੜੀ ਬਹੁਤ ਜਾਣ ਪਛਾਣ ਸੀ, ਮੈਨੂੰ ਇਕ ਦੋ ਵੇਰ ਸੁਰ ਨਾਲ ਪਾਠ ਕਰਦਿਆਂ ਵੇਖਕੇ ਸੰਤ ਇੰਨੇ ਪ੍ਰਸੰਨ ਹੋਏ ਕਿ ਇਕ ਸਾਧ ਨੂੰ ਹਰ ਰੋਜ਼ ਮੇਰੇ ਘਰ ਛਤਰੀ ਦੇਕੇ ਭੇਜਿਆ ਕਰਦੇ ਸਨ ਤਾਂ ਜੋ ਉਹ ਮੈਨੂੰ ਗੁਰ-ਦਵਾਰੇ ਲੈ ਆਵੇ। ਇਸੇ ਤਰ੍ਹਾਂ ਪਾਠ ਕਰ ਚੁਕਣ ਤੇ ਮੈਨੂੰ ਛਤਰੀ ਦੀ ਛਾਵੇਂ ਉਹ ਸਾਧ ਘਰ ਪੁਚਾਉਣ ਲਈ ਨਾਲ ਭੇਜਿਆ ਕਰਦੇ ਸਨ।

'ਧੰਨ ਬਾਬਾ ਨਾਨਕ' ਜਾਂ 'ਵਾਹਿਗੁਰੂ' ਇਹਨਾਂ ਦੋ ਸ਼ਬਦਾਂ ਵਿਚੋਂ ਇਕ ਸ਼ਬਦ ਹਰ ਵੇਲੇ ਆਪ ਦੀ ਰਸਨਾਂ ਤੇ ਰਹਿੰਦਾ ਸੀ।

ਅਰਦਾਸਾ ਕਰਦਿਆਂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਗੇ ਆਪ ਮੱਥਾ ਟੇਕਦਿਆਂ ਕਈ ਵੇਰ ਘੰਟਾ ਘੰਟਾ ਲਾ ਦਿਤਾ ਕਰਦੇ ਸੀ ਤੇ ਬੇਨਤੀ ਦੇ ਸ਼ਬਦ ਪੜ੍ਹਦਿਆਂ ਰੱਜਦੇ ਨਹੀਂ ਸਨ।

ਅੰਮ੍ਰਿਤ ਵੇਲੇ ਉੱਠਣਾ, ਇਸ਼ਨਾਨ ਕਰਨਾ,ਬਾਣੀ ਪੜ੍ਹਨੀ,ਨਾਮ

ਜਪਣਾ, ਫਿਰ ਆਸਾ ਦੀ ਵਾਰ ਦਾ ਕੀਰਤਨ ਕਰਨਾ ਯਾ ਸੁਣਨਾ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਵਾਕ ਸੁਣਕੇ ਬਾਹਰ ਵਿਹੜੇ ਵਿਚ ਆ ਜਾਣਾ, ੮ ਵਜੇ ਬਿਲਾਵਲ ਰਾਗ ਦੀ ਚੌਂਕੀ ਕਰਨੀ ਤੇ ਕਥਾ ਹੋਣੀ। ਫਿਰ ਲੰਗਰ ਦਾ ਪ੍ਰਬੰਧ ਕਰਨਾ। ਇਧਰੋਂ ਵਿਹਲਿਆਂ ਹੋ ਥੋੜਾ ਜਿਹਾ ਆਰਾਮ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਲਿਖਾਈ ਕਰਨੀ। ਪਿਛਲੇ ਪਹਿਰ ਬਾਹਰੋਂ ਫਿਰ ਟੁਰਕੇ ਆਉਣ ਤੇ ਕਥਾ, ਰਹਿਰਾਸ ਦਾ ਪਾਠ ਤੇ ਫੇਰ ਲੰਗਰ ਹੋਣਾ। ਰਾਤ ਨੂੰ ਕਥਾ, ਫਿਰ ਕੀਰਤਨ। ਸਰ-ਦੀਆਂ ਨੂੰ ੧੧ ਤੇ ਗਰਮੀਆਂ ਵਿਚ ਰਾਤ ਦੇ ਬਾਰਾਂ ਬਜੇ ਆਪ ਆਰਾਮ ਕਰਦੇ ਸਨ, ਇਹ ਸੀ ਆਪ ਜੀ ਦਾ ਨਿਤ ਚਰਯਾ।

ਆਪ ਜੀ ਦੇ ਵਡੇ ਚੇਲੇ ਭਾਈ ਲੁੜੀਂਦਾ ਰਾਮ ਜੀ ਸਨ, ਜੋ ਬੜੇ ਸੰਜਮੀ, ਸੰਤੋਖੀ, ਗੰਭੀਰ ਤੇ ਨਾਮ ਅਭਿਆਸੀ ਸਨ। ੨੫ ਪਾਠ ਜਪੁਜੀ ਸਾਹਿਬ ਦੇ ਆਪ ਨਿਤਾਪ੍ਰਤੀ ਕਰਦੇ ਸੇ। ਡੇਰੇ ਦਾ ਪ੍ਰਬੰਧ ਆਪ ਦੇ ਹੱਥ ਸੀ। ਸੰਤ ਰਾਮ ਕਿਸ਼ਨ ਜੀ ਸੁਭਾਉ ਦੇ ਖੁੱਲ੍ਹੇ ਤੇ ਦਿਲ ਦੇ ਸਖੀ ਸਨ, ਜੋ ਕੁਛ ਆਉਂਦਾ ਉਸੇ ਵੇਲੇ ਲੋੜਵੰਦਾਂ ਤੇ ਮੁਥਾਜਾਂ ਵਿਚ ਵੰਡ ਦਿਤਾ ਕਰਦੇ ਸਨ ਤੇ ਕਈ ਵੇਰ ਸਿਰ ਤੇ ਕਰਜ਼ ਵੀ ਹੋ ਜਾਂਦਾ ਸੀ, ਪ੍ਰੰਤੂ ਜਿਸ ਵੇਲੇ ਸੰਤ ਰਾਮ ਕਿਸ਼ਨ ਜੀ ਬਾਹਰ ਯਾਤ੍ਰਾ ਲਈ ਜਾਂਦੇ ਤਦ ਪਿਛੋਂ ਭਾਈ ਲੁੜੀਂਦਾ ਜੀ ਸਾਧ ਸੰਗਤ ਪਾਸੋਂ ਆਈ ਮਾਇਆ ਦਾ ਸੰਜਮ ਨਾਲ ਖਰਚ ਕਰਕੇ ਕਰਜ਼ਾ ਉਤਾਰ, ਲੋੜ ਅਨੁਸਾਰ ਸਾਮਾਨ ਡੇਰੇ ਲਈ ਨਵਾਂ ਬਣਵਾ ਲਿਆ ਕਰਦੇ ਸਨ।

ਭਾਈ ਲੁੜੀਂਦਾ ਜੀ ਸਰੀਰ ਦੇ ਮਜ਼ਬੂਤ ਘੱਟ ਸਨ ਤੇ ਸਦੀਵ ਸੁਤੇ ਹੀ ਕੁਛ ਨਰੋਏ ਨਹੀਂ ਸਨ ਰਹਿੰਦੇ, ਪ੍ਰੰਤੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਲਿਖਾਈ ਦਾ ਕੰਮ ਬੜੇ ਚਾਉ ਨਾਲ ਕੀਤਾ ਕਰਦੇ ਸਨ। ਇਨ੍ਹਾਂ ਦੀਆਂ ਲਿਖਤੀ ਗੁਰੂ ਬਾਬੇ ਜੀ ਦੀਆਂ ਕਈ ਬੀੜਾਂ ਡੇਰੇ ਬਿਰਾਜਮਾਨ ਸਨ।

ਨਾਮ ਬਾਣੀ ਤੋਂ ਛੁਟ ਭਾਈ ਲੁੜੀਂਦਾ ਰਾਮ ਜੀ ਸੇਵਾ ਦੇ ਕੰਮ ਬੀ ਬੜੇ ਕਰਦੇ ਸੇ। ਮੁੰਜ ਵੱਟਣੀ, ਅੱਖਾਂ ਦਾ ਦਾਰੂ ਬਨਾਉਣਾ, ਵਾਈ

ਬਾਦੀ ਦੀਆਂ ਗੋਲੀਆਂ ਆਦਿ ਬਣਾਕੇ ਡੇਰੇ ਵਿਚ ਰਖਦੇ ਸਨ ਜੋ ਲੋੜਵੰਦਾਂ ਵਿਚ ਮੁਫਤ ਵੰਡਿਆ ਕਰਦੇ ਸੀ।

ਭਾਈ ਲੁੜੀਂਦਾ ਰਾਮ ਜੀ ਨੇ ਆਪਣੀ ਕਰਨੀ ਕਰਤੂਤ ਨਾਲ ਥੋੜੇ ਚਿਰ ਵਿਚ ਹੀ ਭਾਈ ਰਾਮ ਕਿਸ਼ਨ ਜੀ ਨੂੰ ਮੋਹਿਤ ਕਰ ਲਿਆ ਸੀ। ਉਸ ਵੇਲੇ ਦੇ ਲੋਕੀ ਇਨ੍ਹਾਂ ਦੀ ਘਾਲ ਵੇਖਕੇ ਕਿਹਾ ਕਰਦੇ ਸਨ :-

"ਔਰ ਮੇਲ ਸਭ ਮਿਲਣਗੇ ਪਰ ਇਹ ਨ ਮਿਲੇਗਾ ਮੇਲਾ।
ਭਾਈਰਾਮਕਿਸ਼ਨ ਜਿਹਾਕੋਈ ਸਾਧ ਨਾ,ਭਾਈਲੁੜੀਂਦੇ ਜਿਹਾ ਨਾ ਚੇਲਾ।"

**੨੩. ਚਲਾਣਾ ਤੇ ਅੰਤਮ ਸੰਸਕਾਰ-**

ਸੰਤ ਭਾਈ ਰਾਮ ਕਿਸ਼ਨ ਜੀ ਨੂੰ ਅੰਤ ਸਮੇਂ ਕਿਸੇ ਤਰ੍ਹਾਂ ਦਾ ਰੋਗ ਨਹੀਂ ਹੋਇਆ, ਅੱਸੂ ਸੁਦੀ ੧੦ ਦੁਸਹਿਰੇ ਵਾਲੇ ਦਿਨ ਪਹਿਲੀ ਕੱਤਕ ਸੰਮਤ ੧੯੪੫ ਬਿ: ਨੂੰ ਅੰਮ੍ਰਿਤ ਵੇਲੇ ਸਦੀਵ ਵਾਂਗ ਉਠੇ, ਇਸ਼ਨਾਨ ਕੀਤਾ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਾਲੀ ਕੋਠੜੀ ਦੇ ਅੱਗੇ ਜਾ ਕੇ ਮੱਥਾ ਟੇਕਿਆ। ਆਪ ਇਸ ਤਰ੍ਹਾਂ ਸਿਰ ਟੇਕੀ ਜਪੁ ਸਾਹਿਬ ਦਾ ਪਾਠ ਕਰਦੇ ਸਨ ਕਿ ਡੇਰੇ ਵਿਚ ਬਲ ਰਿਹਾ ਦੀਵਾ ਅੱਚਣ-ਚੇਤ ਬੁਝ ਗਿਆ, ਪਾਸ ਬੈਠੇ ਸਾਧ ਨੇ ਉਠਕੇ ਵੇਖਿਆ, ਦੀਵੇ ਵਿਚ ਤੇਲ ਹੈ, ਬੱਤੀ ਹੈ ਹਵਾ ਨਹੀਂ ਵਗਦੀ, ਫਿਰ ਦੀਵਾ ਕਿਉਂ ਬੁਝਿਆ ? ਦੀਵਾ ਮੁੜ ਬਾਲ ਕੇ ਜਦ ਸਾਧ ਨੇ ਭਾਈ ਰਾਮ ਕਿਸ਼ਨ ਜੀ ਵੱਲ ਤੱਕਿਆ ਤਾਂ ਆਪ ਤੋਂ ਪਾਠ ਦੀ ਆਵਾਜ਼ ਨਹੀਂ ਸੀ ਆ ਰਹੀ, ਨਮਸਕਾਰ ਵਾਲਾ ਸੀਸ ਦਲ੍ਹੀਜ ਤੇ ਪਿਆ ਹੋਇਆ ਸੀ। ਕੁਛ ਚਿਰ ਮਗਰੋਂ ਜਾਂ ਹਿਲਾਇਆ ਤਾਂ ਆਪ ਦੀ ਸੂਛ ਆਤਮਾ ਨਮਸਕਾਰ ਵਿਚ ਹੀ ਪਿਆਰੇ ਦੇ ਚਰਨੀਂ ਸਮਾ ਚੁਕੀ ਹੋਈ ਸੀ :-

ਸੇਵਕ ਕੀ ਓੜਕਿ ਨਿਬਹੀ ਪ੍ਰੀਤਿ ॥

ਸੰਤ ਜੀ ਦੇ ਚਲਾਣੇ ਦੀ ਖ਼ਬਰ ਸੁਣਕੇ ਗਿਰਦ ਨਵਾਹੀ ਸੰਗਤ ਬਹੁਤ ਇਕੱਠੀ ਹੋ ਗਈ; ਸ਼ਬਦ ਕੀਰਤਨ ਹੁੰਦੇ ਰਹੇ। ਆਪ ਦੀ ਦੇਹ ਦਾ ਅੰਤਮ ਸੰਸਕਾਰ ਦਰਯਾ ਦੇ ਕੰਢੇ ਤੇ ਹੋਇਆ।

२४. ਮਗਰੋਂ ਮਹੰਤੀ ਦੀ ਸੇਵਾ-

ਆਪ ਜੀ ਦੇ ਪਿੱਛੋਂ ਭਾਈ ਲੜੀਂਦਾ ਜੀ ਡੇਰੇ ਦੇ ਮਹੰਤ ਥਾਪੇ ਗਏ। ਆਪ ਸੰਤਾਂ ਦੇ ਪੂਰਨਿਆਂ ਪਰ ਟੁਰੇ, ਪਰ ਸ਼ੱਕ ਹੈ ਕਿ ਪੂਰੇ ਇਕ ਸਾਲ ਚਾਰ ਦਿਨ ਪਿਛੋਂ ਦੁਸਹਿਰੈ ਤੋਂ ਅਗਲੀ ਚੌਦਸ ਵਾਲੇ ਦਿਨ ਚੜ੍ਹਾਈ ਕਰ ਗਏ।

ਆਪ ਦੇ ਮਗਰੋਂ ਭਾਈ ਸ਼ੰਕਰ ਦਾਸ ਜੀ ਮਹੰਤ ਹੋਏ ਤੇ ਉਨ੍ਹਾਂ ਦੇ ਮਗਰੋਂ ਹੁਣ ਭਾਈ ਹੀਰਾ ਸਿੰਘ ਜੀ ਮਹੰਤ ਥਾਪੇ ਗਏ ਹਨ। ਆਪ ਦਾ ਆਚਰਨ ਉੱਚਾ ਸੁੱਚਾ ਹੈ, ਸੇਵਾ ਉਸੀ ਤਰ੍ਹਾਂ ਕਰਦੇ ਹਨ, ਸਿਮਰਨ ਦੀ ਰੌ ਸੁਹਣੀ ਜਾਰੀ ਹੈ। ਗੁਰਬਾਣੀ ਦੇ ਰਸੀਏ ਤੇ ਕੀਰਤਨ ਸੁਹਣਾ ਕਰ ਸਕਦੇ ਹਨ, ਪਰ ਘਾਲਾਂ ਬਹੁਤ ਕਰਨ ਕਰਕੇ ਦਿਲ ਦੇ ਪੁਰਜ਼ੇ ਵਿਚ ਕਮਜ਼ੋਰੀ ਹੈ, ਫਿਰ ਬੀ ਸਿਮਰਨ ਵਾਲੇ ਨਾਮੀ ਬੰਦੇ ਹਨ। ਖਾਲਸਾ ਹਾਈ ਸਕੂਲ ਸ਼ਾਹਪੁਰ ਦਾ ਬਣਨਾ ਤੇ ਚਿਰਕਾਲ ਤਕ ਜਾਰੀ ਰਹਿਣਾ ਬਹੁਤ ਕੁਛ ਆਪ ਦੇ ਪ੍ਰਯਤਨ ਦਾ ਫਲ ਹੈ। ਡੇਰੇ ਦੀ ਉਹੋ ਸੰਭਾਲ ਤੇ ਪਰਉਪਕਾਰ ਦੀ ਪਿਛਲੀ ਪਰਿਪਾਟੀ ਆਪ ਨੇ ਜਾਰੀ ਰੱਖੀ ਹੈ। ਸ਼ਾਹ ਪੁਰ ਤੋਂ ਆ ਕੇ ਆਪ ਨੇ ਪਟਿਆਲੇ, ਸ਼ੇਰਾਂ ਵਾਲੇ ਦਰਵਾਜ਼ੇ, ਗੁਰਦੁਆਰਾ ਟਿਕਾਣਾ ਸੰਤ ਭਾਈ ਰਾਮ ਕਿਸ਼ਨ ਸਾਹਿਬ ਜੀ ਦੇ ਨਾਮ ਤੇ ਮੁੜ ਆਬਾਦ ਕੀਤਾ ਹੈ। ਜੀਵਨ ਦੀ ਸਾਦਗੀ, ਸੇਵਾ ਤੇ ਸਿਮਰਨ ਇਹ ਆਪ ਦੇ ਸਰੀਰ ਵਿਚ ਵੇਖਕੇ ਖੁਸ਼ੀ ਹੁੰਦੀ ਹੈ ਕਿ ਗੁਰ ਸਿਖਾਂ ਵਿਚ ਐਸੀਆਂ ਮੂਰਤੀਆਂ ਅਜੇ ਬੀ ਹਨ।

-ਇਤਿ-

# ਇਹ ਜੀਵਨ ਪੜ੍ਹਕੇ ਪਾਠਕ ਜੀ

# ਹੁਣ ਵੀਚਾਰ ਕਰੋ ਕਿ

# 'ਅਸਾਂ ਕੀਹ ਕਰਨਾ ਹੈ'

ਵਡਿਆਂ ਦੇ ਜੀਵਨ ਪੜ੍ਹਕੇ ਸੁਮੱਤ ਲਈ ਦੀ ਹੈ। ਸੰਤ ਭਾਈ ਰਾਮ ਕਿਸ਼ਨ ਜੀ ਤੋਂ ਜੋ ਸਿਖਯਾ ਮਿਲਦੀ ਹੈ ਉਹ ਇਹ ਹੈ ਕਿ ਅਸੀਂ ਸੱਚੇ ਸਿੱਖ ਬਣੀਏ। ਸ੍ਰੀ ਗੁਰੂ ਰਾਮਦਾਸ ਜੀ ਨੇ ਸੱਚਾ ਸਿੱਖ ਬਣਨ ਲਈ ਜੋ ਰਾਹ ਦੱਸਿਆ ਹੈ ਸੋ ਇਹ ਹੈ, ਇਸ ਨੂੰ ਪੜ੍ਹੋ ਵੀਚਾਰੋ ਤੇ ਅਮਲ ਕਰੋ :-

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥ ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ ॥ ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥ ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥ ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰ ਸਿਖ ਗੁਰੂ ਮਨਿ ਭਾਵੈ ॥ ਜਿਸਨੋ ਦਇਆਲ ਹੋਵੈ ਮੇਰਾ ਸੁਆਮੀ ਤਿਸੁ ਗੁਰ ਸਿਖ ਗੁਰੂ ਉਪਦੇਸੁ ਸੁਣਾਵੈ ॥ ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰ ਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥ ੨॥

[ਗਉੜੀ ਵਾਰ ਮ: ੪

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

----

# ਸੰਤ ਗਾਥਾ

## ੨. ਭਾਈ ਬੁੱਧੂ ਸਾਹਿਬ ਜੀ ਅੱਡਣਸ਼ਾਹੀ
ਦੇ
## ਜੀਵਨ ਸਮਾਚਾਰ

ਸੰਸਾਰ ਵਿਚ ਅਨੇਕਾਂ ਮਨੁੱਖ ਪੈਦਾ ਹੋਏ, ਜਿਨ੍ਹਾਂ ਆਪਣੇ ਐਸ਼੍ਵਰਜ, ਪ੍ਰਤਾਪ, ਬਾਹੂ ਬਲ, ਵਿਦਯਾ ਨਾਲ ਆਪਣੇ ਸਮੇਂ ਵਿਚ ਪ੍ਰਸਿੱਧਤਾ ਪਾਈ, ਪਰੰਤੂ ਉਨ੍ਹਾਂ ਦੇ ਅੱਖਾਂ ਮੀਟਣ ਦੇ ਨਾਲ ਹੀ ਉਨ੍ਹਾਂ ਦਾ ਨਾਮ ਵੀ ਸੰਸਾਰ ਤੋਂ ਲੋਪ ਹੋ ਗਿਆ। ਪਰੰਤੂ ਇਸ ਦੇ ਟਾਕਰੇ ਤੇ ਜਿਨ੍ਹਾਂ ਲੋਕਾਂ ਨੇ ਦੂਜਿਆਂ ਦੇ ਭਲੇ ਲਈ ਆਪਣੇ ਆਪ ਨੂੰ ਅਰਪਨ ਕਰ ਦਿਤਾ ਅਤੇ ਜਿਨ੍ਹਾਂ ਨੇ ਵਾਹਿਗੁਰੂ ਚਿੰਤਨ ਵਿਚ ਆਪਣੀ ਆਯੂ ਬਿਤੀਤ ਕੀਤੀ; ਉਹ ਅੱਖਾਂ ਮੀਟਣ ਮਗਰੋਂ ਸੰਸਾਰ ਵਿਚ ਸੂਰਜ ਵਾਂਗ ਚਮਕੇ, ਸਮੇਂ ਦੇ ਗੁਜ਼ਰਨ ਨਾਲ ਉਨ੍ਹਾਂ ਦੀ ਕੀਰਤੀ ਵਧੀ ਤੇ ਅਮਰ ਹੋ ਗਏ। ਇਸ ਤਰ੍ਹਾਂ ਦੇ ਸਤਯਵਾਦੀ, ਕਰਨੀ ਵਾਲੇ ਤੇ ਨਾਮ ਰਸੀਏ ਗੁਰਸਿਖੀ ਦੇ ਚਮਕਦੇ ਸਿਤਾਰਿਆਂ ਵਿਚੋਂ ਇਕ ਗੁਰੂ ਕੇ ਲਾਲ 'ਭਾਈ ਬੁੱਧੂ ਸਾਹਿਬ ਜੀ' ਸ਼ਾਹਪੁਰ ਵਾਲੇ ਹੋਏ ਹਨ।

**੧. ਜਨਮ–**

ਆਪ ਜੀ ਦਾ ਜਨਮ ਅਸਥਾਨ ਪਿੰਡ ਟਾਹਲੀ, ਸ਼ਾਹ ਜੀਵਣੇ ਦੇ ਇਲਾਕੇ, ਜ਼ਿਲੇ ਝੰਗ ਦਾ ਹੈ। ਬਾਲਪਨ ਵਿਚ ਹੀ ਮਾਤਾ ਤੇ ਪਿਤਾ ਦੀ

ਛਤ੍ਰ ਛਾਇਆ ਸਿਰ ਤੋਂ ਉਠ ਗਈ। ਇਹ ਸੱਟ ਅਜਿਹੀ ਨਹੀਂ ਸੀ ਜਿਸ ਨੂੰ ਕਿ ਆਪ ਭੁੱਲ ਜਾਂਦੇ, ਬਚਪਨ ਵਿਚ ਹੀ ਇਹ ਆਪ ਦੇ ਸੁਤੇ ਵੈਰਾਗੀ ਮਨ ਉਤੇ ਉਪਰਾਮਤਾ ਦਾ ਅਸਰ ਪਾ ਗਈ।

ਆਪ ਦੇ ਜਨਮ ਦਾ ਠੀਕ ਸੰਮਤ ਨਹੀਂ ਮਿਲਿਆ, ਪਰ ਵਡੇ ਆਦਮੀਆਂ ਪਾਸੋਂ ਖੋਜ ਕਰਨ ਤੇ ਟੋਹ ਇਥੋਂ ਤੱਕ ਲੈ ਜਾਂਦੀ ਹੈ ਕਿ ੧੮੫੦ ਤੋਂ ੧੮੫੫ ਸੰਮਤ ਬਿਕ੍ਰਮੀ ਦੇ ਵਿਚਕਾਰ ਆਪ ਦਾ ਜਨਮ ਹੋਇਆ ਹੈ।

## ੨. ਨਿੱਤ ਕ੍ਰਿਯਾ ਤੇ ਧਰਮ ਦੀ ਕਿਰਤ–

ਬਾਲਪਨੇ ਵਿਚ ਹੀ ਆਪ ਦਾ ਰੁਖ ਸਤਿਸੰਗ ਵਲ ਹੈਸੀ। ਗੁਰਦਵਾਰੇ ਦੋਨੋਂ ਵੇਲੇ ਜਾਣਾ, ਕਥਾ ਕੀਰਤਨ, ਬਾਣੀ ਦੇ ਪਾਠ ਵਲ ਆਪ ਦੀ ਰੁਚੀ ਦਿਨ ਬਦਿਨ ਵਧਦੀ ਰਹੀ। ਆਏ ਗਏ ਸਿੱਖ ਅਭਯਾਗਤ ਦੀ ਸੇਵਾ ਵਿਚ ਆਪ ਖੁਸ਼ੀ ਅਨੁਭਵ ਕਰਦੇ। ਖੱਟ ਘਾਲ ਕੇ ਜੋ ਕੁਛ ਹੱਥ ਆਉਂਦਾ ਉਹਦੇ ਨਾਲ ਆਪਣਾ ਨਿਰਬਾਹ ਕਰਦੇ ਜੋ ਕੁਛ ਬਚ ਜਾਂਦਾ ਉਹ ਦੁਖੀ ਦਰਿਦਰੀ ਤੇ ਸੰਤਾਂ ਦੀ ਸੇਵਾ ਵਿਚ ਖਰਚ ਕਰ ਦੇਂਦੇ। ੨੦-੨੨ ਸਾਲ ਦੀ ਆਯੂ ਤਕ–'ਘਾਲਿ ਖਾਇ ਕਿਛੁ ਹਥਹੁ ਦੇਇ' ਦੇ ਆਪ ਧਾਰਨੀ ਰਹੇ। ਆਪ ਦੇ ਨਗਰ ਵਿਚ ਦੂਜ ਦੇ ਚੰਦ੍ਰਮਾਂ ਵਾਂਗ ਆਪ ਦਾ ਸਤਿਕਾਰ ਹੋਣ ਲਗ ਪਿਆ ਤੇ ਆਪ ਦੀ ਕੀਰਤੀ ਦਿਨ ਬਦਿਨ ਫੈਲਣ ਲਗ ਪਈ।

ਗੁਰੂ ਘਰ ਵਿਚ ਚੋਰੀ ਮਨ੍ਹਾਂ ਹੈ, ਠੱਗੀ ਮਨ੍ਹਾਂ ਹੈ, ਪਰਾਇਆ ਹੱਕ ਮਾਰਨਾ ਮਨ੍ਹਾ ਹੈ, ਪਰ ਕਿਰਤ ਕਰਨੀ ਮਨ੍ਹਾ ਨਹੀਂ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਐਮਨਾਬਾਦ ਵਾਲਾ ਪ੍ਰਸੰਗ ਪ੍ਰਸਿਧ ਹੈ, ਆਪ ਨੇ ਤਰਖਾਣ ਲਾਲੋ ਦੇ ਘਰ ਦੀ ਕੋਧਰੇ ਦੀ ਰੋਟੀ ਵਿਚ ਦੁੱਧ ਤੇ ਮਲਕ ਭਾਗੋ ਦੇ ਪੂੜੇ ਤੇ ਕਚੌਰੀਆਂ ਵਿਚ ਰਤ ਦੱਸੀ ਸੀ, ਜਿਸ ਦਾ ਭਾਵ ਇਹ ਸੀ ਕਿ ਦਸਾਂ ਨਹੁੰਵਾਂ ਦੀ ਕਿਰਤ ਕਰਕੇ ਕਮਾਉਣਾ ਤੇ ਖਾਣਾ ਹੱਕ ਹਲਾਲ ਦੀ ਕਮਾਈ ਹੈ, ਇਸ ਨੂੰ ਦੁਧ ਸਮਝੋ। ਗਰੀਬਾਂ ਤੇ ਜ਼ੁਲਮ ਕਰਕੇ, ਠੱਗੀ



 www.sikhbookclub.com

ਪਹਿਨਾਮੀ ਨਾਲ ਕਮਾਏ ਰੁਪਏ ਦੇ ਨਾਲ ਐਸ਼ ਕਰਨੀ ਮਾੜੀ ਹੈ। ਕੋਈ ਕਿਰਤ ਮਾੜੀ ਨਹੀਂ, ਕਿਰਤ ਕਰਨ ਵਾਲਾ ਨੀਵਾਂ ਨਹੀਂ, ਕਿਰਤ ਕਰਨ ਨਾਲ ਬਰਾਦਰੀ ਵਿਚ ਦਰਜਾ ਘਟਦਾ ਨਹੀਂ, ਉਹ ਤਾਂ ਹੱਕ ਹਲਾਲ ਦੀ ਕਮਾਈ ਖਾਣ ਵਾਲਾ ਹੋਣ ਤੇ ਸਰਬੋਤਮ ਹੈ। ਸੋ ਭਾਈ ਬੁੱਧੂ ਜੀ ਹੱਕ ਹਲਾਲ ਦੀ ਕਿਰਤ ਕਰਦੇ ਸਨ, ਆਪਣਾ ਨਿਰਬਾਹ ਟੋਰਦੇ ਸਨ ਤੇ ਬਾਕੀ ਦਾਨ ਕਰਦੇ ਸਨ। ਆਪਣੇ ਪਿੰਡ ਵਿਚ ਜੋ ਕੰਮ ਮਿਲ ਜਾਂਦਾ ਆਪ ਕਰ ਲਿਆ ਕਰਦੇ ਸਨ। ਕਿਸੇ ਮਿਹਨਤ ਨੂੰ ਮਾੜਾ ਨਹੀਂ ਸਨ ਸਮਝਦੇ।

ਉਨ੍ਹੀ ਦਿਨੀਂ ਕਲਾ ਮਸ਼ੀਨਰੀ ਤੇ ਕਾਰਖਾਨੇ ਨਹੀਂ ਸਨ ਹੁੰਦੇ, ਘਰਾਂ ਦੇ ਕੰਮ ਕਾਜ ਤੇ ਵਾਹੀ ਦਾ ਕਾਰ ਵਿਹਾਰ ਹੀ ਹੁੰਦਾ ਸੀ।

ਇਕ ਦਿਨ ਇਕ ਸ਼ਾਹੂਕਾਰ ਨੇ ਭਾਈ ਬੁੱਧੂ ਜੀ ਨੂੰ ਸੱਦਿਆ ਤੇ ਕਿਹਾ ਕਿ ਇਹ ਕੁਪਾਹ ਹੈ, ਇਸ ਨੂੰ ਵੇਲਣਾ ਹੈ, ਕੱਲ ਤੋਂ ਵੇਲਣਾ ਸ਼ੁਰੂ ਕਰ ਦੇਵੋ। ਭਾਈ ਸਾਹਿਬ ਨੇ ਕਪਾਹ ਅੰਦਰੋਂ ਕੱਢਕੇ ਕੋਠੇ ਤੇ ਚੜ੍ਹਾਈ ਤੇ ਧੁਪ ਵਿਚ ਖਿਲਾਰ ਦਿੱਤੀ। ਫਿਰ ਝੰਬਣੀ (ਸੋਟੀ) ਨਾਲ ਚੰਗੀ ਤਰ੍ਹਾਂ ਝੰਬਕੇ ਉਹਦੇ ਵਿਚੋਂ ਮਿੱਟੀ, ਕੂੜਾ ਕਰਕਟ ਕੱਢ ਦਿਤਾ। ਇਸ ਤਰ੍ਹਾਂ ਚੋਖੀ ਸਾਰੀ ਕਪਾਹ ਸਵੇਰ ਲਈ ਤਿਆਰ ਕਰਕੇ ਆਪ ਦਿਲ ਵਿਚ ਇਹ ਧਾਰ ਕੇ ਕਿ ਕੱਲ ਵਾਸਤੇ ਕਾਫੀ ਕੰਮ ਮਿਲ ਗਿਆ ਹੈ, ਘਰ ਚਲੇ ਗਏ।

ਸੰਧਿਆ ਵੇਲੇ ਸ਼ਾਹੂਕਾਰ ਨੇ ਆਪਣੀ ਇਕ ਅਸਾਮੀ ਪਾਸ ਆਦਮੀ ਭੇਜਿਆ ਕਿ ਕਲ ਮੈਂ ਕਿਤੇ ਬਾਹਰ ਜਾਣਾ ਹੈ, ਮੇਰੀ ਘੋੜੀ ਬੀਮਾਰ ਹੈ, ਤੁਸੀਂ ਘੋੜੀ ਦੇਵੋ। ਅਸਾਮੀ ਨੂੰ ਆਪ ਘੋੜੀ ਦੀ ਲੋੜ ਸੀ, ਇਸ ਲਈ ਉਸ ਨੇ ਦੇਣੋਂ ਨਾਹ ਕਰ ਦਿਤੀ। ਸ਼ਾਹੂਕਾਰ ਹੰਕਾਰ ਵਿਚ ਮੱਤਿਆ ਉਸ ਦੇ ਗਲ ਪੈ ਗਿਆ, ਉਹ ਅਗੋਂ ਮਿੰਨਤਾਂ ਕਰੇ, ਅੰਤ ਨੂੰ ਸ਼ਾਹੂਕਾਰ ਇਹ ਕਹਿਕੇ ਕਿ ਕੱਲ੍ਹ ਤੇਰੀ ਖਬਰ ਲਵਾਂਗਾ, ਤੂੰ ਹੋਵੇਂ ਕੌਣ ਜੋ ਮੇਰੇ ਅਗੇ ਨਾਂਹ ਕਰੇਂ; ਘਰ ਆ ਗਿਆ।

ਰੱਬ ਦੇ ਰੰਗ! ਰਾਤ ਨੂੰ ਰੋਟੀ ਖਾਕੇ ਪਿਛੋਂ ਸੌਣ ਲਗਿਆਂ

ਸ਼ਾਹੂਕਾਰ ਨੂੰ ਪੇਟ ਵਿਚ ਸੂਲ ਉਠਿਆ, ਇਸੇ ਹਫੜਾ ਦਫੜੀ ਵਿਚ ਉਸ ਦੇ ਘਰ ਅੱਗ ਲਗ ਗਈ ਤੇ ਸਾਰਾ ਸਾਮਾਨ ਸੜਕੇ ਸਵਾਹ ਹੋ ਗਿਆ।

ਦੂਜੀ ਭਲਕ, ਭਾਈ ਬੁੱਧੂ ਜੀ ਕਪਾਹ ਵੇਲਣੇ ਵਾਸਤੇ ਉਹਦੇ ਘਰ ਆਏ। ਅਗੋਂ ਕੀ ਡਿੱਠੋ ਨੇ ਕਿ ਸ਼ਾਹੂਕਾਰ ਦਾ ਘਰ ਸੜਕੇ ਸਵਾਹ ਹੋ ਗਿਆ ਹੈ ਤੇ ਕੋਈ ਚੀਜ਼ ਨਹੀਂ ਬਚੀ।

ਭਾਈ ਬੁੱਧੂ ਜੀ ਇਸ ਅੱਜ ਦੀ ਬੇਰੁਜ਼ਗਾਰੀ ਦੇ ਹੱਥੋਂ ਉਦਾਸ ਬਹੁਤ ਹੋਏ ਤੇ ਦਿਲ ਵਿਚ ਆਪਣੇ ਪਿੰਡ ਦੇ ਛੱਡਣ ਦੀ ਧਾਰਨਾ ਧਾਰ ਲਈ। ਸਤਿਸੰਗੀ ਤਾਂ ਸਨ ਹੀ, ਦਿਲ ਦੇ ਵਿਚ ਇਹ ਖਿਆਲ ਵੀ ਆ ਗਿਆ ਕਿ ਜੇ ਪਿੰਡ ਛੱਡਣਾ ਹੀ ਹੈ ਤਾਂ ਕਿਸੇ ਅਜਿਹੇ ਟਿਕਾਣੇ ਚੱਲਣਾ ਚਾਹੀਦਾ ਹੈ ਜਿਥੇ ਲੋਕ ਪ੍ਰਲੋਕ ਦੋਨਾਂ ਦਾ ਉਧਾਰ ਹੋ ਜਾਏ।

**੩. ਭੇਹਰੇ ਜਾਣਾ ਤੇ ਨਾਮ ਪ੍ਰਾਪਤ–**

ਸ੍ਰੀ ਮਾਨ ਸੰਤ ਦੁਖਭੰਜਨ ਜੀ ਭੇਹਰੇ ਵਾਲੇ ਆਪਣੀ ਕਰਨੀ ਤੇ ਗੁਰਮੁਖਤਾਈ ਦੇ ਕਾਰਨ ਸਾਰੇ ਇਲਾਕੇ ਵਿਚ ਪ੍ਰਸਿਧ ਸਨ। ਉਨ੍ਹਾਂ ਗੁਰੂ ਸਵਾਰਿਆਂ ਤੋਂ ਹਜ਼ਾਰਹਾਂ ਜਗਜਾਸੂਆਂ ਨੇ ਲਾਭ ਉਠਾਇਆ, ਪਰਮਾਰਥ ਸੁਧਾਰਿਆ ਤੇ ਪਜਾਰੇ ਗੁਰੂ ਨਾਨਕ ਦੀ ਗੋਦ ਪ੍ਰਾਪਤ ਕੀਤੀ ਸੀ। ਭਾਈ ਬੁੱਧੂ ਜੀ ਨੇ ਬੀ ਇਨ੍ਹਾਂ ਦੇ ਮਿਲਣ ਹਿਤ ਇਨ੍ਹਾਂ ਦੇ ਡੇਰੇ ਜਾਣ ਵਾਸਤੇ ਕਮਰਕੱਸੇ ਕਰ ਲਏ।

ਸੰਤਾਂ ਦਾ ਇਸ ਤਰ੍ਹਾਂ ਦਾ ਜਸ ਸੁਣਕੇ ਆਪ ਭੇਹਰੇ ਆਏ, ਅਗੋਂ ਸੰਤ ਜੀ ਮਿਆਣੀ ਪਿੰਡ ਸਨ,ਆਪ ਉਨ੍ਹਾਂ ਨੂੰ ਉਥੇ ਜਾ ਮਿਲੇ। ਦਰਸ਼ਨ ਕੀਤਾ, ਦਿਲ ਨੂੰ ਸ਼ਾਂਤਿ ਪ੍ਰਾਪਤ ਹੋਈ, ਹਿਰਦਾ ਖਿੜ ਗਿਆ। ਸੰਤਾਂ ਨੇ ਪਿਆਰ ਦਿੱਤਾ, ਸਿਰ ਤੇ ਹੱਥ ਧਰਿਆ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰੋਂ ਨਾਮ ਦੀ ਦਾਤ ਬਖਸ਼ੀ। ਨਾਮ ਬਾਣੀ ਵਿਚ ਲੱਗਕੇ ਭਾਈ ਬੁੱਧੂ ਜੀ ਸੇਵਾ ਟਹਿਲ ਬੜੇ ਪਿਆਰ ਨਾਲ ਕਰਨ ਲੱਗੇ। ਜਿਉਂ ਜਿਉਂ ਸੇਵਾ, ਨਾਮ ਬਾਣੀ ਦਾ ਪਿਆਰ ਨਿਰਮਾਣਤਾ ਵੇਖਣ ਸੰਤ ਜੀ ਬੜੇ ਪ੍ਰਸੰਨ ਹੋਣ ਤੇ ਡੇਰੇ ਦੀ ਸੇਵਾ ਇਨ੍ਹਾਂ ਨੂੰ ਦੇਕੇ ਆਪ ਥਾਂ ਥਾਂ ਤੇ

ਗੁਰਦੁਆਰੇ ਬਨਾਉਣ, ਖੂਹ ਲਗਵਾਉਣ ਤੇ ਨਾਮ ਬਾਣੀ ਦੇ ਪ੍ਰਚਾਰ ਵਾਸਤੇ ਚਲੇ ਜਾਇਆ ਕਰਨ। ਭਾਈ ਬੁੱਧੂ ਜੀ ਸੇਵਾ ਦੀ ਮੂਰਤਿ ਬਣੇ ਵੈਰਾਗ ਦਸ਼ਾ ਵਿਚ ਵਰਤਦੇ ਵਾਹਿਗੁਰੂ ਦੇ ਪਿਆਰ ਵਿਚ ਬਿਹਬਲ ਰਹਿਣ ਲਗ ਪਏ। ਸੰਤ ਜੀ ਜਦੋਂ ਭੇਹਰੇ ਆਵਣ ਇਨ੍ਹਾਂ ਦੀ ਸੇਵਾ, ਜੀਆਂ ਦੀ ਪ੍ਰਸੰਨਤਾ ਤੇ ਪਰਉਪਕਾਰ ਸੁਣ ਸੁਣਕੇ ਬੜੇ ਖੁਸ਼ ਹੋਣ। ਅੰਤ ਇਨ੍ਹਾਂ ਨੂੰ ਲਾਇਕ ਸਮਝਕੇ ਆਪਣੀ ਹੱਥੀਂ ਡੇਰੇ ਦੀ ਸੇਵਾ ਇਨ੍ਹਾਂ ਨੂੰ ਦੇ ਕੇ ਆਪ ਉਨੇ ਬਾਬੇ ਸਾਹਿਬ ਜੀ ਪਾਸ ਜਾ ਰਹੇ। ਉਥੇ ਧਰਮ-ਸਾਲਾ ਪਾ ਕੇ 'ਨਾਮ ਬਾਣੀ' ਦੇ ਕੀਰਤਨ ਦਾ ਪ੍ਰਵਾਹ ਚਲਾਇਆ, ਗੁਰਮੁਖੀ ਵਿਦਿਜਾ ਪੜ੍ਹਾਉਣੀ ਸ਼ੁਰੂ ਕੀਤੀ ਤੇ ਆਖਰੀ ਦਮ ਤਕ ਉਥੇ ਹੀ ਟਿਕੇ ਰਹੇ। ਭਾਈ ਬੁੱਧੂ ਜੀ ਬੀ ਦਰਸ਼ਨ ਕਰਨ, ਉਥੇ ਕਈ ਵਾਰ ਗਏ। ਅੰਤ ਚਲਾਣੇ ਵੇਲੇ ਬੀ ਆਪ ਪਾਸ ਹੀ ਸਨ। ਸੰਤ ਦੁਖਭੰਜਨ ਸਾਹਿਬ ਜੀ ਦੇ ਚਲਾਣੇ ਮਗਰੋਂ ਆਪ ਜੀ ਨੇ ਡੇਰੇ ਦੀ ਸੇਵਾ ਚੰਗੀ ਤਰ੍ਹਾਂ ਨਿਬਾਹੀ। ਨਾਮ ਵਿਚ ਰੱਤੇ ਰਹਿਣਾ, ਹੱਥੀਂ ਮੁੰਜ ਦੀ ਕਿਰਤ ਕਰਨੀ, ਮੁਖੋਂ ਬਾਣੀ ਦਾ ਪਾਠ ਕਰਨਾ, ਥੋੜ੍ਹਾ ਬੋਲਣਾ ਤੇ ਮਾਇਆ ਧਾਰੀਆਂ ਤੋਂ ਬੇਪਰਵਾਹੀ ਰੱਖਣੀ। ਡੇਰੇ ਵਿਚ ਆਏ ਪ੍ਰਦੇਸੀਆਂ ਨੂੰ ਸੁਖ ਦੇਣਾ, ਕਈ ਵੇਰ ਆਪਣੀ ਹੱਥੀਂ ਤੰਦੂਰ ਤੇ ਰੋਟੀਆਂ ਤਕ ਪਕਾ ਦੇਣੀਆਂ। ਬਾਣੀ ਨਾਮ ਦਾ ਪ੍ਰਵਾਹ ਬੀ ਡੇਰੇ ਵਿਚ ਚੰਗਾ ਜਾਰੀ ਰੱਖਣਾ-

੪. ਨਿੰਮ੍ਰੀਭਾਉ-

ਇਕ ਦਿਨ ਆਪ ਤੰਦੂਰ ਤਪੇ ਹੋਏ ਪਾਸ ਖੜੇ ਸਨ ਕਿ ਇਕ ਸਿਪਾਹੀ ਆਇਆ ਤੇ ਕਹਿਣ ਲਗਾ, ਓ ਭਾਈ! ਰੋਟੀਆਂ ਪਕਾ ਦੇਹ। ਭਾਈ ਸਾਹਿਬ ਜੀ ਆਪਣੇ ਰੰਗ ਰੱਤੇ ਉਠੇ, ਸਿਪਾਹੀ ਦੀਆਂ ਰੋਟੀਆਂ ਤੰਦੂਰ ਤੇ ਲਾਉਣ ਲਗੇ। ਦੋ ਚੰਗੀਆਂ ਪੱਕ ਗਈਆਂ, ਤੀਸਰੀ ਨੂੰ ਬਹੁਤ ਸੇਕ ਲਗ ਗਿਆ। ਸਿਪਾਹੀ ਨੇ ਗੁੱਸੇ ਵਿਚ ਆਕੇ ਭਾਈ ਸਾਹਿਬ ਜੀ ਨੂੰ ਇਕ ਚਪੇੜ ਕੱਢ ਮਾਰੀ। ਉਸ ਨੂੰ ਪਤਾ ਨਹੀਂ ਸੀ ਕਿ ਆਪ ਮਹੰਤ ਸਾਹਿਬ ਹਨ। ਭਾਈ ਸਾਹਿਬ ਜੀ ਵਾਹਿਗੁਰੂ ਜੀ ਦੇ ਰੰਗ ਰਤੇ

ਸਹਿਨਸ਼ੀਲਤਾ ਦੇ ਪੁੰਜ ਉਸਨੂੰ ਕਹਿਣ ਲਗੇ, 'ਭਾਈ ਸ਼ਾਬਾਸ਼ੇ, ਇਹ ਬੁੱਧੂ ਦਾ ਬੁੱਧੂ ਹਈ, ਇਸ ਨੂੰ ਇਕ ਚਪੇੜ ਹੋਰ ਮਾਰ, ਹਾਂ ਦੂਜੇ ਪਾਸੇ ਇਕ ਹੋਰ ਮਾਰ ਇਹ ਮੂਰਖ ਹਈ, ਇਸ ਨੂੰ ਮੱਤ ਨਹੀਂ ਆਉਂਦੀ'। ਇਸ ਤਰ੍ਹਾਂ ਦੇ ਵਾਕ ਕਹਿ ਦੂਜੀ ਗੱਲ੍ਹ ਉਸ ਦੇ ਅੱਗੇ ਕਰ ਦਿਤੀ ਤੇ ਫੇਰ ਕਹਿਣ ਲੱਗੇ:-'ਇਸ ਨੂੰ ਹੋਰ ਮਾਰ'। ਸਿਪਾਹੀ ਇਹ ਨਿੰਮ੍ਰਤਾ ਦੇ ਵਾਕ ਸੁਣ ਤੇ ਸੰਤਾਂ ਦਾ ਉਸ ਵੇਲੇ ਦਾ ਪ੍ਰਭਾਵ ਵੇਖ ਸੰਤਾਂ ਦੀ ਚਰਨੀਂ ਢੱਠਾ, 'ਬਖਸ਼ ਲਓ!' 'ਬਖਸ਼ ਲਓ!' ਕਹਿਣ ਲਗਾ। ਜਿਸ ਵੇਲੇ ਬਹੁਤ ਬੇਨਤੀਆਂ ਕੀਤੀਆਂ, ਤਦ ਉਸ ਦੀ ਦਿਲੀ ਨਿੰਮ੍ਰਤਾ ਤੱਕ ਕੇ ਭਾਈ ਜੀ ਬਚਨ ਕਹਿਣ ਲਗੇ, 'ਭਾਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਚਰਨੀਂ ਲਗੋ, ਉਹ ਬਖਸ਼ਣ ਵਾਲੇ ਹਨ, ਮੈਂ ਤਾਂ ਗੁਲਾਮ ਟਹਿਲੀਆ ਪਾਪੀ ਹਾਂ, ਉਹ ਦਇਆ ਦੇ ਸਮੁੰਦਰ ਹਨ।' ਇਸ ਤਰ੍ਹਾਂ ਕਰਕੇ ਉਸਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ਰਨ ਪਾਇਆ ਤੇ ਜਪੁਜੀ ਸਾਹਿਬ ਆਦਿ ਬਾਣੀ ਪੜ੍ਹਨ ਦਾ ਬਚਨ ਕੀਤਾ। ਸੋ ਸੰਤਾਂ ਦੀ ਮਿਹਰ ਨਾਲ ਚਪੇੜ ਮਾਰਨ ਵਾਲਾ ਰੋਜ ਨਿਤਨੇਮ ਕਰਨ ਲਗ ਪਿਆ ਤੇ ਸੰਤਾਂ ਦੇ ਬਚਨ ਸੁਣ ਸੁਣ ਕੇ ਧਾਰਨ ਕਰਨ ਲਗ ਪਿਆ। ਇਸ ਤਰ੍ਹਾਂ ਸਹਿਜੇ ਸਹਿਜੇ ਸੁੱਧ ਹੋ ਗਿਆ ਤੇ ਸੰਤਾਂ ਦਾ ਸੰਗ ਕਰਦਾ ਆਪ ਉਭਰਿਆ ਤੇ ਹੋਰਨਾਂ ਦਾ ਉਧਾਰ ਕਰਨ ਵਾਲਾ ਹੋਇਆ।

### ੫. ਜੀਵ ਦਇਆ-

ਇਕ ਦਿਨ ਆਪ ਜੀ ਸਹਿਜ ਸੁਭਾ ਬਾਹਰ ਬਨ ਨੂੰ ਜਾ ਰਹੇ ਸਨ ਕਿ ਇਕ ਖੋਤਾ ਬਹੁਤ ਦੁਖੀ ਨਜ਼ਰੀਂ ਪਿਆ। ਇਹ ਬਹੁਤ ਲਾਗੇ ਦਾ ਮਾਰਿਆ ਹੋਇਆ ਦੁਖੀ ਤੇ ਨਿਰਬਲ ਸੀ। ਇਸ ਨੂੰ ਨਕਾਰਾ ਜਾਣ ਕੇ ਕੁਮਿਹਾਰ ਨੇ ਘਰੋਂ ਬਾਹਰ ਕਢ ਦਿਤਾ ਸੀ। ਇਹ ਕੁਛ ਦੂਰ ਬਾਹਰ ਜਾਕੇ ਜਿਉਂ ਢੱਠਾ ਫਿਰ ਨਹੀਂ ਉਠ ਸਕਿਆ। ਕੁਛ ਦਿਨ ਪਿਆ ਰਿਹਾ, ਅੰਤਲੇ ਸੁਆਸਾਂ ਤੇ ਅੱਪੜ ਗਿਆ। ਸੰਤਾਂ ਨੇ ਉਸ ਦੀ ਇਹ ਦਸ਼ਾ ਵੇਖੀ। ਦ੍ਰਵੇ ਬਹੁਤ, ਪਰ ਦਿੱਸਦਾ ਸੀ ਕਿ ਹੁਣ ਪਾਣੀ, ਪੱਠਾ, ਦਵਾ

ਕੁਛ ਨਹੀਂ ਪੋਹ ਸਕਦੀ। ਵਿਆਕੁਲ ਹੋਏ ਕਿ ਅਸੀਂ ਹੁਣ ਇਸ ਨੂੰ ਕੋਈ ਸਹਾਇਤਾ ਨਹੀਂ ਪੁਚਾ ਸਕਦੇ। ਫੇਰ ਸੋਚ ਸੋਚ ਕੇ ਆਪ ਉਸ ਦੇ ਪਾਸ ਬੈਠ ਗਏ, ਸ੍ਰੀ ਜਪੁਜੀ ਸਾਹਿਬ ਦੇ ਪਾਠ ਕਰਨ ਲਗ ਪਏ। ਉਸ ਦੀ ਦੁਖ ਨਿਵਿਰਤੀ ਵਾਸਤੇ ਕਈ ਪਾਠ ਆਪ ਨੇ ਕੀਤੇ। ਪਿਛੋਂ ਡੇਰੇ ਦੇ ਸਾਧਾਂ ਨੇ ਸੋਚਿਆ ਕਿ ਕੀਹ ਭਾਣਾ ਵਰਤਿਆ, ਸੰਤ ਸਵੇਰ ਦੇ ਗਏ ਡੇਰੇ ਨਹੀਂ ਪਰਤੇ,ਕਿੱਧਰ ਗਏ। ਸੋ ਸਭ ਨੇ ਢੂਡ ਭਾਲ ਕੀਤੀ ਤੇ ਓਥੇ ਆ ਮਿਲੇ। ਬੇਨਤੀ ਕੀਤੀ: ਮਹਾਰਾਜ! ਡੇਰੇ ਚਲੋ, ਬਹੁਤ ਦੇਰ ਹੋ ਗਈ ਹੈ। ਸੰਤਾਂ ਕਿਹਾ: ਭਾਈ, ਅਸੀਂ ਅਜੇ ਨਹੀਂ ਆਉਂਦੇ। ਇਹ ਇਕ ਜੀਵ ਦੁਖੀ ਅੰਤਲੇ ਸੁਆਸਾਂ ਤੇ ਹੈ, ਇਸਦੀ ਜਿੰਦ ਦਾ ਛੁਟਕਾਰਾ ਹੋਵੇ ਤੇ ਇਸ ਦਾ ਪਾਰ ਉਤਾਰਾ ਹੋਵੇ, ਇਸ ਲਈ ਪਾਠ ਅਰਦਾਸ ਵਜੋਂ ਕਰ ਰਹੇ ਹਾਂ। ਇਸ ਦੀ ਸਦਗਤੀ ਕਰਕੇ ਆਵਾਂਗੇ। ਸੋ ਆਪ ਪਾਸ ਬੈਠੇ ਪਾਠ ਕਰਦੇ ਰਹੇ। ਥੋੜੀ ਦੇਰ ਪਿਛੋਂ ਖੋਤੇ ਦੇ ਸੁਆਸ ਨਿਕਲ ਗਏ, ਸੰਤ ਉਸ ਨੂੰ ਫਿਰ ਇਕ ਟੋਇਆ ਪੁਟਵਾ ਕੇ ਦਬਵਾ ਕੇ ਡੇਰੇ ਗਏ। ਇਹ ਹੱਦ ਦਰਜੇ ਦੀ ਜੀਵ ਦਇਆ ਆਪ ਵਿਚ ਸੀ।

੬. ਪ੍ਰਸਿੱਧੀ–

ਭਾਈ ਬੁੱਢ੍ਹਾ ਸਾਹਿਬ ਜੀ ਆਪਣੀ ਕਰਨੀ ਦੀ ਕੀਰਤੀ ਨਾਲ ਸਾਰੇ ਦੂਰ ਦੂਰ ਤਕ ਪ੍ਰਸਿੱਧ ਹੋ ਗਏ ਸਨ। ਆਮ ਤੌਰ ਤੇ ਦੇਖਣ ਵਿਚ ਇਹ ਗੱਲ ਆਈ ਹੈ ਕਿ ਕਈ ਵਡੇ ਆਦਮੀਆਂ ਦੇ ਲਾਗੇ ਰਹਿਣ ਵਾਲੇ ਉਨ੍ਹਾਂ ਤੇ ਇੰਨੀ ਸ਼ਰਧਾ ਤੇ ਭਾਵਨਾਂ ਵਾਲੇ ਨਹੀਂ ਹੁੰਦੇ ਜਿੰਨੇ ਕਿ ਕੁਛ ਵਿੱਥ ਤੇ ਰਹਿਣ ਵਾਲੇ ਹੁੰਦੇ ਹਨ। ਇਹ ਦਾ ਇਕ ਕਾਰਨ ਇਹ ਹੁੰਦਾ ਹੈ ਕਿ ਨਿਕਟਵਰਤੀ ਉਹਦੀ ਆਪਣੀ ਜ਼ਾਤ ਗੋਤ ਬ੍ਰਾਦਰੀ ਤੇ ਪਿੰਡ ਆਦਿਕ ਦਾ ਜਾਣਕੇ ਉਸ ਦੀ ਕਰਨੀ ਵਲ ਵੇਖਣ ਦੀ ਥਾਂ ਆਪਣੇ ਵਿਚੋਂ ਹੋਇਆ ਦੇਖਕੇ ਕੀਰਤੀ ਨੂੰ ਨਹੀਂ ਜਰ ਸਕਦੇ, ਪਰ ਭਾਈ ਬੁੱਢ੍ਹਾ ਸਾਹਿਬ ਜੀ ਆਪਣੀ ਉੱਚੀ ਤੇ ਸੁੱਚੀ ਕਰਨੀ ਦੇ ਕਾਰਨ ਇੰਨੇ ਉਜਾਗਰ ਹੋ ਗਏ ਸਨ ਕਿ ਦੂਰ ਦੇ ਆਮ ਆਦਮੀ ਤਾਂ ਸ਼ਰਧਾਵਾਨ ਸਨ ਹੀ, ਨੇੜੇ ਦੇ ਤੇ ਸਾਕ ਸਨਬੰਧੀ ਬੀ ਬਹੁਤ ਸਤਿਕਾਰ ਕਰਦੇ

ਸਨ ਅਤੇ ਸਾਧ ਸੰਤਾਂ ਵਿਚ ਬੀ ਬੜੇ ਮਾਨਜਵਰ ਹੋ ਗਏ ਸਨ। ਸਭ ਉਨ੍ਹਾਂ ਦੀ ਸੁਹਿਰਦਤਾ ਤੇ ਸਚਾਈ ਅਗੇ ਸਿਰ ਨਿਵਾਉਂਦੇ ਸਨ।

### ੭. ਅਨੋਖਾ ਨਿਆਂ ਕੀਤਾ–

ਭੇਹਰੇ ਸ਼ਹਿਰ ਵਿਚ ਸੰਨਿਆਸੀ ਸੰਤਾਂ ਦੇ ਦੋ ਡੇਰੇ ਸਨ, ਇਕ ਪਰਮ ਹੰਸਾਂ ਦਾ ਤੇ ਇਕ ਨਾਂਗਿਆਂ ਦਾ। ਇਕ ਡੇਰੇ ਦਾ ਦੇਗਬਰਾ ਦੂਜੇ ਡੇਰੇ ਵਾਲੇ ਮਾਂਗਵਾਂ ਲੈ ਗਏ, ਕਾਰਜ ਸਰ ਜਾਣ ਪਿਛੋਂ ਜਿਨ੍ਹਾਂ ਦਾ ਦੇਗਬਰਾ ਸੀ ਉਨ੍ਹਾਂ ਮੰਗਿਆ ਨਾ, ਜਿਨ੍ਹਾਂ ਆਂਦਾ ਸੀ ਉਨ੍ਹਾਂ ਵਾਪਸ ਨਾ ਦਿਤਾ। ਕੁਛ ਸਮਾਂ ਬੀਤ ਜਾਣ ਤੇ ਜਦ ਦੇਗਬਰੇ ਵਾਲਿਆਂ ਦੇਗਬਰੇ ਦੀ ਭਾਲ ਕੀਤੀ ਤਦ ਡੇਰੇ ਵਿਚੋਂ ਨਾ ਮਿਲਿਆ, ਉਨ੍ਹਾਂ ਨੂੰ ਯਾਦ ਆ ਗਿਆ ਕਿ ਉਹ ਤਾਂ ਦੂਜੇ ਡੇਰੇ ਵਾਲਿਆਂ ਨੂੰ ਦਿਤਾ ਹੋਇਆ ਸੀ, ਉਥੋਂ ਮੁੜਕੇ ਨਹੀਂ ਆਇਆ। ਸੋ ਉਨ੍ਹਾਂ ਨੇ ਡੇਰੇ ਵਾਲਿਆਂ ਤੋਂ ਮੰਗ ਘੱਲਿਆ। ਉਨ੍ਹਾਂ ਨੇ ਦੇਖਭਾਲ ਕੀਤੀ, ਪਰ ਉਨ੍ਹਾਂ ਨੂੰ ਵੀ ਨਾ ਮਿਲਿਆ, ਜਿਸ ਤੇ ਉਨ੍ਹਾਂ ਨੇ ਕਹਿ ਦਿਤਾ ਕਿ 'ਅਸਾਂ ਤੁਹਾਨੂੰ ਦੇ ਦਿਤਾ ਹੋਇਆ ਹੈ'।

ਜਿਨ੍ਹਾਂ ਦਾ ਦੇਗਬਰਾ ਗੁਆਚਾ ਸੀ ਉਨ੍ਹਾਂ ਨੇ ਪੰਚਾਇਤ ਸੱਦੀ ਪਰ ਡੇਰੇ ਵਾਲਿਆਂ ਨੇ ਪੰਚੈਤ ਦੇ ਅਗੇ ਵੀ ਨਾਂਹ ਕਰ ਦਿਤੀ। ਹੁਣ ਉਹ ਸਾਰਿਆਂ ਤੋਂ ਵੱਡੀ ਅਦਾਲਤ ਭਾਈ ਬੁੱਧੂ ਸਾਹਿਬ ਜੀ ਦੀ ਸਮਝਦੇ ਸੀ, ਸੋ ਓਹ ਇਨ੍ਹਾਂ ਪਾਸ ਫਰਿਆਦੀ ਆ ਹੋਏ। ਭਾਈ ਬੁੱਧੂ ਜੀ ਨੇ ਜਦ ਉਸ ਡੇਰੇ ਦੇ ਸਾਧਾਂ ਨੂੰ ਸੱਦ ਭੇਜਿਆ ਤਦ ਉਹ ਸੋਚਾਂ ਵਿਚ ਪੈ ਗਏ। ਉਹ ਜਾਣਦੇ ਸਨ ਕਿ ਦੇਗਬਰਾ ਵਾਪਸ ਦਿਤਾ ਨਹੀਂ, ਜੇ ਹੁਣ ਸੰਤਾਂ ਦੇ ਸਾਹਮਣੇ ਜਾਕੇ ਕਹਿੰਦੇ ਹਾਂ ਕਿ ਦੇ ਦਿਤਾ ਹੈ, ਤਦ ਇਹ ਝੂਠ ਹੈ। ਭਾਈ ਸਾਹਿਬ ਜਾਣੀ ਜਾਣ ਹਨ, ਜੇ ਉਨ੍ਹਾਂ ਮੂੰਹੋਂ ਕੁਛ ਕਹਿ ਦਿਤਾ ਤਾਂ ਉਹ ਸੱਤਿ ਹੋਏ ਬਿਨਾਂ ਟਲੇਗਾ ਨਹੀਂ ਤੇ ਜੇ ਕਿਹਾ ਕਿ ਹੁਣ ਦੇ ਦੇਂਦੇ ਹਾਂ ਤਦ ਪੰਚਾਇਤ ਦੇ ਸਾਹਮਣੇ ਨਾਂਹ ਕਰ ਚੁਕੇ ਹਾਂ, ਲੋਕੀਂ ਕਹਿਣਗੇ ਕਿ ਵੇਖੋ ਸਾਧੂ ਝੂਠ ਬੋਲਦੇ ਹਨ। ਇਹ ਵਿਚਾਰਕੇ ਡੇਰੇ ਦਾ ਮਹੰਤ

ਅੰਦਰ ਲੁਕ ਗਿਆ ਤੇ ਆਪਣੇ ਚੇਲੇ ਪਾਸੋਂ ਕਹਿਲਾ ਦਿਤਾ ਕਿ ਮਹੰਤ ਜੀ ਇਸ ਵੇਲੇ ਇਥੇ ਨਹੀਂ ਹਨ।

ਭਾਈ ਬੁੱਧੂ ਸਾਹਿਬ ਜੀ ਨੂੰ ਅਸਲੀਅਤ ਮਲੂਮ ਹੋ ਗਈ, ਉਨ੍ਹਾਂ ਨੇ ਇਸ ਵਿਖਾਂਧ ਦੇ ਵਧਣ ਨੂੰ ਰੋਕਣ ਲਈ ਆਪਣੇ ਇਕ ਠਠਿਆਰ ਨੂੰ ਸੱਦਕੇ ਉਸੇ ਨਮੂਨੇ ਦਾ ਤੇ ਉੱਡਾ ਹੀ ਦੇਗਬਰਾ ਬਨਾਉਣ ਲਈ ਕਿਹਾ। ਜਦ ਓਹ ਆ ਗਿਆ ਤਾਂ ਕੁਛ ਵਰਤਕੇ ਡੇਰੇ ਵਾਲਿਆਂ ਪਾਸ ਪੁਚਾ ਦਿਤਾ। ਇਸ ਤਰ੍ਹਾਂ ਦੋਹਾਂ ਡੇਰਿਆਂ ਦੀ ਖਹਿ ਖਹਿ ਮਿਟ ਗਈ। ਜਿਸ ਡੇਰੇ ਵਾਲਿਆਂ ਪਾਸੋਂ ਦੇਗਬਰਾ ਗੁਆਚਾ ਸੀ ਜਦ ਉਨ੍ਹਾਂ ਨੂੰ ਪਤਾ ਲਗ ਗਿਆ ਕਿ ਭਾਈ ਬੁੱਧੂ ਜੀ ਨੇ ਸਾਡਾ ਪੜਦਾ ਪਾੜਨ ਤੇ ਝੂਠੇ ਕਰਨ ਦੀ ਨਹੀਂ ਕੀਤੀ, ਸਗੋਂ ਆਪਣੇ ਕੋਲੋਂ ਦੂਸਰੇ ਡੇਰੇ ਦੀ ਲੋੜ ਪੂਰੀ ਕਰ ਦਿਤੀ ਹੈ ਤਾਂ ਉਹ ਬੜੇ ਪਸ਼ੇਮਾਨ ਹੋਏ ਤੇ ਭਾਈ ਬੁੱਧੂ ਸਾਹਿਬ ਜੀ ਦੀ ਸ਼ਰਨੀ ਆ ਪਏ।

ਭਾਈ ਸਾਹਿਬ ਨੇ ਉਨ੍ਹਾਂ ਨੂੰ ਸਿੱਖਿਆ ਦਿਤੀ ਕਿ ਤੁਸੀਂ ਘਰ ਬਾਹਰ ਛੱਡਕੇ ਇਹ ਭੇਖ ਲਏ ਹਨ। ਜੇ ਇਨ੍ਹਾਂ ਛੱਡ ਚੁਕੀਆਂ ਵਸਤਾਂ ਨੂੰ ਹੀ ਫਿਰ ਗ੍ਰਹਿਣ ਕਰਨਾ ਸੀ, ਤਾਂ ਘਰ ਕਿਉਂ ਛੱਡੇ? ਜੇ ਮੋਹ ਤੇ ਮਾਇਆ ਦੇ ਬੰਧਨ ਅਜੇ ਨਹੀਂ ਟੁੱਟੇ ਤਦ ਫਿਰ ਕਦੋਂ ਟੁੱਟਣਗੇ? ਡੇਰਿਆਂ ਵਿਚ ਰਹੋ, ਅਨਾਥਾਂ ਅਤਿੱਥੀਆਂ ਲਈ ਲੰਗਰ ਚਲਾਓ, ਪਰ ਨਿਰਮੋਹ ਹੋਕੇ। ਜੇ ਘਰ ਬਾਰ ਛੱਡਕੇ ਵੀ ਝੂਠ ਦੀ ਟੇਕ ਹੈ ਤਾਂ ਕਾਹਦਾ ਵੈਰਾਗ, ਕਾਹਦਾ ਤਿਆਗ ਤੇ ਕਾਹਦੀ ਫਕੀਰੀ? ਇਸ ਨਾਲੋਂ ਤਾਂ ਗ੍ਰਿਹਸਤੀ ਚੰਗੇ, ਜੋ ਆਪ ਕਮਾ ਕੇ ਖਾਂਦੇ ਹਨ ਤੇ ਹੋਰਨਾਂ ਦੇ ਮੂੰਹ ਬੀ ਪਾਉਂਦੇ ਹਨ। ਆਪਸ ਵਿਚ ਪ੍ਰੇਮ ਤੇ ਪਿਆਰ ਨਾਲ ਰਹੋ, ਇਹ ਸੰਤ ਦਾ ਭੂਸ਼ਣ ਹੈ। ਹਰਖ ਸ਼ੋਕ ਵਿਚ ਨਹੀਂ ਪੈਣਾ। ਤੁਸੀਂ ਸੰਸਾਰ ਦੇ ਮਲਾਹ ਹੋ, ਜੇ ਤੁਹਾਡਾ ਹੀ ਇਹ ਹਾਲ ਹੈ ਤਾਂ ਸੰਸਾਰ ਦਾ ਕੀ ਬਣੇਗਾ? ਗੁਰੂ ਗੁਰੂ ਜਪੋ ਤੇ ਆਪਣਾ ਜਨਮ ਸੁਆਰੋ।

**੮. ਯੋਗੀਰਾਜ ਨੂੰ ਸ਼ਕਤੀ ਦਿਖਾਈ -**

ਇਕ ਯੋਗੀ ਜੀ ਕਾਂਸ਼ੀ ਵਿਚ ਨਿਵਾਸ ਰਖਦੇ ਸਨ, ਉਨ੍ਹਾਂ ਨੇਤੀ

ਧੋਤੀ ਤੇ ਨੇਉਲੀ ਆਦਿ ਕਰਮ ਕੀਤੇ, ਯਮ ਨਿਯਮਾਂ ਦੀ ਪਾਲਨਾ ਭੀ ਕੀਤੀ ਤੇ ਹਠਯੋਗ ਦੇ ਅਮਲਾਂ ਵਿਚੋਂ ਵੀ ਲੰਘੇ' ਪਰ ਪਰਮਗਤੀ ਨਾ ਪੱਲੇ ਪਈ। ਜਗਜਾਸਾ ਦੀ ਹਾਲਤ ਵਿਚ ਫਿਰਦਿਆਂ ਉਸ ਨੇ ਭਾਈ ਬੁੱਧੂ ਸਾਹਿਬ ਜੀ ਦੀ ਮਹਿਮਾਂ ਸੁਣੀ, ਕਾਂਸ਼ੀ ਤੋਂ ਤੁਰ ਪਏ ਤੇ ਭੇਹਰੇ ਆ ਡੇਰਾ ਲਾਇਆ।

ਕਾਂਸ਼ੀ ਦੇ ਸਾਧਾਂ ਤੇ ਇਸ ਡੇਰੇ ਦੇ ਸਾਧਾਂ ਵਿਚ ਬੜਾ ਅੰਤਰਾ ਸੀ। ਯੋਗੀ ਜੀਨੇ ਭਾਈ ਸਾਹਿਬ ਜੀਦੀ ਮਹਿਮਾਂ ਸੁਣਕੇ ਆਪਣੇ ਦਿਲ ਵਿਚ ਜੋ ਚਿਤ੍ਰ ਭਾਈ ਸਾਹਿਬ ਬਾਬਤ ਖਿੱਚ ਰਖਿਆ ਸੀ, ਦਰਸ਼ਨ ਕਰਨ ਤੇ ਉਸ ਨੂੰ ਉਹ ਨਾ ਦਿੱਸਿਆ। ਇਨ੍ਹਾਂ ਦਾ ਖਿਆਲ ਸੀ ਕਿ—ਨਗਨ ਸ਼ਰੀਰ, ਇਕ ਅਧ ਕਖਾਏ ਬਸਤਰ, ਅਤਿ ਨਿਰਬਲ ਜਿਸਮ, ਆਸਨ ਤੇ ਬੈਠੇ ਜਾਂ ਲੇਟੇ ਹੋਣਾ ਤੇ ਕਿਸੇ ਕੰਮ ਨੂੰ ਹੱਥ ਨਾ ਲਾਉਣਾ ਇਨ੍ਹਾਂ ਦੀ ਸੂਰਤ ਤੇ ਵਰਤੋਂ ਹੋਵੇਗੀ, ਪਰ ਇਥੇ ਆ ਕੇ ਕੀ ਵੇਖਿਆ ਕਿ ਸੁਫੈਦ ਬਸਤਰ ਧਾਰੀ ਹਨ, ਸਵੇਰੇ ਗੁਰਦਵਾਰੇ ਵਿਚ ਭਜਨ ਕੀਰਤਨ, ਫਿਰ ਪਰਸ਼ਾਦਾ, ਦਿਨੇਂ ਮੁੰਜ ਦੀ ਕੁਟਾਈ ਤੇ ਰਸੀਆਂ ਬਣਾਕੇ ਵੇਚਣਾ, ਜਿਸ ਨਾਲ ਆਪਣਾ ਨਿਰਬਾਹ ਤੇ ਆਏ ਗਏ ਦੀ ਲੋੜ ਅਨੁਸਾਰ ਸੇਵਾ, ਆਉ ਭਗਤ ਤੇ ਪ੍ਰਸ਼ਾਦਾ ਤੋਰਨਾ। ਰਾਤ ਨੂੰ ਰਹਿਰਾਸ ਦਾ ਪਾਠ, ਕਥਾ, ਕੀਰਤਨ ਸੋਹਿਲੇ ਦਾ ਪਾਠ। ਸਵੈਰੇ ਤਿੰਨ ਵਜੇ ਉਠ ਕੇ ਉਹ ਹੀ ਫਿਰ ਇਸ਼ਨਾਨ, ਭਜਨ, ਕੀਰਤਨ ਤੇ ਕਥਾ। ਪਹਿਲੇ ਤਾਂ ਉਹ ਹਰਾਨਿਆਂ, ਪਰ ਫੇਰ ਇਸ ਡੇਰੇ ਦੀ ਇਸ ਕਰਨੀ ਨੇ ਯੋਗੀ ਦੇ ਦਿਲ ਵਿਚ ਪਿਆਰ ਪੈਦਾ ਕਰ ਦਿਤਾ। ਭਾਈ ਬੁੱਧੂ ਜੀ ਦੇ ਮਿਠ ਬੋਲੇ, ਚੰਗੇ ਸੁਭਾਉ ਤੇ ਨਾਮ ਬਾਣੀ ਦੇ ਰਸ ਨੇ ਅਸਰ ਪਾਇਆ, ਪਰ ਯੋਗੀਆਂ ਵਾਲੇ ਸਾਜ਼ ਬਾਜ਼ ਇਥੇ ਨਾ ਵੇਖਕੇ ਯੋਗੀ ਕੁਛ ਉਪਰਾਮ ਜਿਹਾ ਰਿਹਾ ਕਰੇ।

ਇਹ ਯੋਗੀ ਸਵੇਰੇ ਪ੍ਰਸ਼ਾਦ ਛਕਕੇ ਬਾਹਰ ਨਿਕਲ ਜਾਂਦਾ ਤੇ ਵਸਤੀ ਤੋਂ ਦੂਰ ਕਿਸੇ ਥਾਂ ਤੇ ਬੈਠ ਰਹਿੰਦਾ। ਰਾਤ ਨੂੰ ਦਸ ਬਜੇ ਇਹ ਡੇਰੇ ਆਉਂਦਾ ਸੀ। ਜਿਹੜੀ ਕੁਟੀਆ ਇਨ੍ਹਾਂ ਨੂੰ ਰਹਿਣ ਲਈ ਮਿਲੀ ਹੋਈ ਸੀ, ਉਸਦੇ ਵਿਚ ਭਾਈ ਭਾਨੇ ਦੀ ਹਥੀਂ ਭਾਈ ਬੁੱਧੂ ਸਾਹਿਬ

ਚੀਜ਼ਾਂ ਖਾਣ ਪੀਣ ਲਈ ਰਖਵਾ ਦਿੰਦੇ ਸਨ, ਜੋ ਆਕੇ ਇਨਾਂ ਨੇ ਛਕ ਲੈਣੀਆਂ। ਕੁਛ ਦਿਨ ਇਸੇ ਤਰ੍ਹਾਂ ਬੀਤੇ। ਲਗਾਤਾਰ ਕੁਛ ਦਿਨ ਰਾਤ ਨੂੰ ਛਕਣ ਵਾਸਤੇ ਯੋਗੀ ਜੀ ਜੋ ਮਨ ਚਿਤਵਦੇ ਭਾਈ ਸਾਹਿਬ ਓਹੋ ਹੀ ਚੀਜ਼ਾਂ ਇਨ੍ਹਾਂ ਦੀ ਕੁਟੀਆ ਵਿਚ ਰਖਵਾ ਦੇਂਦੇ ਸਨ। ਯੋਗੀ ਜੀ ਡਾਢੇ ਹੋ ਚਿੱਤੇ ਜਿਹੇ ਹੋ ਰਹੇ ਸਨ, ਮਨ ਵਿਚ ਚਿਤਵੀਆਂ ਚੀਜ਼ਾਂ ਦਾ ਬਿਨਾਂ ਦੱਸੇ ਮਿਲ ਜਾਣਾ ਹੈਰਾਨ ਕਰਦਾ ਸੀ ਤੇ ਇਸ ਦੇ ਦਿਲ ਵਿਚ ਭਾਈ ਸਾਹਿਬ ਬਾਬਤ ਉੱਚੇ ਪ੍ਰਭਾਵ ਪੈਦਾ ਹੁੰਦੇ ਸਨ, ਪਰ ਗ੍ਰਿਹਸਤੀਆਂ ਵਾਲੇ ਕਪੜੇ ਪਾਏ ਵੇਖ ਕੇ ਉਹਦੇ ਦਿਲ ਵਿਚ ਕੁਛ ਪਰਮਾਰਥ ਦੀ ਗਲ ਪੁੱਛਣੋਂ ਸੰਗ ਜਿਹੀ ਆ ਜਾਂਦੀ ਸੀ।

ਇਕ ਦਿਨ ਦਿਲ ਵਿਚ ਖਿਆਲ ਆਇਆ ਕਿ ਹੁਣ ਇਥੋਂ ਚਲਣਾ ਚਾਹੀਦਾ ਹੈ। ਫਿਰ ਸੋਚਿਆ ਕਿ ਡੇਰੇ ਦੇ ਨਾਲ ਕੋਈ ਜਗੀਰ ਨਹੀਂ, ਜ਼ਮੀਨ ਨਹੀਂ ਤੇ ਨਾ ਹੀ ਖਾਸ ਰੋਜ਼ ਚੜ੍ਹਾਵਾ ਚੜ੍ਹਦਾ ਹੈ ਜਿਸ ਦੇ ਨਾਲ ਇਨ੍ਹਾਂ ਦਾ ਨਿਰਯਤਨ ਨਿਰਬਾਹ ਹੋ ਸਕਦਾ ਹੋਵੇ। ਡੇਰੇ ਦੇ ਸਾਧ ਬੜੇ ਸ਼ਾਂਤੀ ਸੁਭਾਵ, ਸੁਹਿਰਦ ਤੇ ਨਿਰਮਾਣ ਹਨ, ਇਨ੍ਹਾਂ ਦੀ ਕੁਛ ਸਹਾਇਤਾ ਕਰਨੀ ਚਾਹੀਦੀ ਹੈ। ਇਹ ਵਿਚਾਰਕੇ ਜੋਗੀ ਨੇ ਆਪਣੀ ਗੁਥਲੀ ਵਿਚੋਂ ਇਕ ਬਿੱਲ ਕੱਢਿਆ ਤੇ ਅਲਮਾਰੀ ਵਿਚ ਰਖ ਦਿੱਤਾ; ਨਾਲ ਹੀ ਇਕ ਰੁੱਕਾ ਲਿਖ ਕੇ ਰਖਿਆ ਕਿ ੨॥ ਸੇਰ ਕਲੀ ਲੈਕੇ ਉਸ ਨੂੰ ਅੱਗ ਤੇ ਰਖੋ, ਜਦ ਉਹ ਚੰਗੀ ਤਰ੍ਹਾਂ ਪੰਘਰ ਜਾਏ ਤਦ ਇਸ ਬਿਲ ਵਿਚੋਂ ਇਕ ਰਤੀ ਸਫੂਫ ਲੈਕੇ ਉਸ ਵਿਚ ਪਾ ਦਿਓ, ਉਹ ਚਾਂਦੀ ਬਣ ਜਾਏਗੀ।

ਯੋਗੀ ਜੀ ਨੇ 'ਬਿੱਲ' ਤੇ ਰੁੱਕਾ ਅਲਮਾਰੀ ਵਿਚ ਰੱਖ ਕੇ ਬਾਹਰ ਦਰਵਾਜ਼ਾ ਲਗਾ ਦਿੱਤਾ। ਉਹ ਚਾਹੁੰਦੇ ਸੀ ਕਿ ਚਾਬੀ ਭਾਈ ਬੁੱਧੂ ਸਾਹਿਬ ਦੇ ਹੱਥ ਦੇਕੇ ਇਸ਼ਾਰਾ ਕਰ ਦੇਣ ਤਾਂ ਜੋ ਇਹ ਕੀਮਤੀ ਚੀਜ਼ ਡੇਰੇ ਵਿਚ ਕਿਸੇ ਹੋਰ ਸੰਤ ਦੇ ਹੱਥ ਨਾ ਆ ਜਾਏ। ਇਸੇ ਖਿਆਲ ਵਿਚ ਉਹ ਭਾਈ ਬੁੱਧੂ ਸਾਹਿਬ ਦੀ ਕੋਠੜੀ ਵਲ ਤੁਰੇ, ਪਰ ਗੁਰਦਵਾਰੇ ਵਾਲੇ ਕਮਰੇ ਵਿਚ ਉਨ੍ਹਾਂ ਨੂੰ ਦੀਵਾ ਬਲਦਾ ਦਿੱਸਿਆ, ਸੋ ਆਪ ਉਸੇ ਪਾਸੇ

ਟੁਰ ਪਏ। ਦਰਵਾਜ਼ੇ ਪਾਸ ਜਾਕੇ ਵੇਖਿਆ ਕਿ ਭਾਈ ਸਾਹਿਬ ਅੰਦਰ ਝਾੜੂ ਦੇਂਦੇ ਤੇ ਸੁਖਮਨੀ ਸਾਹਿਬ ਦਾ ਪਾਠ ਕਰ ਰਹੇ ਹਨ। ਯੋਗੀ ਜੀ ਆਪ ਜੀ ਦੇ ਪਾਸ ਹਾਜ਼ਰ ਹੋਏ ਤੇ ਆਪਣੇ ਜਾਣ ਦੀ ਇੱਛਾ ਪ੍ਰਗਟ ਕੀਤੀ। ਫਿਰ ਜੋਗੀ ਨੇ ਉਹ ਚਾਬੀ ਭਾਈ ਜੀ ਨੂੰ ਦਿਤੀ ਤੇ ਕਿਹਾ ਕਿ ਕੋਠੜੀ ਦਾ ਦਰਵਾਜ਼ਾ ਆਪਣੇ ਹੱਥੀਂ ਖੋਹਲਣਾ ਤੇ ਅਲਮਾਰੀ ਵਿਚ ਜੋ ਰੁੱਕਾ ਪਿਆ ਹੈ ਉਸ ਨੂੰ ਆਪ ਜੀ ਨੇ ਖੁਦ ਧਿਆਨ ਨਾਲ ਵਾਚਣਾ। ਭਾਈ ਜੀ ਗਲ ਸੁਣਕੇ ਮੁਸਕਰਾਏ। ਆਪ ਜੀ ਯੋਗੀ ਦੀ ਰਮਜ਼ ਨੂੰ ਸਮਝ ਗਏ ਸਨ।

ਸਮਰਥਾਵਾਨ ਫਕੀਰ ਆਪਣੀ ਸਮਰਥਾ ਵਿਖਾਉਣ ਵਿਚ ਬੜੇ ਸੰਕੋਚ ਵਿਚ ਹੁੰਦੇ ਹਨ, ਕਿਸੇ ਗ਼ਰੀਬ, ਦੀਨ ਤੇ ਦੁਖੀ ਤੇ ਤ੍ਰੁੱਠਕੇ ਰਜ਼ਾ ਵਿਚ ਭਾਵੇਂ ਉਹ ਕੁਛ ਵਿਖਾਉਣ,ਨਹੀਂ ਤਾਂ ਆਪਣੇ ਸੁਖ ੇਤੇ ਆਰਾਮ ਲਈ ਘੱਟ ਹੀ ਇਨ੍ਹਾਂ ਚੀਜ਼ਾਂ ਨੂੰ ਵਰਤਦੇ ਹਨ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਬਾਬਤ ਇਹ ਗੁਰ ਵਾਕ ਪ੍ਰਸਿਧ ਹੈ-

ਸੀਸ ਦੀਆ ਪਰ ਸਿਰਰੁ ਨ ਦੀਆ ॥

ਭਾਈ ਬੁੱਧੂ ਸਾਹਿਬ ਜੀ ਦੇ ਸਾਹਮਣੇ ਦੋ ਗੱਲਾਂ ਸਨ, ਯੋਗੀ ਦਾ ਦੁਨਿਆਵੀ ਦਿਖਾਵੇ ਤੇ ਰੀਝਣਾਂ ਤੇ ਅਸਲੀਅਤ ਵਲੋਂ ਅਨਜਾਣ ਹੋਣਾ। ਇਸ ਡੇਰੇ ਵਿਚ ਆਕੇ ਨਿਰਾਸ ਜਾਣਾ। ਯੋਗੀ ਦੀ ਨਵੀਂ ਰਮਜ਼ ਸਮਝਕੇ ਆਪ ਨੂੰ ਉਸ ਤੇ ਦਯਾ ਆਈ, ਉਹਦੇ ਹਥੋਂ ਚਾਬੀ ਲੈ ਲਈ ਤੇ ਕਹਿਣ ਲਗੇ ਯੋਗੀ ਜੀ! ਬਾਹਰੋਂ ਇਕ ਇੱਟ ਫੜਾਉਣਾ। ਯੋਗੀ ਜੀ ਨੇ ਕਮਰੇ ਵਿਚੋਂ ਬਾਹਰ ਨਿਕਲ ਇਕ ਇੱਟ ਵੇਖੀ, ਉਸ ਨੂੰ ਜਾਕੇ ਚੁਕਣ ਲੱਗੇ ਤਾਂ ਦੇਖਿਆ ਕਿ ਉਹ ਸੋਨੇ ਦੀ ਹੈ। ਅਸਚਰਜ ਹੋਕੇ ਜੋਗੀ ਨੇ ਇਕ ਹੋਰ ਪੱਥਰ ਜਿਹੇ ਨੂੰ ਹੱਥ ਪਾਇਆ ਤਾਂ ਉਹ ਬੀ ਸੋਨੇ ਦਾ ਦਿੱਸਿਆ। ਗੱਲ ਕੀ ਗੁਰਦਵਾਰੇ ਦੇ ਇਹਾਤੇ ਵਿਚ ਪਈ ਜਿਸ ਇੱਟ ਤੇ ਰੋੜੇ ਨੂੰ ਯੋਗੀ ਨੇ ਹੱਥ ਲਾਇਆ ਉਸ ਨੂੰ ਉਹ ਹੀ ਸੋਨੇ ਦਾ ਹੋ ਦਿੱਸਿਆ। ਇਹ ਤੱਕ ਕੇ ਯੋਗੀ ਜੀ ਘਬਰਾ ਗਏ, ਚਾਂਦੀ ਬਨਾਉਣ ਵਾਲੇ ਬਿੱਲ ਦੇ ਰੱਖ ਆਉਣ ਤੋਂ ਬੜੇ ਲੱਜਿਤ ਹੋਏ। ਭਾਈ ਬੁੱਧੂ

ਸਾਹਿਬ ਦੀ ਕੀਮੀਆਗਰ ਨਜ਼ਰ ਤੇ ਰਸਾਇਣੀ ਜ਼ਬਾਨ ਦਾ ਉਨ੍ਹਾਂ ਦੇ ਦਿਲ ਤੇ ਅਸਰ ਹੋਇਆ, ਆਪਣੇ ਜੋਗ ਤੇ ਜੋਗ ਦੀ ਸਿਧੀ ਦਾ ਮਾਨ ਟੁੱਟ ਗਿਆ। ਭਾਈ ਬੁੱਢੂ ਜੀ ਦੀ ਅਸਲ ਉਚਿਆਈ ਦਾ ਕੁਝ ਝਾਉਲਾ ਜਿਹਾ ਜੋਗੀ ਨੂੰ ਪੈ ਗਿਆ। ਆਪ ਮੁੜ ਆਏ ਤੇ ਭਾਈ ਬੁੱਢੂ ਸਾਹਿਬ ਜੀ ਦੇ ਚਰਨ ਫੜ ਲਏ। ਅੱਖਾਂ ਵਿਚੋਂ ਛਮ ਛਮ ਅੱਥਰੂ ਵਗ ਰਹੇ ਸਨ ਤੇ ਗਲਾ ਰੁਕ ਰਿਹਾ ਸੀ। ਭਾਈ ਬੁੱਢੂ ਜੀ ਨੇ ਹੱਥਾਂ ਨਾਲ ਜੋਗੀ ਦਾ ਸਿਰ ਚੁਕਿਆ, 'ਧੰਨ ਗੁਰੂ ਨਾਨਕ' 'ਧੰਨ ਗੁਰੂ ਨਾਨਕ' ਕਹਿਣ ਲਗ ਪਏ। ਹੁਣ ਯੋਗੀ ਦੇ ਮੂੰਹ ਤੋਂ ਬੀ ਧੰਨ ਗੁਰੂ ਨਾਨਕ' ਬੇਵਸਾ ਨਿਕਲ ਗਿਆ।

ਯੋਗੀ ਜਾਣਦਾ ਸੀ ਕਿ ਅਸੀਂ ਚਾਂਦੀ ਬਣਾਨ ਜਾਣਦੇ ਹਾਂ ਤੇ ਭਾਈ ਬੁੱਢੂ ਸਾਹਿਬ ਨੇ ਮੈਨੂੰ ਸੋਨਾਂ ਬਣਾ ਵਿਖਾਇਆ ਹੈ। ਜੇ ਕਦੀ ਇੰਨੀ ਗਲ ਹੀ ਹੁੰਦੀ ਤਦ ਨਿਰਚਾਹ ਯੋਗੀ ਜੀ ਨੂੰ ਭਾਈ ਬੁੱਢੂ ਸਾਹਿਬ ਜੀ ਦੇ ਚਰਨਾਂ ਤੇ ਡਿੱਗਣ ਦੀ ਲੋੜ ਸ਼ਾਇਦ ਨਾ ਪੈਂਦੀ, ਪ੍ਰੰਤੂ ਇਥੇ ਇਕ ਅਸੂਲੀ ਫਰਕ ਸੀ। ਚਾਂਦੀ ਬਨਾਉਣ ਦਾ ਜੋ ਢੰਗ ਯੋਗੀ ਰਾਜ ਪਾਸ ਸੀ, ਉਹ ਪਦਾਰਥ ਵਿਦਜਾ ਦੀ ਜਾਣਕਾਰੀ ਤੋਂ ਸੀ, ਉਹ ਕਿਸੇ ਰਸਾਯਣਕ ਭੇਦ ਦੇ ਜਾਣੂ ਹੋਣ ਕਰਕੇ ਧਾਤ੍ਰੀ ਤ੍ਰੀਕੇ ਨਾਲ ਆਪਣੀ ਰਸਾਯਣ ਬਣਾਕੇ ਚਾਂਦੀ ਬਣਾਉਂਦੇ ਸਨ, ਪਰ ਭਾਈ ਬੁੱਢੂ ਸਾਹਿਬ ਦੀ ਚਿਤਵਨੀ ਮਾਤ੍ਰ ਨਾਲ ਜਿਸ ਜਿਸ ਚੀਜ਼ ਨੂੰ ਯੋਗੀ ਜੀ ਹੱਥ ਪਾਉਣ ਉਹ ਸੋਨੇ ਦੀ ਹੋ ਜਾਏ। ਇਹ ਰਸਾਇਣ ਨਹੀਂ ਸੀ, ਇਹ ਆਤਮ ਪ੍ਰਭਾਵ ਸੀ ਤੇ ਇਹ ਆਤਮਕ ਬਲ ਸੀ, ਜਿਸ ਦੀ ਤਲਾਸ਼ ਵਿਚ ਯੋਗੀ ਜੀ ਨੇ ਕਈ ਵੇਸ ਬਦਲੇ, ਕਈ ਸਾਧਨ ਸਾਧੇ; ਕਈ ਦੇਸ ਫਿਰੇ ਤੇ ਕਈ ਮਠਾਧੀਸ਼ਾਂ ਦੇ ਚਰਨ ਪਰਸੇ ਸੀ, ਪਰ ਇਹ ਸ਼ਕਤੀ ਕਿਤੇ ਨਜ਼ਰ ਨਹੀਂ ਸੀ ਆਈ। ਅਜ ਗ੍ਰਿਹਸਤੀਆਂ ਦੇ ਲਿਬਾਸ ਵਿਚ ਬੜੀ ਨਿਰਮਾਣਤਾ ਤੇ ਸਾਦਗੀ ਦਾ ਜੀਵਨ ਬਿਤੀਤ ਕਰ ਰਹੇ ਸੱਜਣ ਤੋਂ ਚਮਤਕਾਰ ਵੇਖਿਆ। ਤਦ ਇੰਨੇ ਪਸੀਜੇ ਕਿ ਅੱਖਾਂ ਦੇ ਪਾਣੀ ਨਾਲ ਭਾਈ ਬੁੱਢੂ ਜੀ ਦੇ ਚਰਨ ਧੋ ਦਿਤੇ। ਮਾਨ ਤੇ ਅਹੰਗਤਾ ਅੱਖਾਂ ਦੇ ਪਾਣੀ ਰਾਹੀਂ ਨਿਕਲ ਗਈ। ਭਾਈ ਸਾਹਿਬ ਜੀ ਦੇ ਯੋਗੀ ਦਾ ਸਿਰ ਫੜਨ ਦੀ

ਦੀ ਛੋਹ ਨਾਲ ਯੋਗੀ ਜੀ ਦਾ ਆਤਮਾ ਲਿਸ਼ਕਿਆ। 'ਧੰਨ ਗੁਰੂ ਨਾਨਕ' ਦੀ ਧੁਨਿ ਕੰਨਾਂ ਵਿਚ ਪਈ, ਸੱਦ ਨੇ ਜੀਵਨ ਰੂਹ ਫੂਕ ਦਿੱਤੀ। ਯੋਗੀ ਭਾਗਾਂ ਵਾਲਾ ਹੋ ਗਿਆ। ਹੁਣ ਹੋਰਥੇ ਜਾਣ ਦੀ ਚਾਹ ਮਿਟ ਗਈ। ਲਗਾ ਸੰਗਤਾਂ ਦੇ ਜੂਠੇ ਭਾਂਡੇ ਮਾਂਜਣ, ਝਾੜੂ ਦੇਣ ਤੇ ਪੱਖਾ ਫੇਰਨ। ਯੋਗੀ ਜੀ ਦੀ ਮੰਗ ਤੇ ਭਾਈ ਬੁੱਢੂ ਜੀ ਨੇ ਦਿਆਲ ਹੋ ਕੇ ਇਕ ਮੁੰਗਲੀ ਤੇ ਨਾਲੇ ਮੁੰਜ ਇਨ੍ਹਾਂ ਨੂੰ ਦਿਤੀ। ਲਗੇ ਇਹ ਵੀ ਮੁੰਗਲੀ ਨਾਲ ਮੁੰਜ ਨੂੰ ਤੇ 'ਧੰਨ ਗੁਰ ਨਾਨਕ' ਦੀ ਗੁੰਜਾਰ ਨਾਲ ਮਨ ਨੂੰ ਮਾਰਨ। ਇਸ ਤਰ੍ਹਾਂ 'ਧੰਨ ਗੁਰੂ ਨਾਨਕ' 'ਧੰਨ ਗੁਰੂ ਨਾਨਕ' ਕਰਦੇ ਯੋਗੀ ਜੀ ਧੰਨਤਾ ਯੋਗ ਹੋ ਗਏ :-

ਹਰਿ ਗੁਰੁ ਨਾਨਕੁ ਜਿਨ ਪਰਸਿਅਉ
ਸਿ ਜਨਮ ਮਰਣ ਦੁਹ ਥੇ ਰਹਿਓ ॥

**੪. ਚੋਰਾਂ ਦੀ ਚੋਰੀ ਛੁਡਾਈ–**

ਇਕ ਵੇਰ ਦੀ ਗਲ ਹੈ ਕਿ ਸਰਦੀਆਂ ਦੇ ਦਿਨ ਸਨ, ਰਾਤ ਦੇ ਦੋ ਕੁ ਵਜੇ ਹੋਣਗੇ; ਡੇਰੇ ਦੇ ਸਾਧ ਆਪਣੀਆਂ ਆਪਣੀਆਂ ਕੋਠੜੀਆਂ ਵਿਚ ਸੁੱਤੇ ਪਏ ਸਨ ਤੇ ਭਾਈ ਬੁੱਢੂ ਸਾਹਿਬ ਜੀ ਵੀ ਲੇਟੇ ਹੋਏ ਸਨ ਪਰ ਉਂਜ ਆਪ ਜਾਗਦੇ ਸਨ ਕਿ ਬਰਤਨਾਂ ਦਾ ਖੜਕਾਰ ਆਇਆ। ਆਪ ਨੇ ਉਠਕੇ ਵੇਖਿਆ ਤਿੰਨ ਚਾਰ ਆਦਮੀ ਨਜ਼ਰੀ ਪਏ, ਇਹ ਡੇਰੇ ਦਾ ਚੰਗਾ ਚੰਗਾ ਸਾਮਾਨ ਤੇ ਭਾਂਡੇ ਇਕੱਠੇ ਕਰ ਰਹੇ ਸੇ।

ਸੰਤ ਸਾਹਿਬ ਫਿਰ ਮੰਜੇ ਤੇ ਲੇਟ ਗਏ ਤੇ ਦਿਲ ਵਿਚ ਸੋਚਣ ਲਗੇ ਕਿ ਜੇ ਅਸੀਂ ਜਾਂਦੇ ਹਾਂ ਤਾਂ ਚੋਰ ਨੱਠ ਜਾਣਗੇ, ਜੇ ਦੁਹਾਈਆਂ ਪਾਂਦੇ ਹਾਂ ਤਾਂ ਇਹ ਫੜੇ ਜਾਣਗੇ। ਹੋ ਸਕਦਾ ਹੈ ਕਿ ਇਹ ਗ਼ਰੀਬ ਹੋਣ, ਘਰ ਦਾ ਨਿਰਬਾਹ ਨਾ ਤੁਰਦਾ ਹੋਵੇ, ਜਾਂ ਕੋਈ ਖਾਸ ਔਕੜ ਵਿਚ ਫਸਕੇ ਇਥੋਂ ਲੋੜ ਪੂਰੀ ਕਰਨ ਆਏ ਹੋਣ। ਜੇ ਇਸ ਡੇਰੇ ਦਾ ਸਾਮਾਨ ਲਿਜਾਕੇ ਇਨ੍ਹਾਂ ਦੀ ਮੁਸ਼ਕਲ ਹੱਲ ਹੁੰਦੀ ਹੈ ਤਾਂ ਸਾਮਾਨ ਲੈ ਜਾਣ, ਗੁਰੂ ਦਾਤਾ ਹੈ, ਡੇਰੇ ਨੂੰ ਹੋਰ ਦੇਵੇਗਾ। ਇਹ ਸੋਚਕੇ ਆਪ ਚੁਪ ਕਰਕੇ ਲੇਟੇ ਰਹੇ। ਚੋਰਾਂ ਨੇ ਸਾਮਾਨ ਬੰਨ੍ਹ ਲਿਆ ਤੇ ਲੈ ਕੇ ਤੁਰ ਗਏ। ਚੋਰ

ਸ਼ਹਿਰ ਤੋਂ ਬਾਹਰ ਨਿਕਲੇ ਹੀ ਹੋਣਗੇ ਕਿ ਭਾਈ ਬੁੱਧੂ ਸਾਹਿਬ ਜੀ ਨੂੰ ਵੀਚਾਰ ਫੁਰੀ ਕਿ ਲੋੜਵੰਦ ਆਏ ਤੇ ਸਾਮਾਨ ਲੈਕੇ ਤੁਰ ਗਏ, ਪਰ ਇਹਦੇ ਨਾਲ ਇਨ੍ਹਾਂ ਦਾ ਕਿੰਨਾ ਕੁ ਚਿਰ ਨਿਰਬਾਹ ਹੋਵੇਗਾ ? ਮਹੀਨਾ, ਦੋ ਮਹੀਨੇ, ਚਾਰ ਮਹੀਨੇ ਹਦ ਛੀ ਮਹੀਨੇ। ਇਹ ਇਥੋਂ ਦੇ ਗਿੱਝੇ ਕਿਤੇ ਹੋਰ ਚੋਰੀ ਕਰਨਗੇ। ਹੋ ਸਕਦਾ ਹੈ ਕਿ ਉਥੇ ਫੜੇ ਜਾਣ ਤੇ ਸਜ਼ਾਵਾਂ ਪਾਕੇ ਕਾਰਾਗ੍ਰਹਿ ਚਲੇ ਜਾਣ। ਇਹ ਭੀ ਹੋ ਸਕਦਾ ਹੈ ਕਿ ਫੜੇ ਜਾਣ ਵੇਲੇ ਆਮੋਂ ਸਾਹਮਣੇ ਲੜਾਈ ਹੋ ਪਏ ਤੇ ਇਹ ਜਾਂ ਦੂਜੀ ਧਿਰ ਵਿਚੋਂ ਕਿਸੇ ਦੀ ਜਾਣ ਹੀ ਜਾਂਦੀ ਰਹੇ, ਜਾਂ ਕੋਈ ਫੱਟੜ ਹੋ ਜਾਏ ਤਾਂ ਇਹ ਬੜਾ ਮਾੜਾ ਕੰਮ ਹੋਵੇਗਾ। ਇਨ੍ਹਾਂ ਨੇ ਆਪਣੇ ਵਾਸਤੇ ਇਹ ਬੁਰਾ ਕੰਮ ਲੱਭਾ ਹੈ। ਅਸੀਂ ਗੁਰੂ ਨਾਨਕ ਦੇ ਘਰ ਦੇ ਸੇਵਾਦਾਰ ਹਾਂ। ਗੁਰੂ ਬਾਬੇ ਨੇ ਬੜੇ ਬੜੇ ਠੱਗਾਂ ਨੂੰ ਤਾਰਿਆ ਤੇ ਉਹਨਾਂ ਤੋਂ ਬੁਰਿਆਈਆਂ ਛੁਡਾ-ਈਆਂ ਹਨ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਬਿਧੀ ਚੰਦ ਤੋਂ ਚੋਰੀ ਛੁਡਵਾਈ ਸੀ ਤੇ ਉਸ ਨੂੰ ਆਪਣਾ ਸਿਖ ਬਣਾਇਆ ਸੀ। ਇਹ ਚਾਰ ਆਦਮੀ ਗੁਰੂ ਦੇ ਘਰ ਆਕੇ ਜੇਹੇ ਬੁਰੇ ਸਨ ਉਜਿਹੇ ਹੀ ਬੁਰੇ ਚਲੇ ਗਏ, ਇਹ ਤਾਂ ਗਲ ਚੰਗੀ ਨਾ ਹੋਈ। ਇਸ ਘਰ ਵਿਚ ਆਕੇ ਉਨ੍ਹਾਂ ਦੀ ਬੁਰਿਆਈ ਦਾ ਸੁਭਾਉ ਨਹੀਂ ਰਹਿਣਾ ਚਾਹੀਦਾ ਸੀ।

ਭਾਈ ਬੁੱਧੂ ਜੀ ਖੜੇ ਹਨ, ਹੱਥ ਜੁੜੇ ਹੋਏ ਹਨ, ਅੱਖਾਂ ਵਿਚੋਂ ਫਰਨ ਫਰਨ ਸੁੱਚੇ ਮੋਤੀਆਂ ਵਰਗੇ ਹੰਝੂ ਤ੍ਰਪ ਤ੍ਰਪ ਡਿੱਗ ਰਹੇ ਹਨ ਅੰਦਰੋਂ ਲਿਵ ਸਤਿਗੁਰਾਂ ਦੇ ਚਰਨਾਂ ਨਾਲ ਲਗ ਰਹੀ ਹੈ ਤੇ ਬਿਹਬਲ ਅਵਸਥਾ ਵਿਚ ਹੋ ਅਰਦਾਸ ਕਰ ਰਹੇ ਹਨ: ਹੇ ਸੱਚੇ ਪਾਤਸ਼ਾਹ ! ਚੋਰ ਆਏ ਸਨ, ਚੋਰ ਹੀ ਬਣੇ ਚਲੇ ਗਏ ਹਨ। ਆਪ ਦੀ ਛੋਹ ਤੋਂ ਗੀਠੇ ਮੀਠੇ ਹੋ ਗਏ, ਆਪ ਦੀ ਨਜ਼ਰ ਪੈਣ ਨਾਲ ਅੱਕ ਦੀਆਂ ਖਖੜੀਆਂ ਨੇ ਕੁੜੱਤਣ ਛਡ ਦਿਤੀ, ਆਪ ਦੇ ਵਲ ਆਏ ਸਖਤ ਪੱਥਰ ਮੋਮ ਵਾਂਗ ਨਰਮ ਹੋ ਗਏ। ਇਹ ਚੋਰ ਆਪ ਦੇ ਦੁਆਰੇ ਆਏ ਤੇ ਚੋਰ ਹੀ ਬਣੇ ਚਲੇ ਗਏ ! ਸੱਚੇ ਪਾਤਸ਼ਾਹ ਤੇਰਾ ਨਾਮ ਪਤਿਤ ਪਾਵਨ ਹੈ, ਆਪਣਾ ਬਿਰਦ ਸੰਭਾਲੋ, ਇਹ ਬੁਰੇ ਹਨ,ਗੰਦੇ ਹਨ ਤੇ ਮੰਦੇ ਹਨ, ਭੀ ਤੇਰੇ ਹਨ:—

ਜੈਸਾ ਬਾਲਕੁ ਭਾਇ ਸੁਭਾਈ ਲਖ ਅਪਰਾਧ ਕਮਾਵੈ ।।
ਕਰਿ ਉਪਦੇਸੁ ਝਿੜਕੇ ਬਹੁਭਾਤੀ ਬਹੁੜਿ ਪਿਤਾ ਗਲਿ ਲਾਵੈ ।।
ਪਿਛਲੇ ਅਉਗੁਣ ਬਖਸਿ ਲਏ ਪ੍ਰਭੁ ਆਗੈ ਮਾਰਗਿ ਪਾਵੈ ।।

ਬਖਸ਼ ਲਓ,ਇਨ੍ਹਾਂ ਦੀ ਮੰਦੀ ਵਾਦੀ ਛੁਡਾਓ ਤੇ ਆਪਣੀ ਸ਼ਰਨੀ ਲਾਓ।

ਉਧਰ ਚੋਰਾਂ ਦੀ ਸੁਣੋ। ਜਿਸ ਵੇਲੇ ਆਪਣੇ ਨਗਰ ਦੇ ਲਾਗੇ ਪੁੱਜੇ ਪਹੁ ਫੁਟਾਲਾ ਹੋ ਗਿਆ, ਜਗਤ ਤੇ ਹਨੇਰਾ ਘਟਣ ਤੇ ਉਜਾਲਾ ਵਧਣ ਲੱਗਾ, ਪਰ ਚੋਰਾਂ ਦੀ ਅੱਖਾਂ ਦੀ ਜਯੋਤੀ ਜਾਂਦੀ ਰਹੀ। ਅੱਖਾਂ ਜਿਉਂ ਦੀਆਂ ਤਿਉਂ ਹਨ, ਡੇਲੇ ਹਨ, ਵਿਚ ਕਾਲੀ ਧੀਰੀ ਹੈ, ਪਰ ਦਿੱਸਦਾ ਕੁਝ ਨਹੀਂ। ਹਾਲਤ ਇਸ ਤਰ੍ਹਾਂ ਦੀ ਬਣ ਗਈ ਕਿ ਜੇ ਪਿੱਛੇ ਵੇਖਣ ਤਦ ਦਿੱਸਣ ਲਗ ਪਵੇ ਤੇ ਜੇ ਆਪਣੇ ਨਗਰ ਵਲ ਮੂੰਹ ਕਰਨ ਤਾਂ ਕੁਛ ਨਜ਼ਰੀ ਨਾ ਪਵੇ। ਕੁਛ ਚਿਰ ਇਸ ਜੱਕੋ ਤੱਕੀ ਵਿਚ ਰਹੇ। ਉਨ੍ਹਾਂ ਵਿਚੋਂ ਇਕ ਨੇ ਕਿਹਾ, "ਯਾਰੋ ! ਕੀ ਪਏ ਕਰਦੇ ਹੋ, ਬਾਬੇ ਨਾਨਕ ਦੇ ਘਰ ਅਸਾਂ ਚੋਰੀ ਕੀਤੀ ਹੈ, ਜਿਸ ਦਾ ਫਲ ਇਹ ਹੋ ਰਿਹਾ ਹੈ ਕਿ ਸਾਡੀਆਂ ਅੱਖਾਂ ਜਾ ਰਹੀਆਂ ਹਨ। ਚਲੋ ਉਨ੍ਹਾਂ ਦੇ ਦਰ ਤੇ ਡਿੱਗੀਏ, ਨਹੀਂ ਤਾਂ ਅੱਖਾਂ ਤੋਂ ਵੀ ਅੰਨ੍ਹੇ ਹੋ ਜਾਵਾਂਗੇ ਤੇ ਖਬਰੇ ਹੋਰ ਕੀਹ ਕੀਹ ਵਾਪਰੇਗਾ"। ਇਹ ਗੱਲ ਬਾਕੀਆਂ ਦੇ ਬੀ ਦਿਲ ਲਗੀ। ਚੋਰੀ ਦੇ ਮਾਲ ਦੀਆਂ ਸਿਰ ਤੇ ਪੰਡਾਂ ਚੁਕੀਆਂ ਤੇ ਭਾਈ ਬੁੱਢੂ ਸਾਹਿਬ ਜੀ ਦੇ ਡੇਰੇ ਆਏ ! ਸਾਮਾਨ ਰਖ ਦਿਤਾ ਤੇ ਭਾਈ ਸਾਹਿਬ ਦੇ ਚਰਨ ਫੜ ਲਏ। ਲਗੇ ਰੁਦਨ ਕਰਨ ਤੇ ਨੇਤਰਾਂ ਦੇ ਜਲ ਨਾਲ ਚਰਨ ਧੋਣ। ਚੋਰਾਂ ਦੀ ਇਹ ਦਸਾ ਵੇਖ ਭਾਈ ਸਾਹਿਬ ਦਾ ਵੀ ਰੁਦਨ ਜਾਰੀ ਹੋ ਗਿਆ, ਲਗੇ ਬਾਬੇ ਦੀਆਂ ਵਡਿਆਈਆਂ ਕਰਨ। ਅੰਤ ਸੰਤ ਜੀ ਨੇ ਚੋਰਾਂ ਨੂੰ ਦਿਲਾਸਾ ਦਿੱਤਾ। ਉਨ੍ਹਾਂ ਦੇ ਕਰਮ ਦੇ ਫਲ ਉਨ੍ਹਾਂ ਨੂੰ ਦੱਸੇ ਤੇ ਕਿਹਾ ਕਿ ਇਹ ਮਾਲ ਤੁਸਾਡਾ ਹੈ, ਸਭ ਲੈ ਜਾਓ, ਪਰ ਮਾਲ ਲੈ ਗਏ ਤੇ ਸੁਭਾਉ ਉਹੋ ਰਿਹਾ ਤਾਂ ਕਿਤੇ ਹੋਰਥੇ ਫਸੋਗੇ। ਸੁਭਾਵ ਬਦਲੋ, ਰੱਬ ਦਾਤਾ ਹੈ, ਸਭ ਨੂੰ ਪਾਲਦਾ ਹੈ, ਤੁਸਾਨੂੰ ਬੀ ਪਾਲੇਗਾ। ਚੋਰ ਇਹ ਪਿਆਰ ਤੇ ਦਇਆ ਵੇਖਕੇ ਡੇਰੇ ਹੀ ਟਿਕ ਗਏ। ਕੁਛ ਦਿਨ ਭਾਈ

ਸਾਹਿਬ ਦੇ ਪਾਸ ਰਹੇ ਅਤੇ ਆਪ ਦੀ ਸੰਗਤ ਨਾਲ ਜੀਵਨ ਪਲਟ ਗਿਆ ਤੇ ਲਗੇ ਧਰਮ ਦੀ ਕਿਰਤ ਵਿਰਤ ਕਰਕੇ ਨਿਰਬਾਹ ਕਰਨ।

## ੧੦. ਸ਼ੇਰਿ ਪੰਜਾਬ ਦਾ ਦਰਸ਼ਨ ਹਿਤ ਆਉਣਾ–

ਸ਼ੇਰਿ ਪੰਜਾਬ ਮੁਲਤਾਨ ਸ਼ਾਹਪੁਰ ਆਦਿਕ ਇਲਾਕਿਆਂ ਵਿਚ ਮੱਲਾਂ ਮਾਰ ਰਹੇ ਸਨ, ਇਨ੍ਹਾਂ ਦਿਨਾਂ ਵਿਚ ਹੀ ਭੇਰੇ ਦੇ ਇਲਾਕੇ ਪੁੱਜਣ ਦਾ ਬੀ ਅਵਸਰ ਬਣ ਗਿਆ। ਭਾਈ ਬੁੱਧੂ ਸਾਹਿਬ ਜੀ ਦੀ ਕੀਰਤੀ ਆਪ ਨੇ ਸੁਣੀ ਹੋਈ ਸੀ, ਦਰਸ਼ਨਾਂ ਲਈ ਉਚੇਚੇ ਡੇਰੇ ਵਲ ਗਏ।

ਆਪਣੇ ਮਹਾਰਾਜੇ ਦੇ ਆਉਣ ਦੀ ਖਬਰ ਸੁਣਕੇ ਭੇਰੇ ਵਿਚ ਸਫਾਈ ਹੋਣ ਲਗ ਪਈ। ਗਲੀਆਂ ਤੇ ਬਜ਼ਾਰ ਸੁਥਰੇ ਹੋ ਗਏ। ਦੀਵਾਰਾਂ ਤੇ ਨਰ ਨਾਰੀਆਂ ਦਾ ਹਜੂਮ ਸੀ, ਅਹਿਲਕਾਰ ਨਾਲ ਸਨ। ਸ਼ਹਿਰ ਦੇ ਵਿਚ ਦਾਖਲ ਹੁੰਦਿਆਂ ਹੀ ਸ੍ਰੀ ਮਹਾਰਾਜ ਸਾਹਿਬ ਕਹਿਣ ਲਗੇ ਇਥੇ ਵਡਿਆਂ ਦਾ ਡੇਰਾ ਹੈ, ਅਸਾਂ ਬੇਪਰਵਾਹਾਂ ਦੇ ਘਰ ਜਾਣਾ ਹੈ, ਉੱਚਿਆਂ ਹੋਕੇ ਜਾਣ ਵਾਲਿਆਂ ਦੀ ਇਸ ਟਿਕਾਣੇ ਢੋਈ ਨਹੀਂ। ਇਸ ਰਾਹ ਨੀਵਿਆਂ ਹੋਕੇ ਜਾਣਾ ਚਾਹੀਦਾ ਹੈ।' ਇਹ ਕਹਿਕੇ ਆਪ ਘੋੜੇ ਤੋਂ ਉਤਰ ਪਏ ਤੇ ਪੈਦਲ ਤੁਰਦੇ ਗੁਰਦਵਾਰੇ ਪੁੱਜੇ। ਬਾਹਰ ਦਰਵਾਜ਼ੇ ਅਗੇ ਇਕ ਵਯਕਤੀ ਖੜੀ ਵੇਖੀ। ਖਿੜਿਆ ਹੋਇਆ ਮੱਥਾ; ਰਸੀਲੇ ਨੈਣ ਤੇ ਪੁਰ ਜਲਾਲ ਚਿਹਰਾ। ਮਹਾਰਾਜ ਸਾਹਿਬ ਵੇਖਕੇ ਠਹਿਰ ਗਏ ਤੇ ਨਰਮ ਭਾਵ ਵਿਚ ਹੋ ਪੁੱਛਣ ਲਗੇ :–'ਭਾਈ ਬੁੱਧੂ ਸਾਹਿਬ ਕਿੱਥੇ ਹਨ ? ਉਨ੍ਹਾਂ ਦੇ ਦਰਸ਼ਨ ਕਰਨੇ ਹਨ ?'

ਉਸ ਵਯਕਤੀ ਨੇ ਅਗੋਂ ਉੱਤਰ ਦਿਤਾ–'ਬੁੱਧੂ' ਤਾਂ ਇਹ ਹੀ ਹੈ, ਜੋ ਹਾਜ਼ਰ ਹੈ ਤੇ 'ਸਾਹਿਬ' ਅੰਦਰ ਹਨ, ਅੰਦਰ ਚੱਲਕੇ ਉਨ੍ਹਾਂ ਦੇ ਦਰਸ਼ਨ ਕਰੋ, ਮੱਥਾ ਟੇਕੋ, ਜਨਮ ਸਫਲਾ ਕਰੋ।''

ਆਪ ਮਹਾਰਾਜੇ ਨੂੰ ਨਾਲ ਲੈਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਾਲੇ ਕਮਰੇ ਵਿਚ ਗਏ ਤੇ ਅਦਬ ਤੇ ਸਤਿਕਾਰ ਨਾਲ ਮੱਥਾ ਟੇਕਿਆ। ਮਹਾਰਾਜੇ ਨੇ ਭੀ ਮੱਥਾ ਟੇਕਿਆ ਤੇ ਇਕ ਸ਼ਬਦ ਸ੍ਰਵਣ ਕੀਤਾ।

ਭਾਈ ਸਾਹਿਬ ਦਾ ਅਡਜੰਤ ਸਿਦਕ ਭਰੋਸਾ ਤੇ ਨਿੰਮ੍ਰਤਾ ਵੇਖ ਮਹਾਰਾਜਾ ਦੰਗ ਰਹਿ ਗਿਆ। ਭਾਈ ਸਾਹਿਬ ਦੇ ਚਰਨ ਫੜ ਲਏ, ਕਹਿਣ ਲਗਾ ਕੋਈ ਟਹਿਲ ਸੇਵਾ ਬਖਸ਼ੋ ?

ਭਾਈ ਬੁੱਧੂ ਜੀ ਦੇ ਨੇਤ੍ਰਾਂ ਵਿਚ ਫਰਨ ਫਰਨ ਜਲ ਜਾ ਰਿਹਾ ਸੀ ਤੇ ਗਦ ਗਦ ਹੋ ਰੁਕ ਰਹੇ ਗਲੇ ਤੋਂ ਕਿਸੇ ਕਿਸੇ ਵੇਲੇ ਇਹ ਆਵਾਜ਼ ਸੁਣਾਈ ਦਿੰਦੀ ਸੀ :–

"ਬਾਬਾ ਨਾਨਕ ਤੂੰ ਧੰਨ ਹੈਂ, ਤੂੰ ਧੰਨ ਹੈਂ, ਨੀਚਾਂ ਦੇ ਨਿਵਾਜਣ ਵਾਲਾ ਤੂੰ ਹੀ ਹੈਂ, ਮੈਂ ਤੇਰੇ ਦਰ ਦਾ ਕੀਟ ਹਾਂ।"

## ੧੧. ਭੇਰੇ ਦੀ ਲੁੱਟ–

ਸਿਖ ਰਾਜ ਦਾ ਸੂਰਜ ਅਸਤ ਹੁੰਦਿਆਂ ਵੇਖਕੇ 'ਭੇਰੇ' ਦੇ ਇਲਾਕੇ ਦੇ ਪਠਾਣਾਂ ਨੇ ਸਿਰ ਚੁੱਕਿਆ ਤੇ ਉਨ੍ਹਾਂ ਛੋਟੇ ਛੋਟੇ ਜਥੇ ਬਣਾਕੇ ਪਿੰਡਾਂ ਵਿਚ ਲੁੱਕ ਕੁੱਟ ਸ਼ੁਰੂ ਕਰ ਦਿਤੀ। ਜਿੱਥੇ ਕੋਈ ਹਿੰਦੂ ਜਾਂ ਧਨੀ ਸਿਖ ਦੀ ਦੱਸ ਪੈਂਦੀ ਸੀ ਉਥੇ ਸਨੱਧਬੱਧ ਹੋ ਢੋਲ ਵਜਾਕੇ ਜਾ ਵੜਦੇ ਤੇ ਜੋ ਕੁਛ ਮਾਲਮਤਾ ਹੱਥ ਆਉਂਦਾ ਲੈਕੇ ਰਾਹ ਫੜਦੇ। ਜੇ ਕੋਈ ਟਾਕਰੇ ਤੇ ਖੜਾ ਹੁੰਦਾ ਤਾਂ ਏਹ ਸਨੱਧਬੱਧ ਹੁੰਦੇ ਹੀ ਸਨ, ਜੰਗ ਕਰਕੇ ਲੁੱਟ ਲੈਂਦੇ।

ਲਾਗੇ ਦੇ ਮੁਸਲਮਾਨਾਂ ਨੇ ਭੇਰਾ ਲੁੱਟਣ ਦੀ ਸਲਾਹ ਕੀਤੀ। ਇਥੇ ਹਿੰਦੂ ਤੇ ਸਹਿਜਧਾਰੀ ਸਿਖਾਂ ਦੀ ਗਿਣਤੀ ਕਾਫੀ ਸੀ। ਸਾਰੇ ਰੱਜੇ ਪੁੱਜੇ ਹੋਏ ਸਨ। ਮੁਸਲਮਾਨਾਂ ਨੇ ਤੱਕਿਆ ਕਿ ਜੇ ਇਥੋਂ ਦੇ ਹਿੰਦੂ ਸਾਹਮਣੇ ਖੜੇ ਹੋ ਗਏ ਤਦ ਇਥੋਂ ਦੀ ਲੁੱਟ ਖਾਲਾ ਜੀ ਦਾ ਵਾੜਾ ਨਹੀਂ ਹੋਵੇਗੀ; ਇਸ ਕਰਕੇ ਇਨ੍ਹਾਂ ਭੇਰਾ ਲੁੱਟਣ ਲਈ ਕਾਫੀ ਸਾਮਾਨ ਇਕੱਠਾ ਕੀਤਾ। ਲਾਗੇ ਦੇ ਕਈ ਪਿੰਡਾਂ ਦੇ ਲੁਟੇਰੇ, ਧਾੜਵੀ ਤੇ ਚੋਰ ਇਕੱਠੇ ਕੀਤੇ। ਇਨ੍ਹਾਂ ਨੂੰ ਵੇਖਕੇ ਕਈ ਹੋਰ ਭੁੱਖੇ ਨੰਗੇ ਵੀ ਨਾਲ ਮਿਲ ਗਏ। ਕਾਫੀ ਗਿਣਤੀ ਸਵਾਰਾਂ ਦੀ ਬੀ ਹੋ ਗਈ। ਹਥਿਆਰ ਵੀ ਇਨ੍ਹਾਂ ਦੇ ਪਾਸ ਸਨ, ਅੱਚਨਚੇਤ ਸ਼ਹਿਰ ਤੇ ਆ ਪਏ। ਪਿਛਲੇ ਜ਼ਮਾਨੇ ਕਸਬੇ ਤੇ ਸ਼ਹਿਰਾਂ ਦੀ ਵਸੋਂ ਹੁਣ ਵਾਂਗ ਨਹੀਂ ਸੀ ਹੁੰਦੀ। ਲੜਾਈਆਂ ਝਗੜੇ

ਤੇ ਲੁੱਟ ਮਾਰ ਆਮ ਹੁੰਦੀ ਸੀ, ਇਸ ਕਰਕੇ ਸ਼ਹਿਰ ਦੇ ਗਿਰਦ ਬਚਾਉ ਲਈ ਫਸੀਲ ਤੇ ਅੰਦਰ ਦਾਖਲ ਹੋਣ ਲਈ ਖਾਸ ਦਰਵਾਜ਼ੇ ਹੁੰਦੇ ਸਨ, ਜਿਨ੍ਹਾਂ ਦੇ ਉਪਰ ਨਗਾਰੇ ਰੱਖਕੇ ਪਹਿਰੇਦਾਰ ਬਿਠਾਏ ਹੁੰਦੇ ਸਨ। ਜਿਸ ਵੇਲੇ ਪਹਿਰੇਦਾਰ ਖ਼ਤਰਾ ਵੇਖਦੇ ਦਰਵਾਜ਼ੇ ਬੰਦ ਕਰ ਦੇਂਦੇ ਤੇ ਨਗਾਰੇ ਪੁਰ ਚੋਟ ਲਾ ਦੇਂਦੇ ਸਨ; ਜਿਸ ਤੋਂ ਕਸਬੇ ਦੀ ਵੱਸੋਂ ਤਿਆਰ ਹੋ ਟਾਕਰੇ ਲਈ ਆ ਜਾਂਦੀ ਸੀ। ਅੱਜ ਵੀ ਚੋਟ ਲਗੀ, ਜਿਸ ਨੇ ਭੇਰੇ ਦੇ ਲੋਕਾਂ ਦੇ ਕੰਨ ਖੜੇ ਕਰ ਦਿਤੇ। ਕੁਛ ਆਦਮੀ ਹਰ ਦਰਵਾਜ਼ੇ ਦੇ ਅਗੇ ਖੜੇ ਕੀਤੇ ਗਏ ਤਾਂ ਜੁ ਦਰਵਾਜ਼ਾ ਤੋੜਕੇ ਅੰਦਰ ਵੜਨ ਲਗਿਆਂ ਦਾ ਟਾਕਰਾ ਕਰਨ। ਕੁਛ ਦਰਵਾਜ਼ਿਆਂ ਤੇ ਬਿਠਾ ਦਿਤੇ ਗਏ ਤਾਕਿ ਇਹ ਵਾਰ ਕਰਕੇ ਸ਼ਤ੍ਰੂ ਨੂੰ ਦਰਵਾਜੇ ਦੇ ਲਾਗੇ ਹੀ ਨਾ ਪੁੱਜਣ ਦੇਣ। ਇਸ ਤਰ੍ਹਾਂ ਦੀ ਪਕਿਆਂਈ ਕਰਕੇ ਚੋਣਵੇਂ ਹਿੰਦੂ ਭਾਈ ਸਾਹਿਬ ਭਾਈ ਬੁੱਧੂ ਜੀ ਦੇ ਡੇਰੇ ਗਏ ਤੇ ਉਨ੍ਹਾਂ ਦੇ ਚਰਨ ਫੜਕੇ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ ! ਵੈਰੀ ਆ ਗਿਆ ਹੈ, ਅਸੀਂ ਉਨ੍ਹਾਂ ਦਾ ਮੁਕਾਬਲਾ ਨਹੀਂ ਕਰ ਸਕਦੇ। ਜੇ ਵੈਰੀ ਸ਼ਹਿਰ ਵਿਚ ਆ ਵੜਿਆ ਤਾਂ ਜਾਨ ਮਾਲ ਦਾ ਨੁਕਸਾਨ ਹੋਵੇਗਾ ਤੇ ਤੀਵੀਆਂ ਦੀ ਬੇਪਤੀ ਹੋਵੇਗੀ। ਤੁਸੀਂ ਸ਼ਹਿਰ ਦੇ ਸਿਰ ਤੇ ਹੋ; ਮਿਹਰ ਕਰੋ ਤੇ ਇਹ ਆਈ ਬਲਾ ਟਾਲ ਦੇਵੋ।

ਇਹ ਪੁਕਾਰ ਸੁਣ ਸੰਤਾਂ ਦਾ ਦਿਲ ਦ੍ਰਵ ਗਿਆ; ਇਨ੍ਹਾਂ ਹੁਕਮ ੍ਤਾ ਕਿ 'ਦਰਵਾਜੇ ਤੇ ਤੋਪ ਰੱਖਕੇ ਫੋਕੀ ਚਲਾਈ ਚਲੋ; ਰਾਖੇ ਆ ਰਹੇ ਹਨ।' ਭਾਈ ਸਾਹਿਬ ਦਾ ਹੁਕਮ ਸੁਣਕੇ ਖਾਲੀ ਤੋਪ ਦੇ ਫਾਇਰ ਸ਼ੁਰੂ ਹੋ ਗਏ। ਉਧਰ ਲੁਟੇਰੇ ਚੜ੍ਹੇ ਆ ਰਹੇ ਸਨ। ਜਦ ਤੋਪ ਦੀ ਆਵਾਜ਼ ਸੁਣਦੇ ਤਾਂ ਠਿਠਕਦੇ। ਉਧਰ ਗੁਰੂ ਦਾ ਕਰਨਾ ਇਹ ਹੋਇਆ ਕਿ ਉਨੇ ਸਾਹਿਬ ਦੇ ਬਾਬੇ ਇਧਰ ਆਏ ਸਨ; ਓਹ ਆਪਣੇ ਫੌਜੀ ਦਸਤੇ ਸਮੇਤ ਭੇਰੇ ਆ ਨਿਕਲੇ। ਲੁਟੇਰੇ ਮੁਸਲਮਾਨਾਂ ਨੇ ਜਦ ਸੁਣਿਆ ਕਿ ਬਾਬੇ ਆ ਗਏ ਹਨ ਤਾਂ ਘਬਰਾਏ। ਸਿੱਖ ਦਾ ਜਥ੍ਹਾ ਇਕ ਬੜੀ ਵੱਡੀ ਗਲ ਹੈ, ਨਾਲੇ ਖਬਰ ਮਿਲੀ ਕਿ ਉਨ੍ਹਾਂ ਨਾਲ ਸਨੱਧਬੱਧ ਸਿਪਾਹੀਆਂ ਦਾ ਦਸਤਾ ਬੀ ਹੈ। ਇਹ ਖਬਰ ਸੁਣਕੇ ਤੇ ਫੇਰ ਮੂੰਹੀਆਂ ਨੂੰ ਭੇਜ ਕੇ ਗਲ

ਸਹੀ ਕਰਕੇ ਪਰਜਾਘਾਤਕ ਲੁਟੇਰੇ ਸਿਰਾਂ ਤੇ ਪੈਰ ਰੱਖ ਨੱਸ ਗਏ।

### ੧੨. ਮਾਨੀ ਤਹਿਸੀਲਦਾਰ ਦਾ ਮਾਨ ਹਰਿਆ–

ਭੇਰੇ ਵਿਚ ਇਕ ਮੁਸਲਮਾਨ ਤਹਿਸੀਲਦਾਰ ਲਗਾ ਹੋਇਆ ਸੀ, ਉਹ ਦੂਜੇ ਚੌਥੇ ਘੋੜੇ ਤੇ ਸਵਾਰ ਹੋਕੇ ਗਲੀਆਂ ਬਾਜ਼ਾਰਾਂ ਵਿਚ ਫਿਰਦਾ ਤੇ ਸਫਾਈ ਦਾ ਬੜਾ ਖਿਆਲ ਰਖਦਾ ਸੀ।

ਉਨ੍ਹੀਂ ਦਿਨੀਂ ਪਾਣੀ ਦੇ ਨਿਕਾਸ ਦੇ ਹੁਣ ਵਾਂਗ ਢੰਗ ਨਹੀਂ ਹੁੰਦੇ ਸੀ, ਘਰਾਂ ਚੋਂ ਬਾਹਰ ਛੋਟੇ ਛੋਟੇ ਟੋਏ ਖੁਟੇ ਹੋਏ ਸਨ, ਜਿਨ੍ਹਾਂ ਵਿਚ ਘਰਾਂ ਵਿਚ ਡੁੱਲ੍ਹਾ ਪਾਣੀ ਇਕੱਠਾ ਹੋ ਜਾਂਦਾ ਸੀ। ਗੁਰਦੁਆਰੇ, ਮੰਦਰ ਤੇ ਮਸਜਦਾਂ ਦੇ ਵਿਚ ਲੋਕਾਂ ਦੇ ਨਹਾਉਣ ਧੋਣ ਪਰ ਪਾਣੀ ਬਹੁਤ ਖਰਚ ਹੁੰਦਾ ਹੈ, ਇਸ ਕਰਕੇ ਇਨ੍ਹਾਂ ਟਿਕਾਣਿਆਂ ਦੇ ਬਾਹਰ ਵਾਰ ਪਾਣੀ ਦੇ ਟੋਏ ਆਮ ਘਰਾਂ ਨਾਲੋਂ ਵਡੇ ਹੁੰਦੇ ਸਨ। ਜੇ ਕਦੀ ਪਾਣੀ ਜ਼ਰਾ ਬਹੁਤਾ ਹੋ ਜਾਏ ਤਦ ਗਲੀਆਂ ਵਿਚ ਤੁਰ ਪੈਂਦਾ ਸੀ ਤੇ ਗਲੀਆਂ ਕਚੀਆਂ ਹੋਣ ਕਰਕੇ ਚਿਕੜ ਹੋ ਜਾਂਦਾ ਸੀ।

ਇਕ ਦਿਨ ਤਹਿਸੀਲਦਾਰ ਘੋੜੇ ਤੇ ਸਵਾਰ ਹੋਕੇ ਦੌਰੇ ਤੇ ਚਲਿਆ ਤੇ ਸ਼ਹਿਰ ਵਿਚੋਂ ਲੰਘਣ ਲੱਗਾ ਗੁਰਦਵਾਰੇ ਪਾਸ ਪੁੱਜਾ। ਗਲੀ ਵਿਚ ਚਿੱਕੜ ਦੇਖਕੇ ਪੁੱਛਣ ਲੱਗਾ ਕਿ ਇਹ ਪਾਣੀ ਕਿਥੋਂ ਆਉਂਦਾ ਹੈ? ਨਾਲ ਚਪੜਾਸੀ ਸੀ, ਉਸਨੇ ਦੱਸਿਆ ਭਾਈ ਬੁੱਧੂ ਸਾਹਿਬ ਦੇ ਅਸਥਾਨ ਵਿੱਚੋਂ ਆਇਆ ਹੈ।

ਤਹਿਸੀਲਦਾਰ ਨੇ ਆਖਿਆ ਇਹ ਇੰਨਾ ਪਾਣੀ ਕਿਉਂ ਡੋਲ੍ਹਦੇ ਹਨ? ਇੰਨੇ ਨੂੰ ਪੰਜ ਦਸ ਆਦਮੀ ਇਕੱਠੇ ਹੋ ਗਏ ਸਨ, ਉਹਨਾਂ ਵਿਚੋਂ ਇਕ ਨੇ ਕਿਹਾ ਕਿ ਅੰਦਰ ਖੂਹ ਹੈ, ਸ਼ਹਿਰ ਦੇ ਹਿੰਦੂ ਮਰਦ ਤੇ ਤੀਵੀਆਂ ਨਹਾਉਣ ਇਥੇ ਆਉਂਦੇ ਹਨ; ਸਦਾ ਵਰਤ ਲਗਾ ਹੋਇਆ ਹੈ, ਜਿਸ ਵਾਸਤੇ ਖੂਹ ਵਿਚ ਪਾਣੀ ਬਹੁਤਾ ਨਿਕਲਦਾ ਹੈ। ਪਾਣੀ ਦੇ ਰੁਕਣ ਵਾਸਤੇ ਟੋਇਆ ਬਣਿਆ ਹੋਇਆ ਹੈ; ਪਰ ਅਜ ਸੰਗ੍ਰਾਂਦ ਹੈ, ਇਸ ਕਰਕੇ ਪਾਣੀ ਬਹੁਤਾ ਵਰਤਿਆ ਗਿਆ ਹੈ ਤੇ ਇਸ ਗਲੀ ਵਿਚ

ਥੀ ਆ ਗਿਆ ਹੈ।

ਤਹਿਸੀਲਦਾਰ ਨੂੰ ਚਾਹੀਦਾ ਤਾਂ ਸੀ ਕਿ ਉਹ ਗਲੀਆਂ ਪੱਕੀਆਂ ਬਨਾਵਣ ਦੀ ਕੋਸ਼ਿਸ਼ ਕਰਕੇ ਇਸ ਔਕੜ ਦਾ ਹੱਲ ਕਰਦਾ, ਪਰ ਉਹ ਹਕੂਮਤ ਦੇ ਮਦ ਵਿਚ ਵੱਧ ਘੱਟ ਬੋਲਣ ਲਗ ਪਿਆ। ਪਾਸ ਖੜੇ ਆਦਮੀਆਂ ਨੇ ਉਸ ਨੂੰ ਬਥੇਰਾ ਸਮਝਾਇਆ ਕਿ ਅੱਜ ਖਾਸ ਕਾਰਣ ਹੈ, ਆਮ ਤੌਰ ਤੇ ਇਸ ਤਰ੍ਹਾਂ ਦਾ ਚਿੱਕੜ ਕਦੇ ਨਹੀਂ ਹੋਇਆ, ਤੁਹਾਨੂੰ ਵੀ ਇਥੇ ਆਇਆਂ ਸਾਲ ਤੋਂ ਉਪਰ ਹੋ ਗਿਆ ਹੈ, ਅਗੇ ਕਦੇ ਸ਼ਿਕਾ-ਇਤ ਨਹੀਂ ਹੋਈ, ਪਰ ਤਹਿਸੀਲਦਾਰ ਹਵਾਈ ਘੋੜੇ ਤੇ ਸਵਾਰ ਸੀ, ਉਸ ਨੇ ਕੋਈ ਗੱਲ ਨਾ ਸੁਣੀ ਤੇ ਉੱਚੀਆਂ ਨੀਵੀਆਂ ਗੱਲਾਂ ਕਰਦਾ ਅਗੇ ਲੰਘ ਗਿਆ। ਥੋੜੀ ਹੀ ਦੂਰ ਗਿਆ ਸੀ ਕਿ ਅਗੋਂ ਊਠ ਆਉਂਦੇ ਮਿਲੇ, ਜਿਨ੍ਹਾਂ ਦੇ ਗਲਾਂ ਵਿਚ ਟੱਲ ਸਨ, ਉਨ੍ਹਾਂ ਦਾ ਖੜਕਾਰ ਸੁਣਕੇ ਘੋੜਾ ਤ੍ਰਬ੍ਹਕਿਆ, ਤਸੀਲਦਾਰ ਆਪਣੇ ਆਪ ਨੂੰ ਨਾ ਸੰਭਾਲ ਸਕਿਆ, ਹੇਠ ਡਿਗ ਪਿਆ, ਲੱਤ ਟੁੱਟ ਗਈ ਤੇ ਹੋਰ ਸੱਟਾਂ ਭੀ ਕਾਫ਼ੀ ਲਗੀਆਂ। ਸੋ ਮੰਜੇ ਤੇ ਪਾਕੇ ਘਰ ਲੈ ਗਏ। ਸ਼ਹਿਰ ਵਿਚ ਉਸ ਦੇ ਡਿੱਗਣ ਬਾਬਤ ਕਈ ਤਰ੍ਹਾਂ ਦੀਆਂ ਗੱਲਾਂ ਤੁਰ ਪਈਆਂ।

ਤਹਿਸੀਲਦਾਰ ਦਾ ਇਲਾਜ ਹੋਣ ਲੱਗਾ, ਚੋਟਾਂ ਤਕੜੀਆਂ ਸਨ, ਉਮਰ ਵਡੇਰੀ ਸੀ, ਜਿਸ ਤੋਂ ਆਰਾਮ ਦੀ ਕੋਈ ਸੂਰਤ ਨਹੀਂ ਦਿੱਸਦੀ ਸੀ। ਹੁਣ ਉਸਨੂੰ ਖਿਆਲ ਆਇਆ ਕਿ ਮੈਂ ਸੰਤਾਂ ਦੀ ਬੜੀ ਅਵਗਜਾ ਕੀਤੀ ਹੈ, ਸੋ ਦਵਾ ਦੇ ਨਾਲ ਉਨ੍ਹਾਂ ਦੀ ਦੁਆ ਦੀ ਵੀ ਲੋੜ ਹੈ, ਮੰਜੀ ਚੁਕਵਾਕੇ ਭਾਈ ਸਾਹਿਬ ਦੇ ਡੇਰੇ ਗਿਆ। ਭਾਈ ਸਾਹਿਬ ਨੂੰ ਖਬਰ ਮਿਲੀ, ਉਹ ਬੇਪਰਵਾਹ ਤੇ ਨਿਰਵੈਰ ਸਨ; ਉਹਨਾਂ ਨੇ ਤਹਿਸੀਲਦਾਰ ਨੂੰ ਵੇਖਿਆ, ਉਹਦੀ ਅਰਜੋਈ ਸੁਣੀ ਤੇ ਕਹਿਣ ਲਗੇ 'ਦਵਾਈ ਕਰੋ ਤੇ ਧੰਨ ਬਾਬਾ ਨਾਨਕ ! ਧੰਨ ਬਾਬਾ ਨਾਨਕ !! ਆਖੀ ਜਾਓ, ਸਾਰੇ ਕੰਮ ਰਾਸ ਹੋ ਜਾਣਗੇ।' ਤਹਿਸੀਲਦਾਰ ਨੇ ਹੁਕਮ ਮੰਨ ਕੇ 'ਧੰਨ ਗੁਰ ਨਾਨਕ' ਕਹਿਣਾ ਆਰੰਭ ਦਿਤਾ। ਇਉਂ ਕਰਨ ਨਾਲ ਤਹਿਸੀਲਦਾਰ ਨੂੰ ਆਰਾਮ ਆ ਗਿਆ। ਫਿਰ ਉਹ ਨਿਤਾਪ੍ਰਤੀ ਭਾਈ ਸਾਹਿਬ ਦੇ

ਡੇਰੇ ਆ ਕੇ ਬਾਣੀ ਸੁਣਦਾ ਤੇ ਇਉਂ ਵਾਹਿਗੁਰੂ ਵਾਹਿਗੁਰੂ ਜਪਣ ਲਗ ਪਿਆ।

ਭਾਈ ਸਾਹਿਬ ਦੇ ਡੇਰੇ ਵਿਚ ਮੁਸਾਫਰਾਂ ਦੇ ਰਹਿਣ ਲਈ ਟਿਕਾਣਾ ਕਾਫੀ ਸੀ। ਛਕਣ ਲਈ ਪ੍ਰਸ਼ਾਦੇ, ਲੇਟਣ ਲਈ ਮੰਜੇ ਤੇ ਬਿਸਤਰਿਆਂ ਦੀ ਬੀ ਕੋਈ ਕਮੀ ਨਹੀਂ ਸੀ, ਇਸ ਲਈ ਪਿੰਡਾਂ ਦੇ ਕਾਰੀ ਵਿਹਾਰੀ ਤੇ ਮੁਕੱਦਮਿਆਂ ਵਾਲੇ ਜਿਹੜੇ ਭੇਰੇ ਆਉਂਦੇ ਸਨ ਉਹਨਾਂ ਦਾ ਕਾਫੀ ਹਿੱਸਾ ਇਸੇ ਡੇਰੇ ਆਣਕੇ ਠਹਿਰਿਆ ਕਰਦਾ ਸੀ। ਤਹਿਸੀਲ-ਦਾਰ ਨੂੰ ਗੁਰਦਵਾਰੇ ਆਉਂਦਾ ਵੇਖ ਮੁਕੱਦਮਿਆਂ ਵਾਲਿਆਂ ਸਿਫਾਰਸ਼ਾਂ ਲਈ ਭਾਈ ਸਾਹਿਬ ਅਗੇ ਬੇਨਤੀਆਂ ਕਰਨੀਆਂ ਸ਼ੁਰੂ ਕੀਤੀਆਂ। ਭਾਈ ਸਾਹਿਬ ਡਾਢੇ ਗੋਰਖ ਧੰਦੇ ਵਿਚ ਫਸ ਗਏ। ਤਹਿਸੀਲਦਾਰ ਆਪਣੇ ਆਤਮਕ ਲਾਭ ਲਈ ਆਇਆ ਕਰਦਾ ਸੀ, ਉਹ ਸੁਖੀ ਹੋ ਰਿਹਾ ਸੀ, ਭਾਈ ਸਾਹਿਬ ਆਪਣੇ ਆਪ ਵਿਚ ਉੱਕਾ ਹੀ ਨਿਰਚਾਹ ਸਨ। ਲੋਕਾਂ ਦੀਆਂ ਸਫਾਰਸ਼ਾਂ ਲਈ ਤਹਿਸੀਲਦਾਰ ਨੂੰ ਕਹਿਣਾ ਆਪ ਜੀ ਦੇ ਕੋਮਲ ਹਿਰਦੇ ਤੇ ਭਾਰੀ ਬੋਝ ਸੀ, ਕਿਸੇ ਨਾਲ ਅਨਜਾਯ ਕਰਨਾ ਉਹ ਨਹੀਂ ਚਾਹੁੰਦੇ ਸਨ। ਮੁਕੱਦਮਿਆਂ ਦੇ ਖਖੇੜਿਆਂ ਤੋਂ ਤੰਗ ਪੈ ਗਏ ਤੇ ਇਕ ਦਿਨ ਤਹਿਸੀਲਦਾਰ ਨੂੰ ਸੱਦ ਕੇ ਉਨ੍ਹਾਂ ਦਿਲ ਦੀ ਸਾਰੀ ਹਾਲਤ ਦੱਸੀ। ਤਹਿਸੀਲਦਾਰ ਨੂੰ ਡਰ ਪੈ ਗਿਆ ਕਿ ਮਤਾਂ ਭਾਈ ਸਾਹਿਬ ਮੈਨੂੰ ਇਥੇ ਆਉਣੋਂ ਵਰਜ ਦੇਣ। ਇਸ ਕਾਰਨ ਝੱਟ ਉਸ ਨੇ ਭਾਈ ਸਾਹਿਬ ਦੇ ਚਰਨ ਫੜ ਲਏ ਤੇ ਅੱਖਾਂ ਵਿਚੋਂ ਫਰਨ ਫਰਨ ਜਲ ਜਾਣ ਲਗ ਪਿਆ।

ਭਾਈ ਸਾਹਿਬ ਉਸਦੀ ਇਹ ਹਾਲਤ ਵੇਖ ਕੇ ਦ੍ਰਵ ਗਏ ਤੇ ਕਹਿਣ ਲਗੇ ਕਿ ਅਗੇ ਨੂੰ ਗੁਰਦਵਾਰੇ ਸਵੇਰੇ ਤਿੰਨ ਵਜੇ ਆ ਕੇ ਪੰਜ ਵਜੇ ਵਾਪਸ ਚਲੇ ਜਾਇਆ ਕਰੋ ਅਤੇ ਆਪਣੀ ਅਦਾਲਤ ਵਿਚ ਇਨਸਾਫ ਤੇ ਪੂਰਾ ਕੰਡੇ ਤੁਲਵਾਂ ਇਨਸਾਫ ਕਰਿਆ ਕਰਨਾ। ਰਾਜੇ ਲਈ ਨਜਾਯ ਦੀ ਚੁਲੀ (ਸਪਥ) ਹੈ, ਗਰੀਬ ਮਾਰੀ ਨਹੀਂ ਕਰਨੀ, ਕਿਸੇ ਦੇ ਲਿਹਾਜ਼ ਮੁਲਾਹਜ਼ੇ ਵਿਚ ਪੈਕੇ ਸੱਚ ਨੂੰ ਨਹੀਂ ਛੱਡਣਾ, ਵੱਢੀ

ਨਹੀਂ ਲੈਣੀ ਤੇ ਵਾਹਿਗੁਰੂ ਵਾਹਿਗੁਰੂ ਜਪ ਜਨਮ ਸਵਾਰਨਾ। ਤਹਿਸੀਲਦਾਰ ਇਸੇ ਤਰ੍ਹਾਂ ਕਰਦਾ ਰਿਹਾ ਤੇ ਗੂੜ੍ਹੇ ਰੰਗ ਵਿਚ ਰੰਗਿਆ ਗਿਆ।

੧੩. ਗੁਣ ਕਰਮ–

ਆਪ ਬੜੇ ਧੀਰ ਗੰਭੀਰ ਤੇ ਸ਼ਾਂਤ ਸਰੂਪ ਸਨ ਤੇ ਸਹਿਨ ਸ਼ੀਲਤਾ ਦੇ ਪੁਤਲੇ ਸਨ। ਰਹਿਣੀ ਬਹਿਣੀ ਅਤਿ ਸਾਦੀ ਸੀ ਤੇ ਸੇਵਾ ਦਾ ਚਾਉ ਬੇਅੰਤ ਸੀ। ਡੇਰੇ ਵਿਚ ਆਏ ਗਏ ਯਾਤਰੂ ਦੀ ਸੇਵਾ ਆਪ ਹੱਥੀਂ ਕਰਦੇ ਸਨ। ਮੰਜੇ ਡਾਹਕੇ ਬਿਸਤਰੇ ਕਰਦੇ ਤੇ ਆਪਣੀ ਹਥੀਂ ਪ੍ਰਸ਼ਾਦ ਛਕਾਉਂਦੇ ਸਨ। ਡੇਰੇ ਵਿਚ ਨਵਾਂ ਆਇਆ ਯਾਤਰੂ ਭਾਈ ਸਾਹਿਬ ਨੂੰ ਇਿੰਵ ਸੇਵਾ ਵਿਚ ਲਗਿਆਂ ਵੇਖ ਇਹ ਨਹੀਂ ਸਮਝ ਸਕਦਾ ਸੀ ਕਿ ਆਪ ਡੇਰੇ ਦੇ ਮਹੰਤ ਤੇ ਇਤਨੇ ਸਤਿਕਾਰ ਯੋਗ ਸਨ।

ਆਪ ਜੀ ਦਾ ਦਿਲ ਬੜਾ ਨਰਮ ਤੇ ਸੁਭਾਉ ਬੜਾ ਕੋਮਲ ਸੀ। ਦੁਖੀ ਗਰੀਬ ਤੇ ਭੁੱਖੇ ਨੰਗੇ ਦੇ ਕਸ਼ਟ ਸੁਣਕੇ ਆਪ ਦ੍ਰਵ ਜਾਂਦੇ ਸਨ ਤੇ ਉਨ੍ਹਾਂ ਦੀਆਂ ਹਾਜਤਾਂ ਤੇ ਲੋੜਾਂ ਪੂਰੀਆਂ ਕਰਨ ਲੱਗਿਆਂ ਕਈ ਵੇਰ ਆਪ ਨੂੰ ਅਨੇਕ ਤਰ੍ਹਾਂ ਦੀਆਂ ਖੇਚਲਾਂ ਸਹਾਰਨੀਆਂ ਪੈਂਦੀਆਂ ਸਨ।

ਜਦ ਕੋਈ ਯਾਚਕ ਆਉਂਦਾ ਉਹ ਕਹਿੰਦੇ ਸਨ ਕਿ ਇਹ ਗੁਰੂ ਨਾਨਕ ਦੇ ਦਰਬਾਰ ਹਾਜ਼ਰ ਹੋਇਆ ਹੈ, ਜੇ ਇਸ ਸੁਹਣਿਆਂ ਦੇ ਸੁਲਤਾਨ ਦੇ ਦਰੋਂ ਆ ਕੇ ਖਾਲੀ ਗਿਆ ਤਦ ਹੋਰ ਕਿਥੋਂ ਇਹਦੀਆਂ ਥੁੜਾਂ ਪੂਰੀਆਂ ਹੋਣਗੀਆਂ ? ਗੁਰਦਵਾਰੇ ਵਿਚ ਜੋ ਕੁਛ ਹੈ; ਉਹ ਬਾਬੇ ਦਾ ਹੈ, ਅਸੀਂ ਤਾਂ ਅਮੀਨ ਹਾਂ, ਖ਼ਜ਼ਾਨਚੀ ਹਾਂ। ਜਿਵੇਂ ਖ਼ਜ਼ਾਨਚੀ ਖਜ਼ਾਨੇ ਵਿਚੋਂ ਰੁਪਯਾ ਦਿੰਦਿਆਂ ਜ਼ਰਾ ਜਿੰਨੀ ਵੀ ਖਿੱਚ ਨਹੀਂ ਖਾਂਦਾ, ਤਿਵੇਂ ਬਾਬੇ ਦਾ ਧਨ ਜੇ ਬਾਬੇ ਦੀ ਸ਼ਰਨ ਆਇਆਂ ਨੂੰ ਨਾ ਦਿਤਾ ਜਾਏ, ਤਦ ਹੋਰ ਕਿਸ ਨੂੰ ਮਿਲੇਗਾ ?

ਪਰਮਾਰਥ ਵਿਚ ਬੀ ਹਰ ਜਗਯਾਸੂ ਦੀ ਭੁੱਲ ਕੱਢਕੇ ਉਸ ਨੂੰ ਆਪ ਜਦ ਰਾਹੇ ਪਾ ਲੈਂਦੇ ਤੇ ਉਹ ਮਿਹਰ ਦਾ ਯਾਚਕ ਹੋ ਖੜੋਂਦਾ ਤਾਂ ਆਪ ਪਿਆਰ ਨਾਲ ਉਸ ਨੂੰ ਉਸ ਕਮਰੇ ਵਲ ਲੈ ਜਾਂਦੇ; ਜਿਸ ਵਿਚ

ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਇਆ ਹੋਇਆ ਹੁੰਦਾ ਸੀ। ਉਥੇ ਜਾਕੇ ਕਿਹਾ ਕਰਦੇ:–'ਇਹ ਨੀ ਸੱਚੇ ਪਾਤਸ਼ਾਹ ਬਖਸ਼ਣ ਵਾਲੇ, ਇਨ੍ਹਾਂ ਦੀ ਚਰਨੀਂ ਲਗ ਜਾਹ, ਬਖਸ਼ਿਆ ਜਾਏਂਗਾ, ਮੈਂ ਤਾਂ ਗ਼ਰੀਬ ਕੰਗਲਾ ਇਨ੍ਹਾਂ ਦਾ ਟਹਿਲੂਆ ਹਾਂ, ਮੈਂ ਬਖਸ਼ਣ ਜੋਗ ਕੌਣ ਹਾਂ ? ਇਹ ਹੀ ਬਖਸ਼ਣਹਾਰ ਹਨ।' ਭਾਈ ਸਾਹਿਬ ਨੇ ਇਉਂ ਜਗਜਾਸੂ ਨੂੰ ਬਾਣੀ ਦੇ ਪਾਠ ਵਿਚ ਲਾ ਦੇਣਾ ਤੇ ਗੁਰੂ ਚਰਨਾਂ ਦਾ ਪ੍ਰੇਮੀ ਸਿਖ ਬਣਾ ਦੇਣਾ। ਜਦੋਂ ਪ੍ਰੇਮੀ ਹੋਰ ਘਾਲੀ ਹੋ ਜਾਵੇ ਤਾਂ ਨਾਮ ਵਿਚ ਲਾ ਦੇਣਾ।

**੧੪. ਬੀਰਤਾ ਦੀ ਕਣੀ ਤੇ ਅਗੰਮ ਵਾਚਣਾ–**

ਡੇਰੇ ਦੇ ਲੰਗਰ ਵਾਸਤੇ ਫਸਲ ਦੇ ਮੌਕੇ ਤੇ ਅਨਾਜ ਇਕੱਠਾ ਖਰੀਦਿਆ ਜਾਂਦਾ ਸੀ ਤੇ ਜੇ ਥੁੜ ਜਾਏ ਤਾਂ ਸੰਤ ਜੀ ਲਾਗੇ ਦੀ ਕਿਸੇ ਮੰਡੀ ਤੋਂ ਮੰਗਵਾ ਲਿਆ ਕਰਦੇ ਸਨ।

ਇਕ ਵੇਰ ਆਪ ਜੀ ਨੂੰ ਕਣਕ ਦੀ ਲੋੜ ਪੈ ਗਈ,ਭਾਈ ਨਿਧਾਨ ਸਿੰਘ ਜੀ ਲਾਂਗਰੀ ਨੂੰ ਸੱਦਿਆ, ੨੦) ਦਿੱਤੇ ਤੇ ਕਿਹਾ ਕਿ ਪਿੰਡ ਹਰੀਏ ਜਾਕੇ ਕਣਕ ਲੈ ਆਓ। ਨਿਧਾਨ ਸਿੰਘ ਨੇ ਰੁਪਏ ਲੱਕ ਨਾਲ ਬੱਧੇ ਤੇ ਹਰੀਏ ਵਲ ਤੁਰ ਪਿਆ। ਉਨ੍ਹਾਂ ਦਿਨਾਂ ਵਿਚ ਸਫ਼ਰ ਸੁਖਾਲੇ ਨਹੀਂ ਸਨ ਹੁੰਦੇ, ਥਾਂ ਥਾਂ ਤੇ ਚੋਰ ਉਚੱਕੇ ਤੇ ਡਾਕੂਆਂ ਦਾ ਡਰ ਹੁੰਦਾ ਸੀ। ਇਕੱਲੇ ਦੁਕੱਲੇ ਦਾ ੧੦-੨੦ ਕੋਹ ਸਹੀ ਸਲਾਮਤ ਕਿਤੇ ਆ ਜਾ ਸਕਣਾ ਭਾਗਾਂ ਦੀ ਹੀ ਗੱਲ ਸਮਝੀ ਜਾਂਦੀ ਸੀ। ਭਾਈ ਨਿਧਾਨ ਸਿੰਘ ਜੀ ਨੂੰ ਬੀ ਰਾਹ ਵਿਚ ਚੋਰ ਆ ਮਿਲੇ ਤੇ ਕਿਹਾ ਕਿ ਜੋ ਕੁਛ ਤੇਰੇ ਪਾਸ ਹੈ ਧਰ ਦੇਹ। ਭਾਈ ਨਿਧਾਨ ਸਿੰਘ ਨੇ ਦੇਣ ਤੋਂ ਨਾਂਹ ਕਰ ਦਿਤੀ। ਚੋਰ ਚਾਰ ਪੰਜ ਸਨ ਉਨ੍ਹਾਂ ਨੇ ਨਾਲੇ ਤਾਂ ਰੁਪਏ ਖੋਹ ਲਏ ਤੇ ਨਾਲੇ ਮਾਰ ਕੁਟਾਈ ਕੀਤੀ। ਨਿਧਾਨ ਸਿੰਘ ਵਾਪਸ ਮੁੜ ਆਇਆ। ਜਦੋਂ ਡੇਰੇ ਆਇਆ ਤਾਂ ਅਗੇ ਭਾਈ ਬੁੱਧੂ ਸਾਹਿਬ ਬੈਠੇ ਸਨ, ਨਿਧਾਨ ਸਿੰਘ ਨੂੰ ਦੂਰੋਂ ਵੇਖਕੇ ਆਪ ਹੱਸ ਪਏ ਤੇ ਨਿਧਾਨ ਸਿੰਘ ਦੇ ਪਾਸ ਪੁੱਜਣ ਤਕ ਹੱਸਦੇ ਰਹੇ। ਨਿਧਾਨ ਸਿੰਘ ਉਨ੍ਹਾਂ ਨੂੰ ਹਸਦਿਆਂ ਵੇਖਕੇ ਰੋਣ ਲੱਗਾ।

ਭਾਈ ਸਾਹਿਬ ਨੇ ਡੇਰੇ ਦੇ ਇਕ ਸੰਤ ਨੂੰ ਕਿਹਾ ਕਿ ਭਾਈ ਨਿਧਾਨ ਸਿੰਘ ਦੋ ਦਿਨਾਂ ਦਾ ਭੁੱਖਾ ਹੈ ਇਹਨੂੰ ਲੈ ਜਾਓ ਤੇ ਪ੍ਰਸ਼ਾਦ ਛਕਾਓ। ਭਾਈ ਸਾਹਿਬ ਨੂੰ ਇੰਜ ਹੱਸਦਿਆਂ ਵੇਖਕੇ ਸਾਰੇ ਹੈਰਾਨ ਸਨ। ਜਦ ਨਿਧਾਨ ਸਿੰਘ ਨੇ ਪ੍ਰਸ਼ਾਦ ਛਕ ਲਿਆ ਤਦ ਭਾਈ ਬੁੱਧੂ ਸਾਹਿਬ ਜੀ ਪਾਸ ਆਇਆ। ਉਹਨੂੰ ਵੇਖਕੇ ਭਾਈ ਸਾਹਿਬ ਫਿਰ ਹੱਸ ਪਏ। ਡੇਰੇ ਦੇ ਸੰਤ ਪਾਸ ਬੈਠੇ ਸਨ, ਉਨ੍ਹਾਂ ਪੁਛਿਆ ਕਿ ਮਹਾਰਾਜ ਅੱਜ ਹਾਸੇ ਦਾ ਕੀ ਕਾਰਨ ਹੈ? ਆਪ ਨੇ ਮੁਸਕ੍ਰਾਕੇ ਭਾਈ ਨਿਧਾਨ ਸਿੰਘ ਵਲ ਵੇਖਿਆ ਤੇ ਕਿਹਾ ਕਿ ਇਸ ਨੂੰ ਖੁਹਾਣ ਦੀ ਵੀ ਜਾਚ ਨਹੀਂ ਆਈ। ਜੇ ਚੋਰ ਆਏ ਸਨ ਤਦ ਜਾਂ ਤਾਂ ਸੂਰਮੇਂ ਗੁਰੂ ਦੇ ਸਿੰਘਾਂ ਵਾਲਾ ਕੰਮ ਕਰਦਾ, ਉਨ੍ਹਾਂ ਦੇ ਹੱਥ ਵੇਖਦਾ ਤੇ ਆਪਣੇ ਵਿਖਾਉਂਦਾ, ਇਸ ਗੱਲ ਦਾ ਕੁਛ ਸ੍ਵਾਦ ਆਉਂਦਾ, ਜੇ ਇੰਜ ਨਹੀਂ ਕੀਤਾ ਸੀ ਤਦ ਉਨ੍ਹਾਂ ਦੇ ਮੰਗਣ ਤੇ ਮਾਯਾ ਗੁਰੂ ਕੀ ਤੇ ਉਨ੍ਹਾਂ ਨੂੰ ਲੋੜਵੰਦ ਸਮਝਕੇ ਚੁਪ ਚਾਪ ਰਕਮ ਉਨ੍ਹਾਂ ਦੇ ਹਵਾਲੇ ਕਰ ਦੇਂਦਾ, ਮਾਰ ਖਾਣ ਤੇ ਹੱਡੀਆਂ ਭਨਾਉਣ ਦੀ ਕੀਹ ਲੋੜ ਸੀ। ਨਾਲੇ ਪੈਸੇ ਬੀ ਗਏ; ਨਾਲੇ ਮਾਰ ਬੀ ਖਾਧੀ। ਜਿਸ ਵੇਲੇ ਡੇਰੇ ਦਿਆਂ ਸੇਵਾਦਾਰਾਂ ਨੇ ਭਾਈ ਨਿਧਾਨ ਸਿੰਘ ਤੋਂ ਸਾਰੀ ਵਿਥਜਾ ਸੁਣੀ ਤਦ ਭਾਈ ਬੁੱਧੂ ਸਾਹਿਬ ਦੀ ਬੀਰਤਾ ਦੀ ਕਣੀ, ਸੰਤਤਾਈ ਤੇ ਅਗੰਮ ਵਾਚਣ ਪਰ ਸਤਿਕਾਰ ਨਾਲ ਭਰ ਗਏ।

### ੧੫. ਗ਼ਰੀਬਾਂ ਦੀ ਸਹਾਇਤਾ–

ਡੇਰੇ ਵਿਚ ਗਾਂਧੀਆਂ ਦੇ ਘਰਾਣੇ ਦਾ ਇਕ ਗ਼ਰੀਬ ਪਰਿਵਾਰ ਆਇਆ ਤੇ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ! ਸਿਰ ਲੁਕਾਉਣ ਨੂੰ ਘਰ ਨਹੀਂ, ਬੜੇ ਦੁਖੀ ਹਾਂ, ਸਰਦੀਆਂ ਆ ਰਹੀਆਂ ਹਨ, ਰਹਿਣ ਲਈ ਕੋਈ ਥਾਂ ਦੇਵੋ। ਭਾਈ ਸਾਹਿਬ 'ਵਾਹਿਗੁਰ' 'ਵਾਹਿਗੁਰੂ' ਕਹਿੰਦੇ ਉਠੇ, ਉਸ ਪਰਿਵਾਰ ਨੂੰ ਨਾਲ ਲਿਆ ਤੇ ਅੰਦਰ ਉਸ ਕਮਰੇ ਵਿਚ ਜਾ ਵੜੇ, ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋ ਰਿਹਾ ਸੀ। ਆਪ ਜਾਕੇ ਹਜ਼ੂਰੀ ਵਿਚ ਹਥ ਜੋੜਕੇ ਲੇਟ ਗਏ ਤੇ ਉਨ੍ਹਾਂ ਨੂੰ ਕਹਿਣ ਲਗੇ:–

'ਸੁਣੋ ਸਜਣੋ ! ਦੇਖੋ: ਸੱਚੇ ਪਾਤਸ਼ਾਹ ਇਹ ਹਨ, ਇਨ੍ਹਾਂ ਦੀ ਚਰਨੀਂ ਡਿੱਗ ਪਓ, ਮੈਂ ਕੰਗਲੇ ਪਾਸ ਕੀ ਹੈ ਜੋ ਤੁਹਾਨੂੰ ਦੇਵਾਂ, ਮੈਂ ਤਾਂ ਇਸ ਦਰ ਦਾ ਆਪ ਮੰਗਤਾ ਹਾਂ।' ਉਸ ਪਰਿਵਾਰ ਨੇ ਮੱਥਾ ਟੇਕਿਆ ਤੇ ਫਿਰ ਆਪ ਉਨ੍ਹਾਂ ਨੂੰ ਨਾਲ ਲੈ ਕੇ ਗੁਰਦਵਾਰੇ ਦੇ ਬਾਹਰ ਵਾਰ ਇਕ ਜ਼ਮੀਨ ਤੇ ਲੈ ਗਏ। ਇਹ ਜ਼ਮੀਨ ਗੁਰਦਵਾਰੇ ਦੀ ਮਲਕੀਅਤ ਸੀ। ਆਪ ਨੇ ਇਨ੍ਹਾਂ ਨੂੰ ਇਸ ਜ਼ਮੀਨ ਤੇ ਨਿਸ਼ਾਨ ਲਾ ਦਿਤਾ ਤੇ ਉਥੇ ਕੋਠੇ ਬਣਵਾ ਦੇਣ ਦਾ ਉੱਦਮ ਕਰ ਦਿਤਾ।

ਉਸ ਟਿਕਾਣੇ ਦੇ ਨਾਲ ਇਕ ਧਨੀ ਦਾ ਘਰ ਸੀ, ਜਦ ਉਸ ਨੇ ਉਥੇ ਮਕਾਨ ਬਣਨ ਦੀ ਖਬਰ ਸੁਣੀ, ਤਦ ਤਰਖਾਣਾਂ ਨੂੰ ਉਠਾ ਦਿਤਾ ਤੇ ਮਜ਼ਦੂਰਾਂ ਨੂੰ ਬੁਰਾ ਭਲਾ ਕਹਿਕੇ ਹਟਾ ਦਿਤਾ। ਭਾਈ ਸਾਹਿਬ ਦੇ ਪਾਸ ਗਾਂਧੀ ਫਰਿਆਦੀ ਹੋਏ ਕਿ ਗੁਆਂਢੀ ਧਨੀ ਨੇ ਆਪ ਦੇ ਆਦਮੀਆਂ ਨੂੰ ਮਕਾਨ ਬਨਾਉਣੋਂ ਰੋਕ ਦਿਤਾ ਹੈ। ਆਪ ਦੇ ਪੁੱਛਣ ਤੇ ਉਸ ਧਨੀ ਨੇ ਕਿਹਾ ਕਿ ਮੇਰੇ ਗਡੇ ਇਥੇ ਆਕੇ ਠਹਿਰਦੇ ਹਨ, ਜੇ ਮਕਾਨ ਬਣ ਗਏ ਤਦ ਗਡੇ ਨਹੀਂ ਠਹਿਰ ਸਕਣਗੇ। ਭਾਈ ਸਾਹਿਬ ਨੇ ਕਿਹਾ ਜ਼ਮੀਨ ਗੁਰਦੁਵਾਰੇ ਦੀ ਹੈ ਤੁਹਾਨੂੰ ਇਹਦੇ ਵਿਚ ਦਖਲ ਨਹੀਂ ਦੇਣਾ ਚਾਹੀਦਾ, ਪਰ ਉਹ ਇਸ ਗਲ ਤੇ ਅੜ ਗਿਆ ਕਿ ਮੈਂ ਇਨ੍ਹਾਂ ਨੂੰ ਇਥੇ ਮਕਾਨ ਨਹੀਂ ਬਨਾਉਣ ਦੇਵਾਂਗਾ। ਭਾਈ ਸਾਹਿਬ ਨੇ ਦੱਸਿਆ ਕਿ ਇਹ ਗ਼ਰੀਬ ਹਨ, ਲੋੜਵੰਦ ਹਨ, ਹਿੰਦੂ ਭਰਾ ਹਨ, ਨਿੱਕਾ ਨਿੱਕਾ ਬਾਲ ਬੱਚਾ ਹੈ ਸਰਦੀ ਸਿਰ ਤੇ ਆ ਰਹੀ ਹੈ,ਤੈਨੂੰ ਇਨ੍ਹਾਂ ਦੀ ਸਹਾਇਤਾ ਕਰਨੀ ਚਾਹੀਦੀ ਹੈ। ਜੇ ਤੂੰ ਸਹਾਇਤਾ ਨਹੀਂ ਕਰ ਸਕਦਾ ਤਦ ਇਨ੍ਹਾਂ ਦੇ ਕੰਮ ਵਿਚ ਰੁਕਾਵਟ ਤਾਂ ਨਾ ਪਾ। ਉਹ ਹੰਕਾਰ ਵਿਚ ਆ ਕੇ ਕਹਿਣ ਲਗਾ, ਮੈਂ ਇਹਦੇ ਪਿੱਛੇ ਆਪਣੇ ਵਪਾਰ ਨੂੰ ਤਾਂ ਨਹੀਂ ਬਰਬਾਦ ਕਰ ਲੈਣਾ। ਭਾਈ ਸਾਹਿਬ ਦੇ ਮੂੰਹ ਤੋਂ ਸੁਭਾਵਕ ਨਿਕਲ ਗਿਆ 'ਭਾਈ ਨੇਕੀ ਦੀ ਨੈਂ ਨਹੀਂ ਰੋਕੀ ਦੀ। ਵਪਾਰ ਨੇਕੀ ਦੀ ਮਦਦ ਕੀਤਿਆਂ ਟੁਰਦੇ ਹਨ। ਇਸ ਨੇਕੀ ਦੇ ਰਾਹ ਵਿਚ ਰੋੜਾ ਨਾ ਅਟਕਾ, ਜੇ ਅਟਕ ਪਾਏਂਗਾ ਤਾਂ ਵਿਹਾਰ ਅਟਕ ਖਲੋਵੇਗਾ, ਬਦੀ ਆਪਣੇ ਪੈਰ ਆਪ

ਕੁਹਾੜਾ ਹੁੰਦੀ ਹਈ।'

ਇਹ ਕਹਿਕੇ ਭਾਈ ਸਾਹਿਬ ਚੁਪ ਕਰਕੇ ਡੇਰੇ ਆ ਗਏ। ਉਸ ਧਨੀ ਨਾਲ ਬੀ ਆਪ ਨੇ ਚਾਹੇ ਜ਼ਿਮੀਂ ਗੁਰਦੁਆਰੇ ਦੀ ਸੀ, ਕੋਈ ਰੇੜਕਾ ਨਾ ਪਾਇਆ ਤੇ ਹੋਰ ਥਾਂ ਉੱਦਮ ਕਰਕੇ ਉਨ੍ਹਾਂ ਗਰੀਬਾਂ ਨੂੰ ਜ਼ਿਮੀਂ ਦਾ ਪ੍ਰਬੰਧ ਕਰਕੇ ਕੋਠੇ ਪੁਆ ਦਿੱਤੇ। ਥੋੜੇ ਦਿਨਾਂ ਪਿਛੋਂ ਹੀ ਕੋਈ ਅਜਿਹਾ ਭਾਣਾ ਵਰਤਿਆ ਕਿ ਉਸ ਧਨੀ ਦਾ ਵਪਾਰ ਬੰਦ ਹੋ ਗਿਆ ਤੇ ਓਹ ਗਾਂਧੀ ਦਿਨਾਂ ਵਿਚ ਹੀ ਗੁਰੂ ਮਿਹਰ ਹੇਠ ਇੰਨੇ ਫਲੇ ਫੁਲੇ ਕਿ ਭੇਰੇ ਵਿਚ ਉਨ੍ਹਾਂ ਦਾ ਸਾਨੀ ਕੋਈ ਨਹੀ ਸੀ ਜਾਪਦਾ।

**੧੬. ਸਫ਼ੈਦਪੋਸ਼ਾਂ ਦੀ ਸਹਾਇਤਾ—**

ਭਾਈ ਸਾਹਿਬ ਬੜੇ ਉਪਕਾਰੀ ਸੇ, ਦੂਜਿਆਂ ਦੇ ਦੁਖਾਂ ਤੇ ਤਕਲੀਫਾਂ ਨੂੰ ਨਹੀਂ ਵੇਖ ਸਕਦੇ ਸੇ। ਜੋ ਬੀ ਗੁਰਦਵਾਰੇ ਹਾਜਤਮੰਦ ਆਉਂਦਾ ਨਿਰਾਸ ਨਹੀਂ ਜਾਂਦਾ ਸੀ। ਆਪ ਨੂੰ ਬਾਹਰ ਆਉਣ ਜਾਣ ਸਮੇਂ ਜਿਥੇ ਕੋਈ ਲੋੜਵੰਦ ਨਜ਼ਰੀਂ ਪੈਂਦਾ ਉਹਦੀ ਵਾਂਛਤ ਚੀਜ਼ ਉਥੇ ਹੀ ਪੁਚਾ ਦੇਂਦੇ ਸਨ। ਸਫ਼ੈਦਪੋਸ਼ ਲੋੜਵੰਦਾਂ ਦਾ ਆਪ ਨੂੰ ਖਾਸ ਖਿਆਲ ਰਹਿੰਦਾ ਸੀ। ਰਾਤ ਦੇ ਹਨੇਰੇ ਵਿਚ ਆਪ ਕਪੜੇ, ਅਨਾਜ ਤੇ ਨਕਦੀ ਇਕ ਸੇਵਾਦਾਰ ਨੂੰ ਚੁਕਾਕੇ ਡੇਰੇ ਵਿਚੋਂ ਤੁਰ ਪੈਂਦੇ। ਸਫ਼ੈਦਪੋਸ਼ਾਂ ਦੇ ਘਰੀਂ ਜਾ ਕੇ ਉਹਨਾਂ ਦੇ ਵਿਹੜਿਆਂ ਵਿਚ ਚੁਪ ਚੁਪਾਤੇ ਚੀਜ਼ਾਂ ਰੱਖਕੇ ਤੁਰ ਆਉਂਦੇ। ਇਸ ਗਲ ਵਿਚ ਇੰਨਾ ਲੁਕਾ ਰਖਦੇ ਕਿ ਘਰ ਵਾਲਿਆਂ ਤਕ ਨੂੰ ਵੀ ਇਸ ਗਲ ਦੀ ਖਬਰ ਨਾ ਹੁੰਦੀ ਕਿ ਇਹ ਪਦਾਰਥ ਕੌਣ ਰੱਖ ਗਿਆ ਹੈ ਤੇ ਕਿਸ ਵੇਲੇ ਰੱਖ ਗਿਆ ਹੈ। ਸਵੇਰੇ ਜਦ ਘਰ ਵਾਲੇ ਜਾਗਦੇ ਤਾਂ ਲੋੜੀਂਦੀਆਂ ਵਸਤਾਂ ਵਿਹੜੇ ਵਿਚ ਪਈਆਂ ਵੇਖਕੇ ਹੈਰਾਨ ਹੋ ਜਾਂਦੇ। ਅੰਤ ਇਹ ਗਲ ਸਭ ਨੂੰ ਹੌਲੀ ਹੌਲੀ ਪਤਾ ਲਗ ਹੀ ਗਈ ਕਿ ਇਹ ਮਿਹਰ ਭਾਈ ਸਾਹਿਬ ਭਾਈ ਬੁੱਧੂ ਸਾਹਿਬ ਜੀ ਦੀ ਹੈ, ਜੋ ਸਭ ਦੇ ਪੜਦੇ ਢਕ ਰਹੇ ਹਨ। ਇਸੇ ਤਰ੍ਹਾਂ ਨਾਲ ਤੀਵੀਆਂ ਦੀ ਰਾਹੀਂ ਪਿੰਡ ਦੀਆਂ ਵਿਧਵਾ ਇਸਤ੍ਰੀਆਂ

ਦੀ ਪਾਲਣਾ ਪੋਖਣਾ ਹੁੰਦੀ ਰਹਿੰਦੀ ਸੀ। ਡੇਰੇ ਵਿਚ ਇਕ ਸੇਵਾਦਾਰ ਨੂੰ ਵੈਦਿਕ ਸਿਖਾ ਰੱਖੀ ਸੀ। ਹਿੰਦੂ, ਮੁਸਲਮਾਨ ਤੇ ਸਿਖ ਕੋਈ ਆਵੇ ਦਵਾਈ ਮੁਫ਼ਤ ਮਿਲਦੀ ਸੀ, ਵੈਦ ਜੀ ਲੋਕਾਂ ਦੇ ਘਰੀਂ ਜਾ ਕੇ ਰੋਗੀ ਨੂੰ ਵੇਖਦੇ ਤਦ ਬੀ ਕੁਛ ਨਹੀਂ ਲੈਂਦੇ ਸਨ, ਸ਼ਬਦ, ਕੀਰਤਨ, ਨਾਮ ਤੇ ਗੁਰਇਤਿਹਾਸ ਦੇ ਪ੍ਰਵਾਹ ਦਾ **ਤਾਂ** ਅਤੁਟ ਲੰਗਰ ਚਲ ਹੀ ਰਿਹਾ ਸੀ। ਆਪਦਾ ਡੇਰਾ ਨਗਰ ਵਾਸੀਆਂ ਵਾਸਤੇ ਇਕ ਦੇਵੀ ਨਿਆਮਤ ਦਾ ਭੰਡਾਰ ਸੀ। ਜਿਸ ਤੋਂ ਕਿ ਲੋਕਾਂ ਦੇ ਅਰਥ ਤੇ ਪਰਮਾਰਥ ਦੋਹਾਂ ਦੀ ਸਿੱਧੀ ਤੇ ਸਰੀਰਕ ਤੇ ਆਤਮਕ ਰੋਗਾਂ ਦੀ ਨਵਿਰਤੀ ਹੁੰਦੀ ਸੀ।

### ੧੭. ਅਭਜਾਗਤ ਦੇ ਮਾਲ ਦੀ ਰਾਖੀ–

ਇਕ ਵਪਾਰੀ ਘਿਉ ਦੇ ਕੁੱਪੇ ਲੈਕੇ ਵੇਚਣ ਆਇਆ, ਚੋਰ ਵੀ ਉਹਦੇ ਪਿੱਛੇ ਪਿੱਛੇ ਤੁਰ ਪਏ। ਰਾਹ ਵਿਚ ਉਹਨਾਂ ਨੇ ਉਸ ਨੂੰ ਲੁਟਣ ਦੇ ਬੜੇ ਵਲ ਛਲ ਕੀਤੇ, ਪਰ ਉਨ੍ਹਾਂ ਦੀ ਕੋਈ ਪੇਸ਼ ਨਾ ਗਈ। ਰਾਤ ਨੂੰ ਵਪਾਰੀ ਭਾਈ ਬੁੱਧੂ ਸਾਹਿਬ ਦੇ ਡੇਰੇ ਆ ਠਹਿਰਿਆ। ਹਨੇਰਾ ਹੋ ਜਾਣ ਤੇ ਚੋਰ ਵੀ ਉਸੇ ਗੁਰਦੁਆਰੇ ਆ ਪੁੱਜੇ। ਅੱਧੀ ਰਾਤ ਅੱਗੇ ਸੀ ਤੇ ਅੱਧੀ ਪਿੱਛੇ। ਵਪਾਰੀ ਘੂਕ ਨੀਂਦਰ ਵਿਚ ਸੁੱਤਾ ਹੋਇਆ ਸੀ ਚੋਰਾਂ ਨੇ ਉਠਕੇ ਕੁੱਪਿਆਂ ਦੇ ਗਲਾਂ ਵਿਚ ਰੱਸੇ ਪਾ ਦਿਤੇ, ਆਪ ਕੁਛ ਹਟਕੇ ਜਾ ਬੈਠੇ ਤੇ ਲਗੇ ਹੌਲੀ ਹੌਲੀ ਕੁੱਪਿਆਂ ਨੂੰ ਆਪਣੇ ਵਲ ਘਸੀਟਣ। ਭਾਈ ਬੁੱਧੂ ਸਾਹਿਬ ਜਾਗਦੇ ਸਨ, ਗਾਫਲ ਵਪਾਰੀ ਦਾ ਨੁਕਸਾਨ ਨਾ ਸਹਾਰ ਸਕੇ, ਚੁਪ ਚੁਪਾਤੇ ਉਠੇ ਤੇ ਉਠ ਕੇ ਕੁੱਪਿਆਂ ਦੇ ਗਲਾਂ ਦੇ ਰੱਸੇ ਖੋਹਲ ਦਿਤੇ। ਭਾਈ ਸਾਹਿਬ ਦੀ ਮਨਸ਼ਾ ਇਹ ਸੀ ਕਿ ਚੋਰ ਇਹ ਸਮਝ ਲੈਣ ਕਿ ਡੇਰੇ ਵਿਚ ਕੋਈ ਜਾਗਦਾ ਹੈ, ਜਿਸ ਨੇ ਰੱਸੇ ਖੋਹਲੇ ਹਨ ਤੇ ਫਿਰ ਚੁਪ ਚਾਪ ਚਲੇ ਜਾਣ। ਚੋਰਾਂ ਨੇ ਉਲਟੀ ਗਲ ਸਮਝੀ ਕਿ ਰੱਸਿਆਂ ਦਾ ਗਲਮਾ ਢਿੱਲਾ ਰਹਿ ਗਿਆ ਸੀ, ਇਸ ਕਰਕੇ ਉਹਨਾਂ ਦੇ ਮੂੰਹ ਵਿਚੋਂ ਨਿਕਲ ਗਿਆ ਹੈ। ਉਹ ਲੇਟ ਲੇਟਕੇ ਫਿਰ ਕੁੱਪਿਆਂ ਦੇ ਪਾਸ ਪੁੱਜੇ ਤੇ ਪਹਿਲੇ ਵਾਂਗ ਰੱਸਿਆਂ ਨੂੰ ਕੁੱਪਿਆਂ ਦੇ ਗਲੇ ਵਿਚ


www.sikhbookclub.com

ਪਾਕੇ ਚੰਗੀ ਤਰ੍ਹਾਂ ਬੰਨ੍ਹ ਕੇ ਫੇਰ ਪਹਿਲੇ ਵਾਂਗ ਦੂਰ ਜਾ ਬੈਠੇ, ਤਾਂਕਿ ਕੁੱਪਿਆਂ ਨੂੰ ਖਿੱਚਣ। ਜਦ ਉਨ੍ਹਾਂ ਰੱਸੇ ਖਿੱਚੇ, ਤਦ ਫਿਰ ਰੱਸੇ ਉਸੇ ਤਰ੍ਹਾਂ ਖਾਲੀ ਦੇ ਖਾਲੀ ਉਨ੍ਹਾਂ ਦੇ ਪਾਸ ਆ ਗਏ। ਚੋਰ ਹੈਰਾਨ ਹੋਏ ਕਿ ਇਹ ਕੀ ਭਾਣਾ ਵਰਤ ਰਿਹਾ ਹੈ,ਡੇਰੇ ਦੇ ਸਾਰੇ ਆਦਮੀ ਸੁੱਤੇ ਹੋਏ ਹਨ, ਕੋਈ ਜਾਗ ਨਹੀਂ ਰਿਹਾ, ਕੁੱਪਿਆਂ ਪਾਸ ਕੋਈ ਆਉਂਦਾ ਨਹੀਂ ਦਿੱਸਦਾ, ਇਹ ਕਿਸ ਤਰ੍ਹਾਂ ਰੱਸੇ ਖੁੱਲ੍ਹ ਜਾਂਦੇ ਹਨ! ਇਕ ਵਾਰ ਫਿਰ ਕੁੱਪਿਆਂ ਪਾਸ ਪੁੱਜੇ ਤੇ ਉਨ੍ਹਾਂ ਦੇ ਗਲਾਂ ਵਿਚ ਰੱਸੇ ਪਾਏ ਤੇ ਉਨ੍ਹਾਂ ਨੂੰ ਬੜੀ ਚੌਕਸਤਾਈ ਨਾਲ ਬੰਨ੍ਹਿਆਂ, ਪਰ ਖਿੱਚਣ ਤੇ ਫਿਰ ਰਸੇ ਖਾਲੀ ਆਏ। ਹੁਣ ਉਨ੍ਹਾਂ ਨੇ ਕੁੱਪੇ ਚੁੱਕਕੇ ਤੁਰਨ ਦੀ ਗੋਂਦ ਗੁੰਦੀ। ਭਾਈ ਬੁੱਧੂ ਸਾਹਿਬ ਨੇ ਸਮਝ ਲਿਆ ਕਿ ਇਹ ਇੰਜ ਟਲਣ ਵਾਲੀਆਂ ਸੂਰਤਾਂ ਨਹੀਂ, ਤਦ ਉਨ੍ਹਾਂ ਨੇ ਉੱਚੀ ਉੱਚੀ ਇਹ ਪੜ੍ਹਨਾ ਸ਼ੁਰੂ ਕੀਤਾ :-

ਸਾਧੋ ਇਹ ਕੁੱਪੇ ਘੜੀ ਦੇ ਮਹਿਮਾਨ।
ਇਹ ਸਰੀਰ ਕੁੱਪਾ ਘੜੀ ਦਾ ਮਹਿਮਾਨ।

ਸ਼ਾਹ ਵਪਾਰੀ ਇਹ ਵਾਕ ਸੁਣਕੇ ਜਾਗ ਪਿਆ ਤੇ ਉਹ ਆਪਣੇ ਕੁੱਪੇ ਵੇਖਣ ਉਠਿਆ, ਚੋਰ ਇਸ ਨੂੰ ਉਠਦਿਆਂ ਵੇਖ ਨੱਠ ਗਏ ਤੇ ਵਪਾਰੀ ਨੁਕਸਾਨ ਤੋਂ ਬਚ ਗਿਆ।

### ੧੮. ਖਿਆਨਤੀ ਦਾ ਸੁਧਾਰ-

ਇਕ ਵੇਰ ਭਾਈ ਸਾਹਿਬ ਪਾਸ ਇਕ ਆਦਮੀ ਆਇਆ।ਉਸਨੇ ੧੦੦) ਰੁਪਯਾ ਅਮਾਨਤ ਰਖਿਆ। ਭਾਈ ਸਾਹਿਬ ਜੀ ਨੇ ਆਪਣੇ ਇਕ ਸੇਵਕ ਨੂੰ ਉਹਦੇ ਸਾਹਮਣੇ ਰੁਪਏ ਦਿਤੇ ਤੇ ਕਿਹਾ ਕਿ ਅਮਕੀ ਜਗ੍ਹਾ ਤੇ ਰਖ ਦਿਓ, ਜਦ ਇਹ ਆਣਕੇ ਮੰਗੇ ਇਸਨੂੰ ਦੇ ਦੇਣੇ। ਦੋ ਚਾਰ ਦਿਨ ਪਿਛੋਂ ਉਹ ਆਦਮੀ ਆਇਆ ਤੇ ਨਜ਼ਰ ਬਚਾਕੇ ਬਿਨਾਂ ਕਿਸੇ ਤਰ੍ਹਾਂ ਦੀ ਇਤਲਾਹ ਦਿੱਤੇ ਦੇ ਰੁਪਏ ਚੁੱਕਕੇ ਲੈ ਗਿਆ। ਡੇਰੇ ਵਿਚ ਕਿਸੇ ਨੂੰ ਖ਼ਬਰ ਨਾ ਲੱਗੀ। ਕੁਛ ਦਿਨਾਂ ਪਿਛੋਂ ਉਹ ਆਦਮੀ ਫਿਰ ਸੰਤਾਂ ਪਾਸ ਆਇਆ ਤੇ ਰੁਪਏ ਮੰਗੇ। ਸੇਵਾਦਾਰ ਨੇ ਅੰਦਰ ਜਾਕੇ

ਵੇਖਿਆ ਤੇ ਰੁਪਏ ਨਾ ਮਿਲੇ; ਹੋਰ ਸੇਵਾਦਾਰਾਂ ਤੋਂ ਪੁੱਛ ਕੀਤੀ, ਸਾਰਿਆਂ ਨੇ ਬੇਖ਼ਬਰੀ ਦੱਸੀ। ਸੰਤ ਆਪ ਅੰਦਰ ਗਏ, ਉਨ੍ਹਾਂ ਜਾਕੇ ਕੋਠੜੀ ਫੋਲੀ, ਪਰ ਰੁਪਏ ਹੋਣ ਤਾਂ ਮਿਲਣ, ਮਿਲਣ ਕਿਥੋਂ ?

ਭਾਈ ਬੁੱਧੂ ਸਾਹਿਬ ਨੇ ਉਸ ਆਦਮੀ ਨੂੰ ਕਿਹਾ, ਰੁਪਏ ਅੰਦਰ ਰਖੇ ਸਨ, ਹੁਣ ਅੰਦਰ ਨਹੀਂ, ਕਿਸੇ ਲੋੜਵੰਦ ਨੇ ਵਰਤ ਲਏ ਹਨ। ਤੁਸੀਂ ਕੱਲ੍ਹ ਆਣਕੇ ਆਪਣੀ ਰਕਮ ਲੈ ਜਾਣੀ। ਉਹ ਆਦਮੀ ਦੂਜੇ ਦਿਨ ਆਯਾ, ਭਾਈ ਸਾਹਿਬ ਨੇ ਰਕਮ ਗਿਣਕੇ ਉਹਦੇ ਹਵਾਲੇ ਕੀਤੀ ਤੇ ਉਹ ਰੁਪਏ ਲੈਕੇ ਘਰ ਆ ਗਿਆ। ਰਾਤੀਂ ਸੁੱਤੇ ਨੂੰ ਬੜੇ ਭਿਆਨਕ ਸੁਪਨੇ ਦਿੱਸੇ, ਜਿਨ੍ਹਾਂ ਵਿਚ ਇਨ੍ਹਾਂ ਰੁਪਿਆਂ ਦੇ ਗ੍ਰਹਿਣ ਕਰਨ ਦੇ ਕਾਰਨ ਡਰ ਮਿਲੇ। ਇਹ ਰਾਤੀਂ ਮੰਜੇ ਤੇ ਬੜਾ ਬੜਾ ਉਠੇ। ਘਰ ਵਾਲੀ ਨੇ ਤੌਖਲੇ ਵਿਚ ਪੁੱਛਿਆ ਕਿ ਕੀ ਗਲ ਹੈ ? ਉਸ ਨੇ ਰੁਪਏ ਅਮਾਨਤ ਰੱਖਕੇ ਚੁਰਾ ਲਿਆਉਣੇ ਤੇ ਫਿਰ ਜਾਕੇ ਦੂਜੀ ਵਾਰ ਰਕਮ ਲਿਆਉਣ ਦੀ ਗਲ ਦੱਸੀ ਤੇ ਦੱਸਿਆ ਕਿ ਸੁਪਨੇ ਵਿਚ ਮੈਨੂੰ ਬੜਾ ਕਸ਼ਟ ਮਿਲ ਰਿਹਾ ਹੈ। ਉਹਦੀ ਜ਼ਨਾਨੀ ਨੇ ਉਸ ਨੂੰ ਝਾੜ ਪਾਈ ਤਾਂ ਫਿਰ ਉਸ ਨੇ ੧੦੦) ਇਹ ਤੇ ੫੦) ਪਾਸੋਂ ਪਾ ਕੇ ਜਾ ਸੰਤਾਂ ਅਗੇ ਮੱਥਾ ਟੇਕ ਨੱਕ ਰਗੜੇ ਤੇ ਮਾਫੀ ਮੰਗੀ। ਭਾਈ ਸਾਹਿਬ ਨੇ ਉਸ ਨੂੰ ਕਿਹਾ ਕਿ ਨੱਕ ਰਗੜਨ ਤੇ ਮਾਫੀ ਮੰਗਣੀ ਹੈ ਤਾਂ ਗੁਰੂ ਬਾਬੇ ਦੀ ਚਰਨੀ ਲਗੋ। ਸ੍ਰੀ ਗੁਰੂ ਜੀ ਦੀ ਸ਼ਰਨ ਪਾ ਕੇ ਸੰਤਾਂ ਨੇ ਉਸ ਨੂੰ ਭੁੱਲ ਬਖਸ਼ ਦਿਤੀ ਤੇ ਉਹ ਘਰ ਆ ਕੇ ਸੁਖੀ ਵੱਸਣ ਲਗੇ।

### ੧੯. ਕਠੋਰ ਡੋਗਰੇ ਦਾ ਸੁਧਾਰ–

ਭਾਈ ਬੁੱਧੂ ਸਾਹਿਬ ਜੀ ਕਿਤੇ ਬਾਹਰ ਜਾ ਰਹੇ ਸੀ ਕਿ ਰਾਹ ਵਿਚ ਡੋਗਰਿਆਂ ਦਾ ਇਕ ਆਦਮੀ ਮਿਲ ਗਿਆ। ਇਹ ੨੫-੨੬ ਸਾਲ ਦਾ ਜਵਾਨ ਸੀ। ਪਾਸ ਅਸਬਾਬ ਸੀ,ਪੈਂਡਾ ਚੋਖਾ ਕਰਕੇ ਥੱਕਾ ਹੋਇਆ ਸੀ, ਉਸ ਨੇ ਭਾਈ ਸਾਹਿਬ ਨੂੰ ਵਗਾਰੀ ਫੜ ਲਿਆ ਤੇ ਬਹੁਤ ਸਾਰਾ ਭਾਰ ਇਨ੍ਹਾਂ ਦੇ ਸਿਰ ਤੇ ਰੱਖ ਦਿਤਾ, ਆਪ ਨੇ ਨਾਂਹ ਨੁਕਰ ਨਾ ਕੀਤੀ

ਤੇ ਅਸਬਾਬ ਚੁਕ ਕੇ ਟੁਰ ਪਏ। ਭਾਈ ਸਾਹਿਬ ਦਾ ਸਰੀਰ ਢਿੱਲਾ ਸੀ, ਕੁਛ ਉਂਜ ਵੀ ਨਿਰਬਲ ਸਨ, ਅਵਸਥਾ ਬੀ ਬੁਢੇਪੇ ਦੀ ਸੀ ਤੇ ਭਾਰ ਬੀ ਜ਼ਿਆਦਾ ਸੀ, ਇਸ ਕਰਕੇ ਡੋਗਰੇ ਦੇ ਨਾਲ ਨਾ ਚੱਲ ਸਕੇ।ਉਸ ਨੇ ਇਕ ਦੋ ਵੇਰ ਭਾਈ ਸਾਹਿਬ ਨੂੰ ਛੇਤੀ ਛੇਤੀ ਤੁਰਨ ਵਾਸਤੇ ਕਿਹਾ, ਪਰ ਜਦ ਵੇਖਿਆ ਕਿ ਭਾਈ ਸਾਹਿਬ ਉਸ ਨਾਲ ਨਹੀਂ ਚੱਲ ਸਕਦੇ, ਤਦ ਹੱਥ ਦਾ ਡੰਡਾ ਜ਼ੋਰ ਨਾਲ ਭਾਈ ਸਾਹਿਬ ਨੂੰ ਮਾਰਿਆ। ਇਸ ਸੱਟ ਨਾਲ ਆਪ ਬੇਹੋਸ਼ ਹੋ ਕੇ ਡਿੱਗ ਪਏ। ਇਸ ਵੇਲੇ ਕਈ ਰਾਹ ਗੁਜ਼ਰੂ ਕੱਠੇ ਹੋ ਗਏ। ਇਨ੍ਹਾਂ ਵਿਚੋਂ ਕਈਆਂ ਨੇ ਆਪ ਨੂੰ ਸਿਆਣ ਲਿਆ ਤੇ ਗੁੱਸੇ ਵਿਚ ਆ ਕੇ ਡੋਗਰੇ ਨੂੰ ਫੜ ਲਿਆ ਤੇ ਡੇਰੇ ਖਬਰ ਘੱਲੀ। ਭਾਈ ਵੀਰੂ ਜੀ ਤੇ ਹੋਰ ਸੇਵਕ ਨੱਠੇ ਹੋਏ ਆਏ। ਆ ਕੇ ਮੂੰਹ ਤੇ ਪਾਣੀ ਦੇ ਛੱਟੇ ਮਾਰੇ; ਘੁੱਟਿਆ, ਦੱਬਿਆ, ਪੱਟਾਂ ਤੇ ਲਿਤਾੜ ਦਿਤੀ ਤਾਂ ਹੋਸ਼ ਪਰਤੀ। ਫੇਰ ਭਾਈ ਸਾਹਿਬ ਨੂੰ ਦੁੱਧ ਪਿਲਾਇਆ। ਹੁਣ ਭੀੜ ਬਹੁਤ ਹੋ ਗਈ ਸੀ। ਕਈ ਦਿਲਚਲੇ ਡੋਗਰੇ ਨੂੰ ਧਉਲ ਧੱਪਾ ਬੀ ਕਰ ਰਹੇ ਸਨ। ਭਾਈ ਸਾਹਿਬ ਨੇ ਹੋਸ਼ ਸੰਭਾਲਦਿਆਂ ਹੀ ਡੋਗਰੇ ਨੂੰ ਮਾਰ ਤੋਂ ਛੁੜਾ ਦਿਤਾ ਤੇ ਕਿਹਾ ਇਹ ਵਿਚਾਰਾ ਥੱਕਿਆ ਹੋਇਆ ਸੀ, ਕਸੂਰ ਮੇਰਾ ਸੀ ਜੋ ਬਿਧ ਅਵਸਥਾ ਵਿਚ ਹੋਣ ਤੇ ਇਹਦੇ ਨਾਲ ਨਹੀਂ ਤੁਰ ਸਕਿਆ। ਹੋਰ ਦੇਖੋ ਭਾਈ ਬੁੱਧੂ ਸਾਹਿਬ ਦੀ ਨਿਰਵੈਰਤਾ ਦਾ ਕਮਾਲ ਕਿ ਇਸ ਅਪਰਾਧੀ ਨੂੰ ਆਪਣੇ ਡੇਰੇ ਤੋਂ ਇਕ ਘੋੜੀ ਮੰਗਾਕੇ ਦਿਤੀ ਤੇ ਉਸ ਉਤੇ ਉਹਦਾ ਸਾਮਾਨ ਲਦਵਾ ਦਿਤਾ। ਡੋਗਰਾ ਭਾਈ ਸਾਹਿਬ ਦੀ ਇਹ ਨਿੰਮ੍ਰਤਾ ਇਹ ਪਿਆਰ ਵੇਖ ਦ੍ਰਵ ਗਿਆ, ਆਪਣੀ ਕਠੋਰਤਾ ਤੇ ਨਿਰਦਜਤਾ ਤੇ ਪਸ਼ੇਮਾਨ ਹੋਇਆ। ਸਭ ਤੋਂ ਵਡਾ ਫਲ ਇਹ ਲਗਾ ਕਿ ਡੋਗਰਾ ਭਾਈ ਸਾਹਿਬ ਦੀ ਚਰਨੀਂ ਲਗਾ ਤੇ ਗੁਰੂ ਘਰ ਦਾ ਸਿਖ ਹੋ ਗਿਆ।

**੨੦. ਫੋੜੇ ਦੀ ਚੀਰਫਾੜ—**

ਭਾਈ ਸਾਹਿਬ ਦੀ ਪਿੱਠ ਤੇ ਮਾਸ ਖੋਰਾ ਫੋੜਾ ਹੋ ਗਿਆ। ਡੇਰੇ ਦੇ

ਸੇਵਕਾਂ ਨੇ ਨਾਈ ਸੱਦਿਆ। ਨਾਈ ਨੂੰ ਵੇਖ ਕੇ ਭਾਈ ਸਾਹਿਬ ਨੇ ਪੁੱਛਿਆ: ਇਹ ਕਿਉਂ ਆਇਆ ਹੈ? ਸੇਵਾਦਾਰ ਨੇ ਕਿਹਾ ਕਿ ਆਪ ਦੇ ਫੋੜੇ ਨੂੰ ਚੀਰਾ ਦੇਣਾ ਹੈ। ਭਾਈ ਸਾਹਿਬ ਨੇ ਪੁੱਛਿਆ ਕਿ ਚੀਰਾ ਦੇਣ ਦੀ ਕੀ ਲੋੜ ਹੈ? ਸੇਵਾਦਾਰਾਂ ਬਿਨੈ ਕੀਤੀ ਕਿ ਇਸ ਵਿਹੁਲੇ ਫੋੜੇ ਦੇ ਨਿਕਲਦਿਆਂ ਹੀ ਜੇ ਇਹਦੀ ਚੀਰ ਫਾੜ ਹੋ ਜਾਏ ਤਾਂ ਹੋ ਜਾਏ, ਨਹੀਂ ਤਾਂ ਇਹਦਾ ਜ਼ਹਿਰ ਤੇ ਜੜ੍ਹਾਂ ਬੜੀ ਛੇਤੀ ਖਿੱਲਰਕੇ ਮੌਤ ਦਾ ਕਾਰਨ ਬਣਦੀਆਂ ਹਨ, ਇਹ ਫੋੜਾ ਡਾਢਾ ਖ਼ਤਰਨਾਕ ਹੈ, ਇਹਦਾ ਚੀਰਾ ਛੇਤੀ ਹੋਣਾ ਚਾਹੀਦਾ ਹੈ। ਆਪ ਮੁਸਕਰਾ ਪਏ ਤੇ ਕਹਿਣ ਲਗੇ ਕਿਉਂ ਬਈ ਜਰਾਹ! ਤੇਰੇ ਪਾਸ ਕੋਈ ਮੌਤ ਦੀ ਦਵਾਈ ਹੈ? ਉਸ ਨੇ ਕਿਹਾ ਨਹੀਂ ਜੀ, ਤਦ ਭਾਈ ਸਾਹਿਬ ਨੇ ਡੇਰੇ ਦੇ ਸੇਵਕਾਂ ਨੂੰ ਕਿਹਾ ਕਿ ਹੁਣ ਸਾਡੇ ਦਿਨ ਪੁੱਗ ਗਏ ਹਨ, ਚੀਰ ਫਾੜ ਦੀ ਕੀ ਲੋੜ ਹੈ? ਸਿੱਖਾਂ ਨੇ ਕਿਹਾ ਨਹੀਂ ਜੀ ਇਲਾਜ ਤਾਂ ਜ਼ਰੂਰ ਕਰਨਾ ਚਾਹੀਦਾ ਹੈ। ਸੰਤਾਂ ਕਿਹਾ: ਅੱਛਾ; ਜਿਵੇਂ ਭਾਵੇ ਕਰ ਲਓ। ਨਾਈ ਨੇ ਕਿਹਾ, ਅੱਠ ਆਦਮੀ ਹੋਣੇ ਚਾਹੀਦੇ ਹਨ, ਜੋ ਇਹਨਾਂ ਨੂੰ ਫੜਕੇ ਲਿਟਾਈ ਰੱਖਣ, ਹਿੱਲਣ ਨਾਲ ਨੁਕਸਾਨ ਦਾ ਡਰ ਹੈ। ਭਾਈ ਸਾਹਿਬ ਸਫ ਤੇ ਲੇਟ ਗਏ ਤੇ ਕਹਿਣ ਲਗੇ ਲੈ ਜਿਵੇਂ ਤੇਰੀ ਪ੍ਰਸੰਨਤਾ ਹੈ ਕਰ ਲੈ। ਨਾਈ ਨੇ ਫੋੜਾ ਚੀਰਿਆ, ਵਿਚੋਂ ਬੜਾ ਗੰਦ ਮੰਦ ਨਿਕਲਿਆ ਜ਼ਖਮ ਕਈ ਇੰਚ ਡੂੰਘਾ ਤੇ ਲੰਮਾਂ ਚੌੜਾ ਸੀ ਪਰ ਭਾਈ ਸਾਹਿਬ ਪੱਥਰ ਦੇ ਬੁੱਤ ਵਾਂਗ ਚੁਪ ਚਾਪ ਪਏ ਰਹੇ, ਮੂੰਹ ਵਿਚੋਂ ਸੀ ਤੱਕ ਨਹੀਂ ਕੱਢੀ, ਵਾਹਿਗੁਰੂ ਸ਼ਬਦ ਦਾ ਜਾਪ ਜਾਰੀ ਸੀ। ਨਾਈ ਦੇਖਕੇ ਦੰਗ ਰਹਿ ਗਿਆ ਤੇ ਕਹਿਣ ਲੱਗਾ ਕਿ ਮੈਂ ਹਜ਼ਾਰਾਂ ਆਦਮੀਆਂ ਦੇ ਫੋੜੇ ਚੀਰੇ ਹਨ, ਪਰ ਅਜਿਹਾ ਹੌਂਸਲੇ ਵਾਲਾ ਮੈਂ ਕੋਈ ਨਹੀਂ ਡਿੱਠਾ। ਭਾਈ ਸਾਹਿਬ ਦੇ ਦੁਖ ਸੁਖ ਨੂੰ ਇਕ ਜਾਨਣ ਤੇ ਭਾਣਾ ਮੰਨਣ ਦੀ ਇਹ ਅਮਲੀ ਕਮਾਈ ਦੇਖਕੇ ਦੂਰ ਨੇੜੇ ਧੰਨ ਧੰਨ ਹੋਈ।

**੨੧. ਚਲਾਣਾ–**

ਆਪ ਦੀ ਪਿੱਠ ਦੇ ਫੋੜੇ ਨੂੰ ਚੀਰਾ ਦੇਣ ਵਾਸਤੇ ਜਦ ਨਾਈ ਆਂਦਾ

ਗਿਆ ਸੀ ਤਦ ਆਪ ਨੇ ਕਿਹਾ ਸੀ ਕਿ ਦਿਨ ਪੁੱਗ ਗਏ ਹਨ, ਇਸ ਨੂੰ ਸੱਦਣ ਦੀ ਲੋੜ ਨਹੀਂ, ਪਰ ਡੇਰੇ ਦੇ ਸੇਵਕਾਂ ਦੀ ਅਰਜ਼ੋਈ ਮੰਨਕੇ ਆਪ ਚੀਰਾ ਦਿਵਾਉਣਾ ਮੰਨ ਗਏ ਤੇ ਬੜੀ ਹੀ ਬੀਰਤਾ ਨਾਲ ਚੀਰਾ ਦਿਵਾਇਆ, ਪਰ ਫੋੜੇ ਨੂੰ ਆਰਾਮ ਨਾ ਆਇਆ, ਦਿਨੋ ਦਿਨ ਫੋੜੇ ਦੀ ਹਾਲਤ ਖਰਾਬ ਹੁੰਦੀ ਗਈ, ਪਰ ਭਾਈ ਸਾਹਿਬ ਜੀ ਦੇ ਚਿਹਰੇ ਤੇ ਇਕ ਖਾਸ ਤਰ੍ਹਾਂ ਦਾ ਨੂਰ ਚਮਕਣ ਲੱਗਾ। ਅੱਖਾਂ ਵਿਚ ਇਕ ਮਸਤੀ ਸੀ, ਮੱਥੇ ਤੇ ਜਲਾਲ ਸੀ ਜੋ ਵੇਖਣ ਵਾਲਿਆਂ ਨੂੰ ਮੋਂਹਦਾ ਸੀ, ਸਿਮਰਨ ਤੇ ਭਜਨ ਦੀ ਮਾਤ੍ਰਾ ਅਗੇ ਨਾਲੋਂ ਵਧ ਗਈ ਸੀ; ਹੁਕਮ ਦੇ ਦਿਤਾ ਕਿ ਸਿਵਾਏ 'ਵਾਹਿਗੁਰੂ' ਨਾਮ ਦੇ ਜਾਪ ਦੇ ਕੋਈ ਗੱਲ ਸਾਡੇ ਕੰਨੀਂ ਨਾ ਪਵੇ। ਡੇਰੇ ਵਿਚ ਅਖੰਡਪਾਠ ਹੋਣ ਲੱਗੇ, ਸ਼ਬਦ ਕੀਰਤਨ ਦਾ ਪ੍ਰਵਾਹ ਚੱਲ ਪਿਆ, ਲੰਗਰ ਦੋ ਵੇਲੇ ਅਗੇ ਜਾਰੀ ਸੀ, ਹੁਣ ਦਿਨ ਰਾਤ ਆਰੰਭ ਹੋ ਗਿਆ।

ਮਾਘ ਵਦੀ ਚਤੁਰਥੀ ਸੰਮਤ ੧੯੧੦ ਵਾਲੇ ਦਿਨ ਉਠ ਬੈਠੇ, ਪੰਜ ਇਸ਼ਨਾਨਾ ਕੀਤਾ, ਚੌਕੜਾ ਜਮਾਕੇ ਬੈਠ ਗਏ, ਬੜੇ ਪ੍ਰੇਮ ਤੇ ਉਤਸ਼ਾਹ ਨਾਲ ਜਪੁਜੀ ਸਾਹਿਬ ਦਾ ਪਾਠ ਕੀਤਾ, ਜਿਨ੍ਹਾਂ ਪਾਠ ਸੁਣਿਆਂ ਉਹ ਸਾਖ ਭਰਦੇ ਹਨ ਕਿ ਜਿਨ੍ਹਾਂ ਜਿਨ੍ਹਾਂ ਨੇ ਉਹ ਪਾਠ ਸੁਣਿਆਂ ਉਨ੍ਹਾਂ ਦੇ ਹਿਰਦੇ ਵਿਚ ਨਾਮ ਦਾ ਨਿਵਾਸ ਹੋਇਆ, ਭਜਨ ਦਾ ਰੰਗ ਚੜ੍ਹ ਗਿਆ। ਪਾਠ ਦੀ ਸਮਾਪਤੀ ਤੇ ਹੱਥ ਜੋੜਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਾਹਮਣੇ ਮੱਥਾ ਟੇਕਿਆ ਤੇ ਸਿਰ ਨਿਵਾਉਂਦਿਆਂ ਹੀ :-

ਜਿਉ ਜਲ ਮਹਿ ਜਲੁ ਆਇ ਖਟਾਨਾ ॥
ਤਿਉ ਜੋਤੀ ਸੰਗਿ ਜੋਤਿ ਸਮਾਨਾ ॥

[ਗਉ: ਸੁਖ: ਮ: ੫



 www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

***

# ਸੰਤ ਗਾਥਾ

---

## ੩. ਜੀਵਨ

## ਸ੍ਰੀ ਸੰਤ ਭਾਈ ਸਵਾਇਆ ਸਿੰਘ ਜੀ

ਪਿਛਲੇ ਸੌ ਸਾਲ ਵਿਚ ਜਿਨ੍ਹਾਂ ਗੁਰਮੁਖਾਂ ਨੇ ਇਸ ਧਰਤੀ ਤੇ ਜਨਮ ਲੈ ਕੇ ਆਪਣੀ ਕਰਨੀ ਤੇ ਕਰਤੂਤ ਦੇ ਨਾਲ ਸੰਗਤਾਂ ਵਿਚ ਨਾਮ ਬਾਣੀ ਤੇ ਸੇਵਾ ਦਾ ਚਾਉ ਉਤਪੰਨ ਕੀਤਾ ਸੁੱਤੀਆਂ ਰੂਹਾਂ ਨੂੰ ਜਗਾਇਆ ਤੇ ਔਝੜ ਜਾਂਦਿਆਂ ਨੂੰ ਗੁਰਸਿੱਖੀ ਦੇ ਮਾਰਗ ਪਾਇਆ, ਉਨ੍ਹਾਂ ਵਿਚੋਂ ਸ੍ਰੀ ਮਾਨ ਭਾਈ (ਸੰਤ) ਸਵਾਇਆ ਸਿੰਘ ਜੀ ਇਕ ਬਹੁਤ ਉੱਚੇ ਪਾਏ ਦੇ ਸੰਤ ਹੋਏ ਹਨ। ਅੰਮ੍ਰਿਤਸਰ ਵਿਚ ਆਪ 'ਛਬੀਲ ਵਾਲੇ ਬਾਬਾ ਜੀ' ਕਰਕੇ ਭੀ ਪ੍ਰਸਿੱਧ ਸਨ।

### ੧. ਜਨਮ ਤੇ ਅੰਮ੍ਰਿਤਸਰ ਵਾਸ–

ਆਪ ਦਾ ਜਨਮ ਗਾਗਾ ਨਾਮ ਦੇ ਪਿੰਡ ਵਿਚ ਹੋਇਆ। ਇਹ ਵਸੋਂ ਸ੍ਰੀ ਤਰਨ ਤਾਰਨ ਸਾਹਿਬ ਜੀ ਦੇ ਲਾਗੇ ਹੀ ਹੈ। ਆਪ ਜੀ ਦੇ ਪਿਤਾ ਦਿਲ ਦੇ ਨਿਰਛਲ, ਸੁਧ ਸੁਭਾਉ, ਨਾਮ ਬਾਣੀ ਦੇ ਪ੍ਰੇਮੀ ਤੇ ਸੰਤ ਮੂਰਤਿ ਸੇ। ਪਿੰਡ ਦੇ ਵਿਚ ਇਨ੍ਹਾਂ ਦਾ ਕੰਮ ਕਾਜ ਚੰਗਾ ਚਲਿਆ ਹੋਇਆ ਸੀ, ਨਿਰਬਾਹ ਅੱਛਾ ਹੋ ਰਿਹਾ ਸੀ, ਪਰ ਸ੍ਰੀ ਦਰਬਾਰ ਸਾਹਿਬ ਜੀ ਦੇ ਦਰਸ਼ਨਾਂ ਦੀ ਤਾਂਘ ਬੜੀ ਪ੍ਰਬਲ ਰਹਿੰਦੀ ਸੀ। ਮਹੀਨੇ ਦੇ

ਮਹੀਨੇ ਮੱਸਿਆ ਤੇ ਸ੍ਰੀ ਤਰਨ ਤਾਰਨ ਤੇ ਸ੍ਰੀ ਅੰਮ੍ਰਿਤਸਰ ਜੀ ਜ਼ਰੂਰ ਆਉਂਦੇ ਸਨ ਤੇ ਅੰਮ੍ਰਿਤਸਰ ਆਕੇ ਪੰਜ ਪੰਜ, ਸਤ ਸਤ ਤੇ ਅੱਠ ਅੱਠ ਦਿਨ ਠਹਿਰਦੇ ਹੁੰਦੇ ਸਨ। ਆਪ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਵਿਚ ਨਾਮ ਬਾਣੀ ਦੇ ਚਲ ਰਹੇ ਪ੍ਰਵਾਹ, ਵੰਡੀਜ ਰਹੀਆਂ ਅਰਸ਼ੀ ਦਾਤਾਂ, ਆਨੰਦੀ ਪ੍ਰਭਾਉ ਤੇ ਸ਼ਾਂਤਿ ਰਸ ਤੇ ਇਸ਼ਨਾਨ ਨਾਲ ਇਤਨੇ ਸਰਸ਼ਾਰ ਹੋ ਕੇ ਜਾਂਦੇ ਸਨ ਕਿ ਦੂਜੀ ਮੱਸਿਆ ਤਕ ਇਸ ਦਾ ਖੇੜੇ ਵਾਲਾ ਅਸਰ ਉਨ੍ਹਾਂ ਤੇ ਬਣਿਆ ਰਹਿੰਦਾ ਸੀ। ਕੁਛ ਚਿਰ ਇੰਜ ਨਿਰਬਾਹ ਤੁਰਦਾ ਰਿਹਾ, ਪਰ ਅੰਤ ਉਨ੍ਹਾਂ ਨੇ ਸ੍ਰੀ ਅੰਮ੍ਰਿਤਸਰ ਜੀ ਵਿਚ ਨਿਵਾਸ ਕਰਨ ਦੀ ਚਿਤ ਵਿਚ ਠਾਣ ਲਈ। ਸੋ ਭਾਈ ਸਵਾਇਆ ਸਿੰਘ ਜੀ ਦੀ ਆਯੂ ਅਜੇ ਛੋਟੀ ਹੀ ਸੀ ਕਿ ਆਪ ਸ੍ਰੀ ਅੰਮ੍ਰਿਤਸਰ ਜੀ ਆਪਣੇ ਪਿਤਾ ਨਾਲ ਆ ਗਏ। ਆਪ ਦੇ ਪਿਤਾ ਜੀ ਰਾਮਗੜ੍ਹੀਆਂ ਦੇ ਕਟੜੇ ਵਿਚ ਇਕ ਮਕਾਨ ਲੈ ਕੇ ਰਹਿਣ ਲਗੇ। ਭਾਈ ਸਵਾਇਆ ਸਿੰਘ ਜੀ ਨੇ ਜਦ ਹੋਸ਼ ਸੰਭਾਲੀ ਤਦ ਬਾਬਾ ਅਟੱਲ ਜੀ ਦੇ ਗੁਰਦਵਾਰੇ ਦੇ ਪਾਸ ਇਕ ਦੁਕਾਨ ਕਿਰਾਏ ਤੇ ਲੈ ਲਈ। ਇਥੇ 'ਦਿਲ ਯਾਰ ਵਲ ਤੇ ਹੱਥ ਕਾਰ ਵਲ' ਆਰੰਭਿਆ। ਸ੍ਰੀ ਦਰਬਾਰ ਸਾਹਿਬ ਜਾਣ ਵਾਲੇ ਕਈ ਪ੍ਰੇਮੀ ਇਨ੍ਹਾਂ ਦੀ ਦੁਕਾਨ ਤੇ ਜੁੱਤੀਆਂ ਰੱਖ ਜਾਇਆ ਕਰਦੇ ਸਨ। ਜਿਸ ਵੇਲੇ ਇਹ ਸੱਜਣ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਤੋਂ ਮੁੜਦੇ ਤਦ ਆਪ ਜੋੜੇ ਝਾੜਕੇ ਉਨ੍ਹਾਂ ਦੇ ਅਗੇ ਰਖਦੇ ਤੇ ਇਹ ਸੇਵਾ ਕਰਕੇ, ਆਪਣੇ ਧੰਨਜ ਭਾਗ ਜਾਣਦੇ।

## ੨. ਬੇਜ਼ੁਬਾਨਾਂ ਦੀ ਸੇਵਾ-

ਅੰਮ੍ਰਿਤਸਰ ਵਪਾਰ ਦੀ ਮੰਡੀ ਹੈ। ਇਲਾਕੇ ਵਿਚ ਹੋਈ ਫਸਲ ਇਥੇ ਹੀ ਵਿਕਣ ਲਈ ਆਉਂਦੀ ਹੈ। ਜਿਹੜੇ ਪਿੰਡ ਸੜਕਾਂ ਤੇ ਜਾਂ ਖੁਲ੍ਹੀਆਂ ਪਗਡੰਡੀਆਂ ਦੇ ਸਿਰਾਂ ਤੇ ਹਨ, ਉਥੋਂ ਦੀਆਂ ਜਿਨਸਾਂ ਤਾਂ ਗੱਡਿਆਂ ਤੇ ਲੱਦਕੇ ਜ਼ਿਮੀਂਦਾਰ ਤੇ ਵਪਾਰੀ ਲੈ ਆਉਂਦੇ ਹਨ, ਪਰ ਜਿਥੇ ਇਹ ਸੁਖੈਨਤਾ ਨਹੀਂ ਉਥੋਂ ਦੇ ਜ਼ਿਮੀਂਦਾਰ,ਖੋਤਿਆਂ,ਘੋੜਿਆਂ ਤੇ

ਖੱਚਰਾਂ ਤੇ ਲੱਦਕੇ ਮਾਲ ਲਿਆਉਂਦੇ ਹਨ। ਇਸ ਤਰ੍ਹਾਂ ਸੈਂਕੜੇ ਨਹੀਂ, ਹਜ਼ਾਰਾਂ ਦੀ ਗਿਣਤੀ ਵਿਚ ਨਿਤਾਪ੍ਰਤੀ ਪਸ਼ੂ ਸ਼ਹਿਰ ਵਿਚ ਆਉਂਦੇ ਹਨ। ਇਸ ਰੁੱਤੇ ਉਂਜ ਗਰਮੀ ਹੁੰਦੀ ਹੈ, ਦੂਜਾ ਸਫ਼ਰ ਜਾਨਵਰਾਂ ਨੂੰ ਪਾਣੀ ਖੁਣੋਂ ਵਿਆਕੁਲ ਕਰ ਦੇਂਦਾ ਹੈ। ਮਾਲਕ ਅਨਾਜ ਮੰਡੀ ਵਿਚ ਸੁੱਟਕੇ ਉਹਦੇ ਵੇਚਣ ਵਲ ਲੱਗ ਜਾਂਦੇ ਹਨ ਤੇ ਇਨ੍ਹਾਂ ਪਸ਼ੂਆਂ ਦੀ ਖ਼ਬਰਦਾਰੀ ਠੀਕ ਠੀਕ ਨਹੀਂ ਸੀ ਹੁੰਦੀ, ਪਰ ਭਾਈ ਸਵਾਇਆ ਸਿੰਘ ਜੀ ਇਨ੍ਹਾਂ ਦਿਨਾਂ ਵਿਚ ਇਨ੍ਹਾਂ ਪਸ਼ੂਆਂ ਨੂੰ ਠੰਢੇ ਤੇ ਨਿਰਮਲ ਜਲ ਛਕਾਉਂਦੇ ਫਿਰਦੇ ਦਿਖਾਈ ਦਿਤਾ ਕਰਦੇ ਸਨ। ਆਪ ਦੇ ਇਨ੍ਹਾਂ ਯਤਨਾਂ ਨੇ ਲੋਕਾਂ ਦੀ ਰੁਚੀ ਨੂੰ ਵੀ ਇਸੇ ਪਾਸੇ ਮੋੜਿਆ ਤੇ ਕਈ ਥਾਂਈਂ ਖੂਹਾਂ ਦੇ ਨਾਲ ਛੋਟੇ ਛੋਟੇ ਚੁਬੱਚੇ ਪਾਣੀ ਦੇ ਬਣ ਜਾਣ ਲੱਗੇ ਤੇ ਅਜਿਹੇ ਚੁਬੱਚੇ ਲਗ ਪਗ ਹਰ ਇਕ ਗਲੀ ਤੇ ਬਾਜ਼ਾਰ ਵਿਚ ਇਕ ਇਕ ਦੋ ਦੋ ਬਣ ਗਏ। ਹੁਣ ਉਨ੍ਹਾਂ ਵਿਚ ਮਿਊਨਿਸੀਪਲ ਕਮੇਟੀ ਦੇ ਨਲਕੇ ਲਗ ਗਏ ਹਨ, ਜਿਹੜੇ ਕਿ ਸੁਥਰਾ ਪਾਣੀ ਪਸ਼ੂਆਂ ਲਈ ਚੁਬੱਚਿਆਂ ਵਿਚ ਭਰਦੇ ਰਹਿੰਦੇ ਹਨ, ਪਰ ਉਸ ਸਮੇਂ ਬਜ਼ੁਬਾਨਾਂ ਦੀ ਇਸ ਪੀੜ ਨੂੰ ਆਪ ਨੇ ਹੀ ਪਛਾਣਿਆਂ ਤੇ ਉਸ ਦਾ ਸਦਕਾ ਅਜ ਪਸ਼ੂ ਸੁਖੀ ਹਨ। ਆਪ ਜੀ ਦੇ ਸੁਹਿਰਦ ਮਨ ਮ੍ਰਿਦੁਲ ਸੁਭਾਉ, ਵਿਸ਼ਾਲ ਚਿਤ, ਦਰਦ ਵਾਲੇ ਦਿਲ ਤੇ ਨਿਸ਼ਕਾਮ ਸੇਵਾ ਨੂੰ ਵੇਖਕੇ ਸ਼ਹਿਰ ਵਿਚ ਆਪ ਦਾ ਪਿਆਰ ਤੇ ਸਤਿਕਾਰ ਵਧ ਗਿਆ ਤੇ ਕਈ ਪ੍ਰੇਮੀ ਆਪਣੇ ਤਨ ਧਨ ਨੂੰ ਸਫਲਾ ਕਰਨ ਲਈ ਆਪ ਦੇ ਹੁਕਮ ਨਾਲ ਸੇਵਾ ਵਿਚ ਲਗ ਪਏ।

### ੩. ਚਾਟੀਵਿੰਡ ਦਰਵਾਜ਼ੇ ਪਾਸ ਖੂਹ ਤੇ ਟੂਟੀਆਂ–

ਅਨਾਜ ਦੀ ਮੰਡੀ ਚਾਟੀਵਿੰਡ ਦੇ ਦਰਵਾਜ਼ੇ ਵਾਲੇ ਪਾਸੇ ਲਗਦੀ ਹੈ। ਸ਼ਹਿਰ ਦੇ ਬਹੁਤ ਗੁੱਜਰ ਗਾਈਆਂ ਮਹੀਆਂ ਨੂੰ ਲੈਕੇ ਇਸ ਦਰਵਾਜੇ ਥਾਣੀਂ ਬਾਹਰ ਜਾਂਦੇ ਤੇ ਲੌਢੇ ਪਹਿਰ ਡੰਗਰਾਂ ਨੂੰ ਨਾਲ ਲੈਕੇ ਮੁੜਦੇ ਹਨ। ਤਰਨ ਤਾਰਨ ਦੇ ਮਾਝੇ ਵਿਚ ਜਾਣ ਵਾਲੇ ਯੱਕਿਆਂ ਆਦਿਕ ਦਾ ਅੱਡਾ ਬੀ ਇਹੋ ਹੀ ਸੀ ਤੇ ਸ਼ਮਸ਼ਾਨ ਭੂਮੀ ਵੀ ਇਸੇ ਦਰਵਾਜ਼ੇ ਦੇ

ਬਾਹਰ ਹੈ, ਇਸ ਕਰਕੇ ਆਪ ਨੇ ਚਾਟੀਵਿੰਡ ਦਰਵਾਜ਼ੇ ਤੋਂ ਬਾਹਰ ਇਕ ਖੂਹ ਬਣਵਾਇਆ, ਜਿਸ ਦੇ ਨਾਲ ਮਨੁੱਖਾਂ ਦੇ ਜਲ ਛਕਣ ਲਈ ਟੂਟੀਆਂ, ਪਸ਼ੂਆਂ ਦੇ ਪਾਣੀ ਪੀਣ ਲਈ ਲੰਮ ਸੁਲੰਮੇ ਚੁਬੱਚੇ ਬਣਵਾ ਦਿਤੇ। ਇਨ੍ਹਾਂ ਦੀ ਬਣਾਉਟ ਇਸ ਢੰਗ ਨਾਲ ਕਰਵਾਈ ਕਿ ਮਨੁੱਖਾਂ ਦੇ ਵਰਤਣ ਵਾਲਾ ਪਾਣੀ ਵੱਖਰਾ ਰਹੇ ਤੇ ਪਸ਼ੂਆਂ ਲਈ ਨਿਰਮਲ ਜਲ ਵੱਖਰਾ ਰਹੇ। ਆਪ ਦੀ ਨਿਗਰਾਨੀ ਤੇ ਉਤਸ਼ਾਹ ਵਿਚ ਬਣਿਆਂ ਇਹ ਖੂਹ ਹੁਣ ਤਕ ਮੌਜੂਦ ਹੈ, ਦਿਨ ਭਰ ਚਲਦਾ ਰਹਿੰਦਾ ਹੈ, ਤੇ ਹਜ਼ਾਰਾਂ ਮਨੁੱਖ ਪਸ਼ੂ ਪੰਛੀ ਇਸ ਤੋਂ ਲਾਭ ਉਠਾਉਂਦੇ ਹਨ।

ਨੜੋਇਆਂ ਤੇ ਆਏ ਲੋਕੀਂ ਪਹਿਲੋਂ ਤਲਾ ਤੇ ਨ੍ਹਾਉਂਦੇ ਸਨ, ਤਲਾ ਦਾ ਪਾਣੀ ਮੈਲਾ ਹੋ ਜਾਂਦਾ ਸੀ। ਜਦ ਤੋਂ ਇਹ ਖੂਹ ਤੇ ਟੂਟੀਆਂ ਬਣੀਆਂ ਹਨ ਸਭ ਲੋਕ ਤਾਜ਼ੇ ਤੇ ਸ੍ਵੱਛ ਜਲ ਨਾਲ ਏਥੇ ਨ੍ਹਾਉਂਦੇ ਹਨ। ਤਰਨ ਤਾਰਨ, ਗੋਇੰਦਵਾਲ ਤੇ ਮਾਝੇ ਮਾਲਵੇ ਨੂੰ ਜਾਣ ਵਾਲ ਯੱਕੇ, ਬਹਿਲਾਂ ਗੱਡਿਆਂ ਦੇ ਪਸ਼ੂਆਂ ਨੂੰ ਤੇ ਸਫ਼ਰ ਕਰਨ ਵਾਲੇ ਮਨੁੱਖਾਂ ਨੂੰ ਇਸ ਨਾਲ ਬਹੁਤ ਸੁਖ ਮਿਲਿਆ। ਇਹ ਖੂਹ ਤੇ ਸਾਰਾ ਸਾਮਾਨ ਹੁਣ ਤਕ ਜਾਰੀ ਹੈ ਤੇ ਇਸ ਦੇ ਨਾਲ ਹੀ ਆਪ ਦੀ ਗਊਸ਼ਾਲਾ ਹੈ।

## ੪. ਗਊਸ਼ਾਲਾ ਸੰਤ ਸਵਾਇਆ ਸਿੰਘ--

ਗੁਰੂ ਦੀ ਨਗਰੀ ਵਿਚ ਪਸ਼ੂ ਪੰਛੀਆਂ ਦੇ ਪਾਣੀ ਦੇ ਸੁਹਣੇ ਪ੍ਰਬੰਧ ਦੇ ਨਾਲ ਹੀ ਆਪ ਨੇ ਇਕ ਗਊਸ਼ਾਲਾ ਖੋਹਲੀ। ਤਦੋਂ ਹਿੰਦੂ ਗਊ-ਸ਼ਾਲਾ, ਜੋ ਮਗਰੋਂ ਖੁਲ੍ਹੀ ਹੈ, ਸ਼ਹਿਰ ਵਿਚ ਕੋਈ ਨਹੀਂ ਸੀ, ਗ਼ਾਲਬਨ ਸੰਤਾਂ ਦੀ ਗਊਸ਼ਾਲਾ ਤੋਂ ਇਹ ਖਿਆਲ ਟੁਰਿਆ ਸੀ। ਇਸ ਦਾ ਮੁੱਢ ਐਉਂ ਹੋਇਆ ਕਿ ਸ਼ਹਿਰ ਵਿਚ ਅਪਾਹਜ ਗਊਆਂ ਦੁਖੀ ਹੁੰਦੀਆਂ ਸਨ ਤੇ ਪਾਲਣਾ ਨਹੀਂ ਸੀ ਕੋਈ ਕਰਦਾ। ਸੰਤਾਂ ਨੇ ਬੀਮਾਰ, ਬੁੱਢੀਆਂ ਤੇ ਉਹ ਗਊਆਂ, ਜਿਨ੍ਹਾਂ ਦੇ ਦੁੱਧ ਸੁੱਕ ਜਾਣ ਦੇ ਕਾਰਨ ਮਾਲਕ ਪਾਲਣਾ ਨਹੀਂ ਕਰ ਸਕਦੇ ਸੀ, ਲੈਣੀਆਂ ਸ਼ੁਰੂ ਕੀਤੀਆਂ ਤੇ ਉਨ੍ਹਾਂ ਦੀ ਖ਼ੁਰਾਕ ਤੇ ਰੋਗਾਂ ਦੀ ਨਿਵਿਰਤੀ ਦਾ ਪ੍ਰਬੰਧ ਕੀਤਾ। ਐਸ ਵੱਲੋਂ ਇਸ

ਗਊਸ਼ਾਲਾ ਵਿਚ ੪੫੦ ਦੇ ਕਰੀਬ ਗਊਆਂ ਮੌਜੂਦ ਹਨ। ਆਪ ਜੀ ਦੀ ਇਸ ਕਾਇਮ ਕੀਤੀ ਗਊਸ਼ਾਲਾ ਨੂੰ ਵੇਖਕੇ ਸ਼ਹਿਰ ਵਿਚ ਹੁਣ ਕਈ ਗਊਸ਼ਾਲਾ ਖੁਲ੍ਹ ਗਈਆਂ ਹਨ, ਜਿਨ੍ਹਾਂ ਦੇ ਸਿਰਾਂ ਤੇ ਧਨੀ ਤੇ ਕਮੇਟੀਆਂ ਦਾ ਹੱਥ ਹੈ, ਪਰ ਬੀਮਾਰ ਤੇ ਬ੍ਰਿੱਧਾਂ ਗਊਆਂ ਦੀ ਪਾਲਣਾ ਦਾ ਜਿੰਨਾਂ ਸੁਹਣਾ ਇਥੋਂ ਦਾ ਪ੍ਰਬੰਧ ਹੈ ਬਹੁਤ ਘੱਟ ਗਊਸ਼ਾਲਾਂ ਵਿਚ ਦਿੱਸੇਗਾ। ਇਨ੍ਹਾਂ ਦੀ ਇਸ ਚਲਾਈ ਲਹਿਰ ਨਾਲ ਹਜ਼ਾਰਾਂ ਦੁਖੀ ਤੇ ਭੁੱਖੇ ਜੀਆਂ ਜੰਤਾਂ ਦੇ ਕਸ਼ਟ ਨਿਵਿਰਤ ਹੋ ਰਹੇ ਹਨ।

ਸ਼ਹਿਰ ਦੇ ਵਿਚ ਗਊਆਂ ਦੀਆਂ ਵਛੀਆਂ ਦੀ ਪਾਲਣਾ ਹੁੰਦੀ ਹੈ, ਪਰ ਵੱਛਿਆਂ ਨੂੰ ਪਸੰਦ ਨਹੀਂ ਕੀਤਾ ਜਾਂਦਾ। ਇਸੇ ਤਰ੍ਹਾਂ ਕੱਟਿਆਂ ਦਾ ਹਾਲ ਹੈ, ਜਿਸ ਤੋਂ ਉਨ੍ਹਾਂ ਨੂੰ ਚੋਣ ਲੱਗਿਆਂ ਕਾਫ਼ੀ ਦੁੱਧ ਨਹੀਂ ਦਿਤਾ ਜਾਂਦਾ ਤੇ ਤਸੀਹੇ ਪਾਕੇ ਉਹ ਮਰ ਜਾਂਦੇ ਹਨ। ਛੋਟੇ ਛੋਟੇ ਵੱਛੇ ਇਸ ਗਊਸ਼ਾਲਾ ਵਿਚ ਲੈ ਲਏ ਜਾਂਦੇ ਹਨ ਤੇ ਇਸੇ ਤਰ੍ਹਾਂ ਕੱਟਿਆਂ ਦੀ ਪਾਲਣਾ ਭੀ ਹਮਦਰਦੀ ਨਾਲ ਇੱਥੇ ਹੁੰਦੀ ਹੈ।

### ੫. ਦੁਕਾਨ ਤੇ ਛਬੀਲ–

ਅਸੀਂ ਪਿਛੇ ਦੱਸ ਆਏ ਹਾਂ ਕਿ ਆਪਣੇ ਜੀਵਨ ਦੇ ਆਰੰਭ ਵਿਚ ਸੰਤ ਸਵਾਇਆ ਸਿੰਘ ਜੀ ਨੇ ਬਾਬਾ ਅਟੱਲ ਰਾਏ ਜੀ ਦੇ ਗੁਰਦਵਾਰੇ ਪਾਸ ਇਕ ਦੁਕਾਨ ਖੋਹਲੀ ਸੀ, ਆਪ ਕੰਘੇ ਘੜਿਆ ਕਰਦੇ ਸੀ। ਜੇ ਕੋਈ ਲੋੜਵੰਦ ਆ ਜਾਂਦਾ ਤਾਂ ਉਸ ਨੂੰ ਕੰਘੇ ਮੁਫਤ ਭੀ ਦੇ ਦਿੰਦੇ ਸਨ। ਸ੍ਰੀ ਦਰਬਾਰ ਸਾਹਿਬ ਜੀ ਦੀ ਯਾਤ੍ਰਾ ਕਰਨ ਵਾਲੇ ਕਈ ਸਿੰਘ ਉਹਨਾਂ ਦੀ ਦੁਕਾਨ ਤੇ ਜੋੜੇ ਰੱਖ ਦਿੱਤਾ ਕਰਦੇ ਸਨ। ਆਪ ਜੋੜਿਅ ਨੂੰ ਬਸਤਰਾਂ ਨਾਲ ਚੰਗੀ ਤਰ੍ਹਾਂ ਝਾੜ ਦੇਂਦੇ ਸਨ ਤੇ ਸਖਤ ਜੋੜਿਆਂ ਨੂੰ ਨਰਮ ਕਰਨ ਵਾਸਤੇ ਆਪ ਨੇ ਤੇਲ ਬੀ ਰੱਖਿਆ ਹੋਇਆ ਹੁੰਦਾ ਸੀ, ਜਿਸ ਦੇ ਨਾਲ ਜੋੜੇ ਚੋਪੜ ਦਿਤਾ ਕਰਦੇ ਸਨ। ਆਪ ਦੀ ਦੁਕਾਨ ਕੁਛ ਘੰਟਿਆਂ ਲਈ ਹੀ ਹੁੰਦੀ ਸੀ। ਆਪ ਦਾ ਗਰਮੀਆਂ ਤੇ ਸਰਦੀਆਂ ਵਿਚ ਸਵੇਰ ਤੇ ਸੰਧਿਆ ਦਾ ਬਹੁਤ ਸਮਾਂ ਸ੍ਰੀ ਦਰਬਾਰ ਸਾਹਿਬ ਹੀ ਬੀਤਦਾ

ਸੀ। ਇਕ ਬਾਲਟੀ ਇਕ ਗੜਵਾ ਤੇ ਅੱਠ ਦਸ ਕੌਲੇ ਆਪ ਆਪਣੇ ਪਾਸ ਰਖਦੇ ਸਨ, ਪਰਕਰਮਾਂ ਵਿਚ ਚੌੜੀਆਂ ਪੌੜੀਆਂ ਵਾਲੇ ਪਾਸੇ ਆਪ ਜਲ ਲੈਕੇ ਬੈਠ ਜਾਂਦੇ ਤੇ ਸੰਗਤਾਂ ਨੂੰ ਪ੍ਰੇਮ ਨਾਲ ਠੰਢੇ ਜਲ ਛਕਾਉਂਦੇ ਰਹਿੰਦੇ ਸਨ। ਆਪ ਦੇ ਵੇਖਾ ਵੇਖੀ ਕਈ ਸਿੰਘ ਤੇ ਮਾਈਆਂ ਬੀਬੀਆਂ ਆ ਜਾਂਦੀਆਂ ਜੋ ਜਲ ਭਰਨ ਤੇ ਜੂਠੇ ਕੌਲਿਆਂ ਨੂੰ ਸਾਫ ਕਰ ਦੇਣ ਦੀ ਸੇਵਾ ਕਰਦੀਆਂ ਸਨ। ਇਸ ਤਰ੍ਹਾਂ ਹੁੰਦੇ ਹੁੰਦੇ ਆਪ ਦੀ ਇਹ ਸੇਵਾ ਇਕ ਮੁਕੰਮਲ ਛਬੀਲ ਬਣ ਗਈ, ਜੋ ਅਜ ਤਕ ਸ਼ਾਹਾਬਾਦੀਆਂ ਦੇ ਬੁੰਗੇ ਵਾਲੀ ਦੀਵਾਰ ਨਾਲ ਮੌਜੂਦ ਹੈ। ਜਲ ਛਕਾਉਣ ਦੀ ਸੇਵਾ ਆਪ ਦੇ ਡੇਰੇ ਦੇ ਸਿੰਘ ਕਰਦੇ ਹਨ,ਬਰਤਨ ਆਦਿਕਾਂ ਦੀ ਸੇਵਾ ਸ਼ਾਦੀ ਗ਼ਮੀ ਵੇਲੇ ਸ਼ਹਿਰ ਦੇ ਗੁਰੂ ਸੁਆਰੇ ਸਿੰਘ ਕਰਦੇ ਰਹਿੰਦੇ ਹਨ। ਸੰਧਯਾ ਵੇਲੇ ਬਿਹੰਗਮਾਂ ਨੂੰ ਇਥੇ ਪ੍ਰਸ਼ਾਦਾ ਵੀ ਮਿਲ ਜਾਂਦਾ ਹੈ। ਅਜ ਕਲ ਇਕ ਹੋਰ ਵੀ ਛਬੀਲ ਸ੍ਰੀ ਅਕਾਲ ਤਖਤ ਸਾਹਿਬ ਜੀ ਦੇ ਚੌਂਕ ਵਿਚ ਲਗੀ ਹੋਈ ਹੈ, ਪਰ ਪੁਰਾਣੀ ਤੇ ਅਸਲੀ ਛਬੀਲ ਭਾਈ ਸਵਾਇਆ ਸਿੰਘ ਜੀ ਵਾਲੀ ਹੀ ਹੈ।

### ੬. ਫਿਰਤੂ ਛਬੀਲ–

ਆਪ ਆਪਣੇ ਨਾਮ ਅਭਯਾਸ ਵਿਚ ਤਤਪਰ ਰਹਿੰਦੇ ਹੋਏ ਸੇਵਾ ਦੇ ਪੁਤਲੇ ਸਨ ਤੇ ਉਪਕਾਰ ਆਪ ਦਾ ਸੁਭਾਉ ਬਣ ਗਿਆ ਸੀ। ਇਹ ਸਰੀਰ ਅਨਿਸਥਰ ਤੇ ਛਿਨ ਭੰਗਰ ਹੈ, ਇਸ ਤੋਂ ਜਿੰਨੀ ਸੇਵਾ ਲੈ ਲਈ ਜਾਏ ਲਾਹਾ ਹੈ, ਇਹ ਆਪ ਦਾ ਸਿੱਧਾਂਤ ਸੀ ਕਿ:-'ਵਿਣੁ ਸੇਵਾ ਧ੍ਰਿਗੁ ਹਥ ਪੈਰ ਹੋਰ ਨਿਹਫਲ ਕਰਣੀ'। ਸ੍ਰੀ ਤਰਨ ਤਾਰਨ, ਗੋਇੰਦਵਾਲ, ਬਾਸਰਕੀ, ਬਾਬਾ ਬਕਾਲਾ, ਸ੍ਰੀ ਆਨੰਦ ਪੁਰ ਸਾਹਿਬ, ਮੁਕਤਸਰ ਤੇ ਨਨਕਾਣਾ ਸਾਹਿਬ ਆਦਿਕ ਗੁਰਦਵਾਰਿਆਂ ਪੁਰ ਮੇਲਿਆਂ ਸਮੇਂ ਲੱਖਾਂ ਦੀ ਭੀੜ ਹੁੰਦੀ ਹੈ। ਅਜੇ ਰੇਲ ਨਹੀਂ ਚੱਲੀ ਸੀ, ਸਫਰ ਪੈਦਲ ਹੁੰਦੇ ਸਨ, ਆਪ ਗੱਡੇ ਲੈ ਕੇ ਇਨ੍ਹਾਂ ਸਾਰਿਆਂ ਮੇਲਿਆਂ ਤੇ ਪੁੱਜਦੇ ਸਨ। ਗਡੇ ਤੇ ਛਬੀਲ ਦਾ ਸਾਮਾਨ ਹੁੰਦਾ ਸੀ, ਸੰਗਤਾਂ ਦੇ ਬਿਸਤਰੇ ਆਦਿਕ

ਬੀ ਰੱਖ ਲੈਂਦੇ ਸਨ। ਜਿਹੜਾ, ਕਮਜ਼ੋਰ, ਬੁੱਢਾ, ਬੀਮਾਰ ਆਦਿਕ ਚੱਲ ਨਾ ਸਕਣ ਕਰਕੇ ਰਾਹ ਵਿਚ ਰਹਿ ਜਾਏ ਉਸ ਨੂੰ ਵੀ ਬਿਠਾ ਲੈਂਦੇ ਸੇ। ਰਾਹ ਵਿਚ ਤੁਰਦਿਆਂ ਤੇ ਜਿੱਥੇ ਪੜਾਉ ਹੋਵੇ ਉਥੇ ਜਲ ਦੀ ਸੇਵਾ ਕਰਦੇ ਰਹਿੰਦੇ ਸਨ। ਨਨਕਾਣਾ ਸਾਹਿਬ ਆਦਿਕ ਅਸਥਾਨਾਂ ਤੇ ਕਈ ਵੇਰ ਸੰਗਤਾਂ ਨੂੰ ਜਲ ਛਕਾਉਂਦਿਆਂ ਆਪ ਨੂੰ ਕਈ ਵੇਰ ਦੋ ਦੋ ਦਿਨ ਤੇ ਰਾਤਾਂ ਪ੍ਰਸ਼ਾਦ ਛਕਣ ਤਕ ਦਾ ਸਮਾਂ ਨਹੀਂ ਮਿਲਦਾ ਸੀ, ਆਪ ਦਿਨ ਰਾਤ ਸੇਵਾ ਵਿਚ ਇਕ ਰਸ ਲਗੇ ਰਹਿੰਦੇ ਸਨ।

ਆਨੰਦਪੁਰ ਤੇ ਮੁਕਤਸਰ ਆਦਿਕ ਇਲਾਕਿਆਂ ਵਿਚ ਪਾਣੀ ਦੀ ਕਮੀ ਮੇਲਿਆਂ ਸਮੇਂ ਕਠਨਾਈ ਪਾਉਂਦੀ ਸੀ, ਖੂਹ ਦੀ ਡੂੰਘਾਈ ਵੀ ਇਸ ਰਾਹ ਦੀ ਔਕੜ ਹੁੰਦੀ ਸੀ। ਕਈਆਂ ਖੂਹਾਂ ਵਿਚ ਚਾਲੀ ਚਾਲੀ ਹੱਥ ਲੱਜ ਜਾਂਦੀ ਸੀ। ਇਨ੍ਹਾਂ ਖੂਹਾ ਵਿਚੋਂ ਪਾਣੀ ਖਿੱਚਦੇ ਬਲਦ ਵੀ ਦਿਲ ਛਡ ਜਾਂਦੇ ਸਨ, ਪਰ ਸੰਤ ਜੀ ਦਾ ਜੱਥਾ ਪ੍ਰੇਮ-ਸੇਵਾ ਵਿਚ ਜੁੱਟਿਆ ਪਰਵਾਹ ਨਹੀਂ ਕਰਦਾ ਸੀ। ਸੰਤ ਜੀ ਦੇ ਉੱਦਮੀ ਸੁਭਾਉ ਤੇ ਟਿਨ੍ਹਾਂ ਦੇ ਜਥੇ ਦੇ ਹਿੰਮਤੀ ਸਿੰਘਾਂ ਦੇ ਪ੍ਰੀਸ਼ਰਮ ਦੇ ਸਾਹਮਣੇ ਇਹ ਰੁਕਾਵਟਾਂ ਰੁਕਾਵਟ ਨਹੀਂ ਹੋ ਸਕਦੀਆਂ ਸਨ, ਪਾਣੀ ਦੀਆਂ ਮਾਨੋ ਨਹਿਰਾਂ ਚਲਾ ਦਿੰਦੇ ਸਨ।

ਅਜ ਤਕ ਆਪ ਦੇ ਡੇਰੇ ਵਿਚ ਇਸੇ ਵਿਉਂਤ ਤੇ ਕੰਮ ਹੋ ਰਿਹਾ ਹੈ, ਉਪ੍ਰੋਕਤ ਅਸਥਾਨਾਂ ਦੇ ਮੇਲਿਆਂ ਪੁਰ ਇਨ੍ਹਾਂ ਦੇ ਡੇਰੇ ਦੇ ਸਿੰਘ ਉਸੇ ਤਰ੍ਹਾਂ ਗੱਡਿਆਂ ਤੇ ਛਬੀਲ ਲਿਜਾਂਦੇ ਤੇ ਜਲ ਛਕਾਉਣ ਦੀ ਸੇਵਾ ਕਰਦੇ ਹਨ। ਆਪ ਦੀ ਇਸ ਚਲਾਈ ਲਹਿਰ ਨੂੰ ਇੰਨੀ ਕਾਮਯਾਬੀ ਹਾਸਲ ਹੋਈ ਹੈ ਕਿ ਸ਼ਹਿਰ ਅੰਮ੍ਰਿਤਸਰ ਵਿਚ ਰਾਤ ਦੇ ਦੋ ਦੋ ਵਜੇ ਤਕ ਬਰਫ ਤੇ ਜਲ ਰੇੜ੍ਹੀਆਂ ਤੇ ਲੱਦਕੇ ਗਲੀਆਂ ਤੇ ਬਾਜ਼ਾਰਾਂ ਵਿਚ ਲੋਕੀਂ ਛਕਾਉਂਦੇ ਫਿਰਦੇ ਹਨ।

**੭. ਸੇਵਾ ਦੀ ਲਾਗ ਲਾਈ–**

ਪਹਿਲੇ ਪਹਿਲ ਦੀ ਗੱਲ ਹੈ ਕਿ ਜਿਨ੍ਹਾਂ ਬਾਜ਼ਾਰਾਂ ਥਾਂਣੀਂ ਸੰਗਤਾਂ

ਸ੍ਰੀ ਦਰਬਾਰ ਸਾਹਿਬ ਜੀ ਦੇ ਦਰਸ਼ਨਾਂ ਲਈ ਆਉਂਦੀਆਂ ਸਨ ਉਨ੍ਹਾਂ ਬਾਜ਼ਾਰਾਂ ਦੇ ਕਿਸੇ ਖੂਹ ਤੇ ਆਪ ਬੈਠ ਜਾਂਦੇ ਤੇ ਸੰਗਤਾਂ ਨੂੰ ਜਲ ਛਕਾਉਂਦੇ ਰਹਿੰਦੇ ਸੀ। ਆਪ ਦੀ ਨਿਰਮਾਣ ਸੇਵਾ ਤੇ ਨਿਸ਼ਕਾਮ ਸੇਵਾ ਦਾ ਜਸ ਸ਼ਹਿਰ ਦੇ ਵਿਚ ਹੋਣ ਲਗਾ। ਆਪ ਜੀ ਦੇ ਸ਼ੁੱਧ ਆਚਰਣ, ਪਵਿਤ੍ਰ ਜੀਵਨ, ਨਾਮ ਅਭਯਾਸ ਵਿਚ ਪ੍ਰਪੱਕਤਾ ਤੇ ਸੇਵਾ ਦਾ ਉਮਾਹ ਵੇਖਕੇ ਸ੍ਰੀ ਦਰਬਾਰ ਸਾਹਿਬ ਜੀ ਦੇ ਸਰਬਰਾਹ ਜੀ ਨੇ ਅਟਾਰੀ ਵਾਲਿਆਂ ਦੇ ਬੁੰਗੇ ਪਾਸ ਜਗ੍ਹਾ ਦੇ ਦਿੱਤੀ ਤੇ ਫਿਰ ਬੁੰਗਾ ਕੰਘੀ ਘਾੜਿਆਂ ਤੇ ਸ਼ਾਹਾਬਾਦੀਆਂ ਪਾਸ ਹੁਣ ਵਾਲਾ ਟਿਕਾਣਾ (ਪ੍ਰਕਰਮਾ ਵਿਚ) ਦਿਤਾ। ਇਸ ਥਾਂ ਤੇ ਆਪ ਨੇ ਛਬੀਲ ਦਾ ਪ੍ਰਬੰਧ ਪੱਕਾ ਕਰ ਲਿਆ।

ਆਪ ਦੀ ਸੇਵਾ ਵਿਚ ਕਈ ਸਿੰਘ ਆ ਗਏ। ਇਨ੍ਹਾਂ ਨੂੰ ਸੇਵਾ ਤੇ ਬਾਣੀ ਦੇ ਪਿਆਰ ਵਿਚ ਆਪ ਨੇ ਪਾ ਦਿਤਾ। ਇਨ੍ਹਾਂ ਵਿਚੋਂ ਸੰਤ ਭਾਈ ਸਵਾਇਆ ਸਿੰਘ ਜੀ ਦੀ ਸੰਗਤ ਦੇ ਅਸਰ ਨਾਲ ਬਾਬਾ ਤਾਰਾ ਸਿੰਘ ਜੀ ਤੇ ਸੁਹਣੀ ਰੰਗਤ ਆ ਗਈ, ਆਪ ਇਸ ਛਬੀਲ ਤੇ ਸੇਵਾ ਵਿਚ ਜੁੱਟ ਪਏ। ਆਪ ਬੜੇ ਬਲੀ ਸਨ, ਮੁਕਤਸਰ ਤੇ ਆਨੰਦਪੁਰ ਆਦਿਕ ਸੰਗਤਾਂ ਦੀ ਯਾਤ੍ਰਾ ਸਮੇਂ ਖੂਹਾਂ ਵਿਚੋਂ ਪਾਣੀ ਕੱਢਣ ਵਿਚ ਆਪ ਮੋਹਰੀ ਹੋਇਆ ਕਰਦੇ ਸਨ।

ਸ਼ਾਹਾਬਾਦੀਆਂ ਦੇ ਬੁੰਗੇ ਪਾਸ ਦੀ ਛਬੀਲ ਹੁਣ ਤਕ ਭਾਈ ਸਵਾਇਆ ਸਿੰਘ ਜੀ ਤੇ ਬਾਬਾ ਤਾਰਾ ਸਿੰਘ ਜੀ ਦੀ ਛਬੀਲ ਅਖਵਾਉਂਦੀ ਹੈ। ਅਜ ਕਲ ਇਥੇ ਬਾਬਾ ਤਾਰਾ ਸਿੰਘ ਜੀ ਦੇ ਸਤਸੰਗੀ ਬਾਬਾ ਲੱਖਾ ਸਿੰਘ ਤੇ ਹੋਰ ਉਨ੍ਹਾਂ ਦੇ ਸਾਥੀ ਸੱਜਣ ਪਿਆਰੇ ਸੇਵਾ ਕਰ ਰਹੇ ਹਨ।

**੮. ਸੇਵਾ ਤੇ ਨਾਮ ਉਪਦੇਸ਼–**

ਸੰਤ ਜੀ ਦੇ ਹੱਥ ਸੇਵਾ ਵਿਚ ਲਗੇ ਰਹਿੰਦੇ ਸਨ, ਪਰ ਜਿਹਵਾ ਵਾਹਿਗੁਰੂ ਦੇ ਨਾਮ ਨਾਲ ਜੁੜੀ ਰਹਿੰਦੀ ਸੀ, ਸ੍ਵਾਸ ਸ੍ਵਾਸ ਨਾਮ ਸਿਮਰਨ ਜਾਰੀ ਰਹਿੰਦਾ ਸੀ। ਜਿਹੜਾ ਕੋਈ ਉਨ੍ਹਾਂ ਦੇ ਪਾਸ ਆਉਂਦਾ ਏਹ ਉਸ


www.sikhbookclub.com

ਨੂੰ ਨਾਮ ਜਪ ਵਿਚ ਲਾਈ ਰਖਿਆ ਕਰਦੇ ਸਨ ਤੇ ਜਿਹੜੇ ਗੁਰੂ-ਪਿਆਰੇ ਇਨ੍ਹਾਂ ਦੇ ਨਾਲ ਸੇਵਾ ਵਿਚ ਲਗੇ ਰਹਿੰਦੇ ਸੀ ਉਨ੍ਹਾਂ ਨੂੰ ਆਪ ਦਾ ਇਹ ਉਪਦੇਸ਼ ਹੁੰਦਾ ਸੀ ਕਿ ਸੇਵਾ ਇਸ ਵਾਸਤੇ ਕੀਤੀ ਜਾਂਦੀ ਹੈ ਕਿ ਨਾਮ ਜਪ ਕੀਤਾ ਜਾ ਸਕੇ, ਜੇ ਨਾਮ ਜਪ ਨਹੀਂ ਕਰਨਾ ਤਦ ਸੇਵਾ ਦਾ ਕੀ ਲਾਭ ? ਸੇਵਾ ਤੇ ਨਿਰੀ ਸੇਵਾ ਆਪਣੇ ਆਪ ਵਿਚ ਬਹੁਤ ਥੋੜਾ ਮੁੱਲ ਰਖਦੀ ਹੈ, ਪਰ ਜਿਸ ਵੇਲੇ ਇਹਦੇ ਨਾਲ ਨਾਮ ਜਪ ਮਿਲ ਜਾਏ, ਫਿਰ ਇਸ ਦਾ ਮੁੱਲ ਲੱਖਾਂ ਕਰੋੜਾਂ ਗੁਣਾ ਹੋ ਜਾਂਦਾ ਹੈ। ਪਾਣੀ ਭਰੋ, ਕੌਲਿਆਂ ਨੂੰ ਸੁਮੱਤ ਦਿਓ; ਜਾਂ ਜਿਹੜੀ ਕੋਈ ਹੋਰ ਕਰ ਸਕੋ ਸੇਵਾ ਕਰੋ ਪਰ ਇਹ ਸੇਵਾ ਕਰਦਿਆਂ ਸਤਿਨਾਮ ਸ੍ਰੀ ਵਾਹਿਗੁਰੂ ਦਾ ਜਾਪ ਜਾਰੀ ਰਹੇ। ਨਾਮ ਜਪ ਵਲੋਂ ਉੱਕ ਗਏ ਤਦ ਕਈ ਵੇਰ ਇਹ ਨਿਰੀ ਸੇਵਾ ਹੰਕਾਰੀ ਬਣਾ ਦਿੰਦੀ ਹੈ ਤੇ ਸੁਖ ਦੀ ਥਾਂ ਅਕੇਵਾਂ ਲੈ ਆਉਂਦੀ ਹੈ। ਮੂਲ ਚੀਜ਼ ਹੈ 'ਸਤਿਨਾਮ ਸ੍ਰੀ ਵਾਹਿਗੁਰੂ ਜੀ ਦਾ ਜਾਪ'', ਇਸ ਨੂੰ ਨਾ ਭੁੱਲੋ ਤੇ ਦਿਨ ਰਾਤ ਉਠਦੇ ਬਹਿੰਦੇ ਚਲਦੇ ਫਿਰਦੇ, ਖਾਂਦੇ ਪੀਂਦੇ ਤੇ ਕਾਰ ਵਿਹਾਰ ਕਰਦੇ ਇਸ ਨੂੰ ਨਾ ਭੁੱਲੋ।

### ੯. ਮੇਲਿਆਂ ਪਰ ਛਬੀਲਾਂ-

ਜਿਸ ਵੇਲੇ ਆਪ ਕਿਸੇ ਮੇਲੇ ਤੇ ਛਬੀਲ ਲੈ ਜਾਣ ਲਗਦੇ ਤਦ ਗੱਡੇ ਪੁਰ ਭੌਣੀਆਂ, ਲੱਜਾਂ, ਡੋਲ, ਗੜਵੀਆਂ, ਕੌਲ ਅਤੇ ਟੀਨ ਦੇ ਪਰਨਾਲੇ ਜਿਨ੍ਹਾਂ ਨਾਲ ਕਿ ਦੂਰ ਦੂਰ ਤਕ ਜਲ ਪੁੱਜ ਸਕੇ, ਲੱਦ ਲੈਂਦੇ ਸਨ। ਆਰੰਭ ਵਿਚ ਬਲਦਾਂ ਦੇ ਮੁੱਲ ਲੈਣ ਦੀ ਪਦਾਰਥਕ ਸਮਰੱਥਾ ਆਪਣੀ ਨਹੀਂ ਸੀ, ਇਨ੍ਹਾਂ ਗੱਡਿਆਂ ਨੂੰ ਖਿੱਚ ਕੇ ਆਪ ਦੇ ਸਾਥੀ ਪ੍ਰੇਮੀ ਤੇ ਬਿਹੰਗਮ ਸਿੰਘ ਹੀ ਲਿਜਾਇਆ ਕਰਦੇ ਸਨ। ਕੂਚ ਕਰਨ ਤੋਂ ਪਹਿਲਾਂ ਕਮਰਕਸੇ ਕਰਕੇ ਇਕ ਮਨ ਇਕ ਚਿਤ ਹੋ ਕੇ ਅਰਦਾਸਾ ਸੋਧਦੇ ਸਨ, ਫਿਰ ਗੱਡਾ ਖਿੱਚਣ ਵਾਲੇ ਸਿੰਘ ਗੱਡੇ ਦੇ ਅੱਗੇ ਪਿੱਛੇ ਖੜੇ ਹੋ ਜਾਂਦੇ ਤੇ ੧੫-੧੫ ਤੇ ੨੦-੨੦ ਮਿੰਟ ਸਤਿਨਾਮ ਸ੍ਰੀ ਵਾਹਿਗੁਰੂ ਸਤਿਨਾਮ ਸ੍ਰੀ ਵਾਹਿਗੁਰੂ ਦਾ ਜਾਪ ਉਚਾਰਦੇ ਰਹਿੰਦੇ ਸਨ ਤੇ


www.sikhbookclub.com

ਫਿਰ ਕੂਚ ਕਰਦੇ। ਰਸਤੇ ਵਿਚ ਵੀ ਇਹ ਧੂਨੀ ਜਾਰੀ ਰਹਿਣੀ ਤੇ ਨਾਮ ਰਸ ਵਿਚ ਭਿੱਜੇ ਸਫਰ ਕਰਦਿਆਂ ਮੰਜ਼ਲ ਮੁਕਾਮ ਤੇ ਪੁੱਜਦੇ ਸਾਰ ਸੇਵਾ ਸ਼ੁਰੂ ਕਰ ਦੇਂਦੇ ਸੀ।

ਜਿਹੜੇ ਕਾਰੀਗਰ ਸੱਜਣ ਆਪ ਦੇ ਦਰਸ਼ਨਾਂ ਨੂੰ ਆਉਂਦੇ,ਆਪ ਦੀ ਉਨ੍ਹਾਂ ਵਾਸਤੇ ਤਾਕੀਦ ਸੀ ਕਿ ਖਾਲੀ ਹੱਥ ਨਹੀਂ ਆਉਣਾ, ਹਥਿਆਰ ਨਾਲ ਲਿਆਉਣੇ। ਜਿਨ੍ਹਾਂ ਤੋਂ ਰਸਤੇ ਦੇ ਗੁਰਦੁਆਰਿਆਂ ਦੀ ਮੁਰੰਮਤ ਕਰਾਈ ਜਾਂਦੇ ਸਨ। ਜਿਸ ਵੇਲੇ ਆਪ ਦੇ ਜਸ ਦੀ ਮਹਿਕ ਸਾਰਿਆਂ ਪਾਸਿਆਂ ਵਲ ਫੈਲ ਗਈ ਤਦ ਆਪ ਦਾ ਜੱਥਾ ਜਿਥੇ ਪੁਜਦਾ ਉਥੋਂ ਦੇ ਵਾਸੀ ਆਪਣੀਆਂ ਜੋਗਾਂ ਲੈ ਆਉਂਦੇ ਤੇ ਉਹਨਾਂ ਸਾਰਿਆਂ ਪਾਸੋਂ ਵਾਰੀ ਵਾਰੀ ਨਾਲ ਸੇਵਾ ਲੈ ਕੇ ਦਿਨ ਰਾਤ ਖੂਹ ਚਲਾਈ ਰਖਦੇ ਸਨ।

### ੧੦. ਗੱਡਾ ਨਾਲੇ ਵਿਚ ਖੁੱਭਾ-

ਹਮੇਸ਼ਾਂ ਵਾਂਗ ਇਕ ਵੇਰ ਆਪ ਦਾ ਜਥਾ ਛਬੀਲ ਦਾ ਸਾਮਾਨ ਲੈਕੇ ਲਾਹੌਰ ਤੋਂ ਨਨਕਾਣੇ ਸਾਹਿਬ ਨੂੰ ਚਾਲੇ ਪਿਆ। ਲਾਹੌਰ ਤੋਂ ਸੰਗਤਾਂ ਨੇ ਛਬੀਲ ਦੇ ਸਾਮਾਨ ਤੋਂ ਵਖਰੇ ਆਪਣੇ ਬਿਸਤਰੇ ਵੀ ਕਾਫੀ ਰਖ ਦਿਤੇ। ਆਪ ਨੇ ਕਿਸੇ ਨੂੰ ਨਹੀਂ ਰੋਕਿਆ। ਰਾਹ ਵਿਚ ਇਕ ਹਲਵਾਈ ਨੇ ੪-੫ ਬੋਰੀਆਂ ਆਲੂਆਂ ਦੀਆਂ ਰਖ ਦਿਤੀਆਂ, ਆਪ ਨੇ ਉਸ ਨੂੰ ਵੀ ਕੁਛ ਨਹੀਂ ਕਿਹਾ। ਰਾਹ ਦੇ ਵਿਚ ਇਕ ਨਾਲਾ ਆਉਂਦਾ ਹੈ, ਉਹਨੂੰ 'ਦੇਗ' ਕਹਿਕੇ ਸੱਦਦੇ ਹਨ। ਭਾਰ ਬਹੁਤ ਜ਼ਿਆਦਾ ਸੀ, ਨਾਲੇ ਦੇ ਵਿਚ ਗੱਡੇ ਦਾ ਧੁਰਾ ਟੁੱਟ ਗਿਆ, ਧੁਰਾ ਠੀਕ ਕਰਨ ਦਾ ਕੋਈ ਸਾਮਾਨ ਪਾਸ ਨਹੀਂ ਸੀ। ਸੰਤ ਜੀ ਨੇ ਸਾਰੇ ਸਿੰਘਾਂ ਨੂੰ ਕਿਹਾ ਕਿ ਇਥੇ ਬੈਠ ਜਾਓ, ਸਾਰੇ ਸਿੰਘ ਬੈਠ ਗਏ ਤੇ ਸਤਿਨਾਮ ਸ੍ਰੀ ਵਾਹਿਗੁਰੂ ਦਾ ਜਾਪ ਹੋਣ ਲਗਾ। ਜੱਥੇ ਵਿਚੋਂ ਇਕ ਸਿੰਘ ਨੇ ਹਥ ਜੋੜ ਕੇ ਬੇਨਤੀ ਕੀਤੀ ਕਿ ਮਹਾਰਾਜ ਗਡੇ ਦਾ ਧੁਰਾ ਟੁਟ ਗਿਆ ਹੈ, ਬਣਾਉਣ ਵਾਲਾ ਇਥੇ ਕੋਈ ਹੈ ਨਹੀਂ, ਜੇ ਅਸੀਂ ਏਥੇ ਏਸੇ ਤਰ੍ਹਾਂ ਬੈਠੇ ਰਹੇ ਤਦ ਸੰਗਤਾਂ ਨੂੰ ਬਿਸਤਰੇ ਵੇਲੇ ਸਿਰ ਨਹੀਂ ਪੁੱਜ ਸਕਣਗੇ,ਉਹਨਾਂ ਨੂੰ ਖੇਚਲ ਹੋਵੇਗੀ,

ਅਸੀਂ ਵੀ ਮੇਲੇ ਤੇ ਪੁੱਜਕੇ ਸੇਵਾ ਦਾ ਉਹ ਲਾਹਾ ਨਹੀਂ ਲੈ ਸਕਾਂਗੇ ਜੋ ਲੈਣਾ ਚਾਹੁੰਦੇ ਹਾਂ, ਉਤੋਂ ਰਾਤ ਪੈ ਗਈ ਹੈ, ਸਾਰੀ ਰਾਤ ਇਥੇ ਇਸ ਤਰ੍ਹਾਂ ਬੈਠਿਆਂ ਕੀ ਬਣੇਗਾ ?

ਸੰਤ ਸਵਾਇਆ ਸਿੰਘ ਜੀ ਕਹਿਣ ਲਗੇ–ਭਾਈ ਸਿੰਘਾ ! ਸਾਡੇ ਵੱਸ ਦੀ ਕੋਈ ਗਲ ਨਹੀਂ ਗੁਰੂ ਨਾਨਕ ਸਾਹਿਬ ਦੀਆਂ ਸੰਗਤਾਂ ਦੀ ਅਸਾਂ ਸੇਵਾ ਕਰਨੀ ਹੈ, ਹੁਣ ਉਨ੍ਹਾਂ ਦਾ ਹੀ ਬਿਰਦ ਹੈ। ਜੇ ਸੱਚੇ ਪਾਤਸ਼ਾਹ ਨੇ ਸਾਨੂੰ ਸੇਵਾ ਦਾ ਦਾਨ ਬਖਸ਼ਣਾ ਹੈ ਤਾਂ ਆਪ ਕੋਈ ਪ੍ਰਬੰਧ ਕਰ ਦੇਣਗੇ। ਤੁਸੀਂ ਕੋਈ ਚਿੰਤਾ ਫਿਕਰ ਨਾ ਕਰੋ 'ਸਤਿਨਾਮ ਸ੍ਰੀ ਵਾਹਿਗੁਰੂ' ਦਾ ਜਾਪ ਕਰੋ। ਜਥੇ ਦੇ ਸਾਰੇ ਸਿੰਘ ਫਿਰ ਅਡੋਲ ਹੋ ਬੈਠੇ, ਬ੍ਰਿਤੀਆਂ ਇਕਾਗਰ ਹੋ ਗਈਆਂ, ਨਾਮ ਦਾ ਪ੍ਰਵਾਹ ਚਲਣ ਲਗਾ, ਅਜੇ ਅੱਧਾ ਕੁ ਘੰਟਾ ਵੀ ਨਹੀਂ ਬੀਤਿਆ ਸੀ ਕਿ ਸਾਹਮਣਿਓਂ ਪੰਜ ਸਿੰਘ ਤਿਆਰ ਬਰਤਿਆਰ ਆਉਂਦੇ ਦਿੱਸੇ ! ਸੰਤਾਂ ਪਾਸ ਪੁੱਜਕੇ ਉਨ੍ਹਾਂ 'ਸ੍ਰੀ ਵਾਹਿਗੁਰੂ ਜੀ ਕਾ ਖਾਲਸਾ, ਸ੍ਰੀ ਵਾਹਿਗੁਰੂ ਜੀ ਕੀ ਫਤਹ' ਗਜਾਈ। ਹੱਥ ਜੋੜਕੇ ਪੁੱਛਣ ਲੱਗੇ–ਮਹਾਰਾਜ ਜੀ ! ਕੋਈ ਸੇਵਾ ਦੱਸੋ? ਸੰਤ ਜੀ ਹੱਸਕੇ ਬੋਲੇ-ਧੰਨ ਗੁਰੂ ਨਾਨਕ ਕਲਗੀਆਂ ਵਾਲਾ ਪਾਤਸ਼ਾਹ ਗਈ ਬਹੋੜਨ ਵਾਲਾ ! ਆਓ ਦੂਲਿਓ ! ਗੱਡਾ ਦੇਗ ਵਿਚ ਪਿਆ ਹੈ, ਇਸ ਨੂੰ ਕੱਢੀਏ। ਉਨ੍ਹਾਂ ਆਪਣੇ ਪਾਸੋਂ ਇਕ ਵੱਡਾ ਰੱਸਾ ਕੱਢਿਆ, ਧੁਰੇ ਨੂੰ ਚੰਗੀ ਤਰ੍ਹਾਂ ਬੰਨ੍ਹਕੇ ਅਗੇ ਪਿਛੇ ਆਪ ਲਗਕੇ ਗਡੇ ਨੂੰ ਨਾਲੇ ਵਿਚੋਂ ਬਾਹਰ ਕੱਢ ਦਿਤਾ, ਅਗੇ ਫੇਰ ਆਪਣੇ ਬੋਲਦ ਮੰਗਾਕੇ ਗਡੇ ਨੂੰ ਜੋੜ ਦਿਤੇ ਤੇ ਨਾਲ ਆਪ ਲਗ ਪਏ, ਐਉਂ ਰਾਤ ਦੇ ਬਾਰਾਂ ਵਜੇ ਗੱਡਾ ਸੰਗਤਾਂ ਦੇ ਪਾਸ ਪੁੱਜ ਗਿਆ।

## ੧੧. ਗੁਰਸਿੱਖਾਂ ਦੀ ਅਥੱਕ ਸੇਵਾ–

ਜਲ ਦੀਆਂ ਛਬੀਲਾਂ ਦੇ ਨਾਲ ਆਪ ਦਾ ਅਤੁੱਟ ਲੰਗਰ ਜਾਰੀ ਰਹਿੰਦਾ ਸੀ ਤੇ ਉਸ ਤੋਂ ਵਧੀਕ ਨਾਮ ਦਾ ਪ੍ਰਵਾਹ ਜਾਰੀ ਰਖਦੇ ਸੀ। ਅਸੀਂ ਪਿਛੇ ਦੱਸ ਆਏ ਹਾਂ ਕਿ ਜਿਹੜੇ ਮਾਈ ਭਾਈ ਸੇਵਾ ਵਿਚ

ਲਗਦੇ ਉਨ੍ਹਾਂ ਨੂੰ ਸਭ ਤੋਂ ਪਹਿਲੀ ਗਲ ਇਹ ਕਹਿੰਦੇ ਸਨ ਕਿ ਗੁਰੂ ਪਿਆਰੇ! ਜੇ ਸੰਗਤਾਂ ਦੀ ਸੇਵਾ ਕਰਨੀ ਹੈ ਤਦ ਹੱਥਾਂ ਨਾਲ ਸੇਵਾ ਕਰੋ, ਪਰ ਰਸਨਾ ਨਾਲ 'ਵਾਹਿਗੁਰੂ' ਨਾਮ ਦਾ ਜਪ ਜਾਰੀ ਰਹੇ। ਸੇਵਾ ਕਰਨੀ ਤਾਂ ਇਸੇ ਕਰਕੇ ਹੈ ਕਿ ਮਨ ਵਿਚੋਂ ਹੰਕਾਰ ਦੀ ਨਵਿਰਤੀ ਹੋਵੇ ਤੇ ਨਾਮ ਦਾ ਵਾਸਾ ਹੋਵੇ। ਜੇ ਸੇਵਾ ਤਾਂ ਕਰਦਾ ਹੈ, ਪਰ ਨਾਮ ਜਪਦਾ ਨਹੀਂ, ਉਸ ਦਾ ਇਹ ਕੰਮ ਨਾ ਸਵਰਿਆ। ਇਸ ਤਰ੍ਹਾਂ ਆਪ ਦੀ ਸੰਗਤ ਵਿਚ ਸੇਵਾ ਕਰਨ ਵਾਲਿਆਂ ਦਾ ਪ੍ਰਵਾਹ ਤੁਰ ਪੈਂਦਾ ਸੀ, ਜਿਵੇਂ ਬਰਤਨ ਸਾਫ ਕੀਤਾ ਜਾਂਦਾ ਹੈ ਕੋਈ ਅਮੋਲਕ ਵਸਤੂ ਪਾਉਣ ਲਈ ਤਿਵੇਂ ਸਰੀਰ ਨੂੰ ਸੇਵਾ ਵਿਚ ਲਾ ਕੇ ਮਨ ਨੂੰ ਸ਼ੁੱਧ ਕਰੀਦਾ ਹੈ ਵਾਹਿਗੁਰੂ ਦੀ ਪ੍ਰਾਪਤੀ ਲਈ। ਵਾਹਿਗੁਰੂ ਦੀ ਪ੍ਰਾਪਤੀ ਦਾ ਮਾਰਗ ਹੈ ਨਾਮ ਜਪਣਾ, ਇਸ ਕਰਕੇ "ਹਥ ਕਾਰ ਵਲ ਤੇ ਦਿਲ ਕਰਤਾਰ ਵਲ" ਲਾਈ ਰੱਖਣੇ ਚਾਹੀਦੇ ਹਨ।

ਜਿਵੇਂ ਪਿੱਛੇ ਦੱਸ ਆਏ ਹਾਂ ਆਪ ਸੇਵਾ ਵਿਚ ਇਤਨੇ ਲਗੇ ਰਹਿੰਦੇ ਸਨ ਕਿ ਮੇਲਿਆਂ ਤੇ ਕਈ ਵੇਰ ਤਿੰਨ ਤਿੰਨ ਚਾਰ ਚਾਰ ਦਿਨ ਬਿਨਾਂ ਕੁਛ ਖਾਧੇ ਪੀਤੇ ਦੇ ਸੇਵਾ ਵਿਚ ਗੁਜ਼ਰ ਜਾਂਦੇ ਸਨ। ਜੇ ਕੋਈ ਕਹੇ: ਸੰਤ ਜੀ! ਆਪ ਨੇ ਪ੍ਰਸ਼ਾਦ ਨਹੀਂ ਛਕਿਆ, ਉਠੋ ਪ੍ਰਸ਼ਾਦ ਛਕ ਲਓ, ਤਦ ਕਈ ਵੇਰ ਤਾਂ ਆਪ ਉੱਦਮ ਕਰ ਲੈਂਦੇ ਤੇ ਕਈ ਵੇਰ ਕਹਿੰਦੇ ਕਿ 'ਅਸੀਂ ਭੁੱਖ ਦਾ ਹੀ ਭੋਜਨ ਕਰ ਲਿਆ ਹੈ ਗੁਰੂ ਸਿਖਾਂ ਦੀ ਸੇਵਾ ਕਹਾਂ ਪਾਈਏ।' ਇਹ ਕਹਿਕੇ ਕਈ ਕਈ ਦਿਨ ਬਿਨਾਂ ਕੁਛ ਖਾਣ ਦੇ ਬਿਤਾ ਦੇਂਦੇ ਸਨ।

### ੧੨. ਸਮਦ੍ਰਿਸ਼ਟੀ–

ਜਦ ਕੋਈ ਪਰਮ ਬਿਬੇਕੀ ਸ਼ਰਧਾਵਾਨ ਕਹੇ ਕਿ ਆਗਯਾ ਬਖ਼ਸ਼ੋ ਕਿ ਆਪ ਦੇ ਲਈ ਪ੍ਰਸ਼ਾਦ ਤਿਆਰ ਕੀਤਾ ਜਾਏ, ਜੇ ਆਪ ਜੀ ਦਾ ਮਨ ਮੰਨਦਾ ਤਦ ਸਤਿ ਬਚਨ ਕਹਿ ਦਿੰਦੇ ਨਹੀਂ ਤਾਂ ਚੁਪ ਰਹਿੰਦੇ। ਆਪ ਦੇ ਪ੍ਰਸ਼ਾਦ ਦੀ ਵਿਧੀ ਅਤਿ ਕਠਨ ਸੀ, ਧਰਮ ਦੀ ਕਿਰਤ ਦਾ

ਪ੍ਰਸ਼ਾਦ ਛਕਦੇ ਸੀ, ਅੰਨ ਤੇ ਦਾਲ ਦਾ ਇਕ ਇਕ ਦਾਣਾ ਵਾਹਿਗੁਰੂ ਨਾਮ ਦੇ ਜਪ ਨਾਲ ਚੁਗਿਆ ਜਾਂਦਾ; ਫਿਰ ਸਿਮਰਨ ਜਾਰੀ ਰਹਿੰਦਾ। ਜਦ ਇਸੇ ਤਰ੍ਹਾਂ ਨਾਮ ਜਪਦਿਆਂ ਪ੍ਰਸ਼ਾਦ ਤਿਆਰ ਹੁੰਦਾ ਤਦ ਪੰਜ ਸਿੰਘਾਂ ਨੂੰ ਪ੍ਰਸ਼ਾਦ ਛਕਾ ਕੇ ਫਿਰ ਆਪ ਛਕਿਆ ਕਰਦੇ ਸੀ, ਹਰ ਇਕ ਦੇ ਘਰ ਦਾ ਪ੍ਰਸ਼ਾਦ ਨਹੀਂ ਛਕਦੇ ਸਨ ਸਗੋਂ ਬਹੁਤਾ ਆਪਣੇ ਹੀ ਹੱਥੀਂ ਪਕਾ ਕੇ ਛਕਦੇ ਸਨ।

ਕਈ ਵੇਰ ਆਪ ਪਾਸ ਸੇਵਾਦਾਰ ਸ਼ਿਕਾਇਤ ਕਰਦੇ ਸਨ ਕਿ ਛਬੀਲ ਤੋਂ ਇੰਨੇ ਕੌਲੇ ਗੁੰਮ ਹੋ ਗਏ ਹਨ, ਆਪ ਹੁਕਮ ਦਿੰਦੇ 'ਗੁਰਮੁਖਾ ਚੁਪ, ਚੁਪ, ਵਾਹਿਗੁਰੂ ਦਾ ਭਜਨ ਕਰ, ਕੋਈ ਲੋੜਵੰਦ ਹੀ ਲੈ ਗਿਆ ਹੋਊ, ਫਿਕਰ ਨਾ ਕਰੋ, ਵਾਹਿਗੁਰੂ ਹੋਰ ਭੇਜ ਦੇਵੇਗਾ।'

ਇਕ ਦਿਨ ਇਕ ਆਦਮੀ ਨੇ ਦਸ ਪੰਦਰਾਂ ਕੌਲੇ ਛਬੀਲ ਤੋਂ ਚੁੱਕਕੇ ਕਪੜੇ ਵਿਚ ਲਪੇਟ ਲਏ, ਆਪ ਨੇ ਉਸ ਨੂੰ ਇੰਜ ਕਰਦਿਆਂ ਵੇਖ ਲਿਆ ਤੇ ਚੁਪ ਕਰ ਰਹੇ ਜਦ ਉਹ ਆਦਮੀ ਕੌਲੇ ਲੈ ਕੇ ਤੁਰ ਪਿਆ ਤਦ ਆਪ ਵੀ ਉਹਦੇ ਪਿੱਛੇ ਪਿੱਛੇ ਹੋ ਤੁਰੇ। ਜਦ ਉਹ ਇਕੱਲੀ ਥਾਂ ਤੇ ਪੁੱਜਾ; ਤਦ ਆਪ ਨੇ ਉਸ ਦੇ ਪਾਸ ਪੁੱਜ ਕੇ ਕਿਹਾ: ਪਿਆਰਿਆ ! ਛਬੀਲ ਤੇ ਅਜ ਕੌਲੇ ਥੋੜੇ ਜਿਹੇ ਹਨ, ਜਿੰਨੇ ਤੁਸਾਂ ਆਂਦੇ ਹਨ ਇੰਨੇ ਚਲੇ ਜਾਣ ਨਾਲ ਬਾਕੀ ਇੰਨੇ ਥੋੜੇ ਰਹਿ ਗਏ ਹਨ ਕਿ ਸੰਧਯਾ ਦੇ ਦੀਵਾਨ ਵਿਚ ਜਲ ਛਕਾਉਣਾ ਕਠਨ ਹੋ ਜਾਏਗਾ, ਇਸ ਵਾਸਤੇ ਅੱਧੇ ਕੌਲੇ ਤੁਸੀਂ ਲੈ ਜਾਓ ਤੇ ਅੱਧੇ ਛਬੀਲ ਵਾਸਤੇ ਦੇ ਦੇਵੋ, ਤਾਂਕਿ ਤੁਹਾਡਾ ਕੰਮ ਵੀ ਨਾ ਰੁਕੇ ਤੇ ਛਬੀਲ ਦਾ ਵੀ ਚਲ ਜਾਏ। ਉਸ ਆਦਮੀ ਨੇ ਸ਼ਰਮਿੰਦਿਆਂ ਹੋਕੇ ਸੰਤਾਂ ਦੇ ਚਰਨ ਫੜ ਲਏ ਤੇ ਸਾਰੇ ਕੌਲੇ ਵਾਪਸ ਕਰਨੇ ਚਾਹੇ, ਪਰ ਆਪ ਨੇ ਅਧੇ ਕੌਲੇ ਉਸ ਨੂੰ ਦੇ ਹੀ ਦਿਤੇ। ਭਾਈ ਸਵਾਇਆ ਸਿੰਘ ਜੀ ਦੇ ਇਸ ਵਰਤਾਉ ਦਾ ਉਸ ਆਦਮੀ ਤੇ ਇੰਨਾ ਅਸਰ ਹੋਇਆ ਕਿ ਉਸ ਨੇ ਇਸ ਛਬੀਲ ਤੇ ਸੇਵਾ ਕਰਨੀ ਸ਼ੁਰੂ ਕਰ ਦਿਤੀ ਤੇ ਨਾਮ ਜਪ ਵਿਚ ਲਗ ਗਿਆ। ਸੰਤ ਸਵਾ-ਇਆ ਸਿੰਘ ਜੀ ਨੇ ਉਸ ਤੇ ਖੁਸ਼ੀ ਪ੍ਰਗਟ ਕੀਤੀ, ਵਾਹਿਗੁਰੂ ਨੇ ਉਸਦੀ

ਕਿਰਤ ਕਮਾਈ ਵਿਚ ਬਰਕਤ ਪਾਈ ਤੇ ਲੋਕ ਪ੍ਰਲੋਕ ਦੋਨੋਂ ਸੁਧਰ ਗਏ।

ਇਕ ਵੇਰ ਕੋਈ ਹੋਰ ਛਬੀਲ ਤੋਂ ਕੌਲੇ ਚੁਰਾਕੇ ਤੁਰ ਪਿਆ। ਇਕ ਸਿੰਘ ਨੇ ਕਿਹਾ ਕਿ ਇਹ ਚੋਰ ਹੈ, ਜੋ ਕੌਲੇ ਲੈ ਗਿਆ ਹੈ। ਸੰਤਾਂ ਨੇ ਕਿਹਾ–ਭਾਈ ਜੋ ਕੋਈ ਇਥੇ ਕੌਲੇ ਧਰ ਜਾਂਦਾ ਹੈ ਤਾਂ ਉਹ ਕੀ ਹੁੰਦਾ ਹੈ ? ਉਸ ਨੇ ਕਿਹਾ, ਦਾਤਾ। ਆਪ ਬੋਲੇ ਸਭ ਸਾਧ ਸੰਗਤ ਹੈ, ਜਿਸ ਪਾਸ ਵਾਧੂ ਹੁੰਦੇ ਹਨ ਏਥੇ ਦੇ ਜਾਂਦਾ ਹੈ, ਜਿਸ ਨੂੰ ਲੋੜ ਹੁੰਦੀ ਹੈ ਉਹ ਲੈ ਜਾਂਦਾ ਹੈ। ਸਾਨੂੰ ਸਭ ਵਿਚ ਸਾਧ ਸੰਗਤ ਦੀ ਦ੍ਰਿਸ਼ਟੀ ਚਾਹੀਏ, ਅਸੀਂ ਸਾਧੂ ਹਾਂ, ਸਾਡੀ ਦ੍ਰਿਸ਼ਟੀ ਵਿਚ ਕਾਣ ਦੀ ਲੋੜ ਨਹੀਂ ਹੈ।

**੧੩. ਗਰੀਬ ਪ੍ਰਿਤਪਾਲਾ ਤੇ ਗੁਰਸਿਖਾਂ ਦਾ ਸ਼ੁਭ ਚਿੰਤਨ–**

ਸੰਤ ਜੀ ਨੂੰ ਮਨੁਖ ਮਾਤ੍ਰ ਨਾਲ ਪ੍ਰੇਮ ਸੀ ਤੇ ਜੀਵ ਮਾਤ੍ਰ ਨਾਲ ਹਿਤ ਸੀ। ਚਾਟੀਵਿੰਡ ਦੇ ਦਰਵਾਜ਼ੇ ਸ਼ਹਿਰੋਂ ਬਾਹਰ ਵਾਰ ਖੂਹ ਦੇ ਨਾਲ ਜਿੱਥੇ ਆਪ ਨੇ ਟੂਟੀਆਂ ਲਾਕੇ ਇਸਤ੍ਰੀਆਂ ਤੇ ਪੁਰਖਾਂ ਦੇ ਇਸ਼ਨਾਨ ਤੇ ਜਲ ਛਕਣ ਲਈ ਸੁਖੈਨਤਾ ਕਰ ਦਿਤੀ, ਉਥੇ ਦੂਜੇ ਪਾਸੇ ਬੜਾ ਲੰਮਾ ਚੁਬੱਚਾ ਬਣਾਇਆ, ਜਿਸ ਦੇ ਵਿਚੋਂ ਇਕ ਵੇਲੇ ਪੰਜਾਹ ਸੱਠ ਪਸ਼ੂਆਂ ਦੇ ਪਾਣੀ ਪੀਣ ਦਾ ਪ੍ਰਬੰਧ ਕਰ ਦਿਤਾ। ਪਾਸ ਹੀ ਗੱਡਿਆਂ ਦੇ ਖੜੋਣ ਦੀ ਥਾਂ ਵੀ ਸੀ; ਯੱਕਿਆਂ ਦਾ ਅੱਡਾ ਨਾਲ ਹੀ ਸੀ, ਜਿਥੇ ਕਿ ਦੋ ਤਿੰਨ ਸੌ ਘੋੜੇ ਘੋੜੀਆਂ ਦਾ ਬੜਾ ਲਾਂਘਾ ਸੀ, ਪਰ ਪਾਣੀ ਖਾਈ ਦਾ ਜਾਂ ਛੱਪੜ ਦਾ ਮਿਲਦਾ ਸੀ ਜੋ ਚੰਗਾ ਨਹੀਂ ਸੀ ਹੁੰਦਾ। ਭਾਈ ਸਾਹਿਬ ਜੀ ਨੇ ਜੀਅ ਜੰਤ ਦੀ ਰੱਖਿਆ ਦਾ ਖਿਆਲ ਧਾਰਕੇ ਇਹ ਚੁਬੱਚੇ ਬਣਾਏ ਸਨ। ਇਨ੍ਹਾਂ ਵਿਚ ਹਰ ਵੇਲੇ ਤਾਜ਼ਾ ਜਲ ਭਰਿਆ ਰਹਿੰਦਾ ਸੀ, ਹੋਰਨਾਂ ਖੂਹਾਂ ਵਾਂਗ ਨਹੀਂ ਕਿ ਲੋਕਾਂ ਦੇ ਨ੍ਹਾਉਣ ਦਾ ਮੈਲਾ ਪਾਣੀ ਚੁਬੱਚੇ ਵਿਚ ਆਵੇ, ਚੁਬੱਚੇ ਵਿਚ ਖੂਹ ਦਾ ਸਿਧਾ ਪਾਣੀ ਬਿਨਾਂ ਕਿਸੇ ਦੀ ਵਰਤੋਂ ਵਿਚ ਆਏ ਦੇ ਪੈਂਦਾ ਹੈ। ਜਦ ਇਹ ਥਾਂ ਬਣੀ ਤਦ ਇਕ ਗਰੀਬ ਆਦਮੀ ਆਪ ਦੇ ਪਾਸ ਗਿਆ ਤੇ ਬੇਨਤੀ ਕੀਤੀ ਕਿ ਮੈਂ ਟੱਬਰਦਾਰ ਹਾਂ, ਕਾਰ ਵਿਹਾਰ ਕੋਈ ਨਹੀਂ; ਖਰਚ ਹੱਥੋਂ ਅਤਿ ਦੁਖੀ

ਹਾਂ, ਕਈ ਕਈ ਦਿਨ ਕੜਾਕੇ ਨਿਕਲਦੇ ਰਹਿੰਦੇ ਹਨ, ਡਾਢਾ ਹੀ ਨਿਰਧਨ ਤੇ ਕੰਗਲਾ ਹਾਂ, ਜੇ ਆਪ ਪ੍ਰਤਿਪਾਲਨਾ ਕਰੋ ਤਦ ਬੜੀ ਕ੍ਰਿਪਾ ਹੋਵੇ ? ਭਾਈ ਸਾਹਿਬ ਜੀ ਨੇ ਚੁਬੱਚੇ ਤੇ ਟੂਟੀਆਂ ਦੇ ਵਿਚਕਾਰ ਇਕ ਦੁਕਾਨ ਬਣਵਾ ਦਿਤੀ ਤੇ ਉਸ ਵਿਚ ਉਸ ਨੂੰ ਬਿਠਾ ਦਿਤਾ। ਦੁੱਧ ਦਹੀਂ, ਛੋਲੇ, ਆਦਿ ਸਾਮਾਨ ਉਸ ਨੇ ਰੱਖ ਲਿਆ। ਮੌਕਾ ਸੁਹਣਾ ਸੀ, ਹੱਟੀ ਚੱਲ ਪਈ ਤੇ ਉਸ ਗ਼ਰੀਬ ਟੱਬਰਦਾਰ ਦਾ ਗੁਜ਼ਾਰਾ ਚੰਗਾ ਤੁਰ ਪਿਆ। ਸਮਾਂ ਪਾ ਕੇ ਹੱਟੀ ਵਾਲਾ ਮਰ ਗਿਆ, ਹੁਣ ਲੋਕੀਂ ਸੰਤ ਜੀ ਪਾਸ ਜਾਣ ਲਗੇ ਕਿ ਇਹ ਜਗ੍ਹਾ ਸਾਨੂੰ ਕਿਰਾਏ ਦਿਤੀ ਜਾਏ, ਪਰ ਸੰਤ ਜੀ ਇਕ ਨਾ ਮੰਨਣ। ਅੰਤ ਲੋਕਾਂ ਨੇ ਵਡੇ ਵਡੇ ਆਦਮੀਆਂ ਦੀਆਂ ਸਫਾਰਸ਼ਾਂ ਪੁਆਈਆਂ। ਸੰਤ ਜੀ ਪੁਰ ਬੜਾ ਜ਼ੋਰ ਪੈ ਗਿਆ। ਸੁੰਦਰੀ ਲੇਖਕ ਨਾਲ ਸੰਤਾਂ ਦਾ ਬੜਾ ਹਿਤ ਸੀ। ਇਕ ਦਿਨ ਦੁਪਹਿਰ ਵੇਲੇ ਆਏ ਤੇ ਆਖਣ ਲਗੇ: ਸਾਨੂੰ ਇਕ ਮੁਸ਼ਕਲ ਵਿਚੋਂ ਕੱਢੋ। ਉਤਰ– ਆਪ ਬੀਤ ਰਾਗ, ਮੁਕਤ ਪੁਰਖ ਹੋ,ਆਪ ਨੂੰ ਮੁਸ਼ਕਲ ਕੇਹੀ ? ਸੰਤਾਂ ਨੇ ਫੁਰਮਾਇਆ ਕਿ ਸਾਨੂੰ ਬਹੁਤ ਲੋਕਾਂ ਨੇ ਹੱਟੀ ਕਿਰਾਏ ਨੂੰ ਦੇਣ ਵਾਸਤੇ ਕਿਹਾ ਹੈ ਅਤੇ ਭਾੜਾ ਵੀ ੧੫) ਮਹੀਨਾ ਦੇਂਦੇ ਹਨ। ਅਸਾ ਸਭਨਾਂ ਨੂੰ ਨਾਂਹ ਕੀਤੀ ਹੈ। ਹੁਣ ਇਕ ਵਡੇ ਆਦਮੀ ਨੇ ਜੋ ਸਤਿਸੰਗ ਵਿਚ ਪੈਰ ਧਰਦਾ ਹੈ, ਸਾਨੂੰ ਗੁਸਿਆ ਹੈ, ਅਸੀਂ ਨਾਂਹ ਕੀਤੀ ਹੈ, ਪਰ ਖਹਿੜਾ ਨਹੀਂ ਛਡਦਾ। ਤੁਸੀਂ ਉਸ ਨੂੰ ਤੇ ਹੋਰਨਾਂ ਨੂੰ ਸਮਝਾਓ ਕਿ ਮੇਰਾ ਸੰਕਲਪ ਹੱਟੀ ਕਿਰਾਏ ਦੇਣ ਦਾ ਨਹੀਂ। ਉਤਰ–'ਸਤਿ ਬਚਨ ਪਰ ਕ੍ਰਿਪਾ ਕਰਕੇ ਕਾਰਨ ਦੱਸ ਸਕਦੇ ਹੋਕਿ ਆਪ ਕਿਉਂ ਨਾਂਹ ਕਰਦੇ ਹੋ ?' ਉਸ ਵੇਲੇ ਉਨ੍ਹਾਂ ਦੇ ਮੈਲੇ ਬਸਤਰਾਂ ਤੇ ਸਿੱਧੀ ਪੱਧਰੀ ਸੂਰਤ ਵਿਚੋਂ,ਉਨ੍ਹਾਂ ਦੀ ਉੱਚੀ ਸਮਝ ਤੇ ਬਜ਼ੁਰਗ ਭਾਵ ਦੀ ਉਹ ਘਟਨਾ ਪ੍ਰਗਟ ਹੋਈ ਕਿ ਉਪਕਾਰੀ ਤੇ ਗਜਾਨੀ ਦੰਗ ਰਹਿ ਜਾਣ। ਕਹਿਣ ਲਗੇ: ਮੈਂ ਹਾਂ ਟਹਿਲੀਆ, ਗੁਰੂ ਨੇ ਸੇਵਾ ਇਹ ਬਖਸ਼ੀ ਹੈ ਕਿ ਸਿਖਾਂ ਦੀ ਕਮਾਈ ਵਿਚੋਂ ਤੈਨੂੰ ਜੋ ਕੁਛ ਮਿਲੇ ਸਫਲ ਕਰ, ਸੋ ਮੇਰੀ ਪ੍ਰਾਰਥਨਾ ਇਹ ਰਹਿੰਦੀ

ਹੈ ਕਿ ਹੇ ਗੁਰੂ ! ਤੇਰੇ ਸਿਖ ਧਰਮੀ ਹੋਣ, ਕਿਉਂਕਿ ਧਰਮੀ ਹੋਣਗੇ ਤਾਂ ਦਸਵੰਧ ਕੱਢਣਗੇ। ਫਿਰ ਮੈਂ ਕਹਿੰਦਾ ਹਾਂ, ਹੇ ਗੁਰੂ ਇਨ੍ਹਾਂ ਨੂੰ ਬਰਕਤ ਪਾ ਜੋ ਧਰਮ ਕਾਰਜਾਂ ਲਈ ਬਹੁਤ ਦਸਵੰਧ ਕੱਢਣ। ਜੇ ਧਰਮੀ ਹੋਣਗੇ ਤਦ ਕਮਾਈ ਬੀ ਖੋਟੀ ਨਾ ਕਰਨਗੇ, ਸੋ ਜੋ ਵਾਧਾ ਪਏਗਾ ਉਹ ਝੂਠ ਤੇ ਖੋਟ ਨਾਲ ਨਹੀਂ ਹੋਵੇਗਾ, ਗੁਰੂ ਕ੍ਰਿਪਾ ਨਾਲ ਪਏਗਾ। ਸੋ ਮੈਂ ਹੁਣ ਸਿਖਾਂ ਦਾ ਭਲਾ ਮੰਗਦਾ ਹਾਂ, ਜਦ ਮੈਂ ਕਿਰਾਇਆ ਖਾਣ ਲਗ ਪਿਆ ਤਦ ਮੈਨੂੰ ਅੰਦਰ ਖਿਆਲ ਪਊ ਕਿ ਜੇ ਕਦੀ ਇਕ ਦੁਕਾਨ ਹੋਰ ਬਣਵਾ ਲਵਾਂ ਤਦ ਕਿਰਾਇਆ ਬਹੁਤਾ ਆਉਣ ਲਗ ਜਾਏਗਾ, ਇੰਜ ਮੇਰਾ ਮਨ ਗੁਰੂ ਕੇ ਸਿਖਾਂ ਦੇ ਭਲੇ ਲੋਚਣ ਦੀ ਥਾਂ ਆਪਣੀ ਮਾਲਕੀ ਤੇ ਆਪਣੀ ਆਉਂਦਣ ਲਈ ਲੋਭੀ ਹੋ ਜਾਏਗਾ, ਫਿਰ ਮੈਂ ਕਲਗੀਧਰ ਜੀ ਦਾ ਦਾਸ ਕਿਸ ਤਰ੍ਹਾਂ ਰਹਾਂਗਾ ? ਗੁਰੂ ਕੇ ਵਾਸਤੇ ਮੈਨੂੰ ਕਿਰਾਏ ਤੇ ਵਿਆਜਾਂ ਵਿਚ ਨਾ ਪਾਓ। ਗੁਰੂ ਦਿੱਸੇ; ਗੁਰੂ ਦੀ ਸੇਵਾ ਦਿੱਸੇ। ਕੁਛ ਚਿਰ ਚੁਪ ਕਰਕੇ ਕਹਿਣ ਲੱਗੇ- ਜਿੱਥੇ ਮੈਂ ਗਰੀਬੀ ਤੇ ਸੇਵਾ ਵਿਚ ਹਾਂ ਮੈਨੂੰ ਕਿਰਾਇਆ ਤੇ ਵਿਆਜ ਆਪਣੇ ਲਈ ਵਿਹੁ ਦਿੱਸਦਾ ਹੈ। ਫਿਰ ਚੁਪ ਹੋ ਗਏ, ਫੇਰ ਕਹਿਣ ਲਗੇ ਜੇ ਹੱਟੀ ਬੰਦ ਕਰਾਈ ਜਾਏ ਤਾਂ ਉਹਦੇ ਅਗੇ ਪੰਜ ਪਸ਼ੂਆਂ ਦੇ ਪਾਣੀ ਪੀਣ ਦਾ ਚੁਬੱਚਾ ਖੁਲ੍ਹਦਾ ਹੈ; ਹੁਣ ਤੁਸੀਂ ਲੇਖਾ ਕਰੋ ਕਿ ਰਾਤ ਤੋੜੀ ਕਿੰਨੇ ਵਧੀਕ ਪਸ਼ੂ ਪੀ ਕੇ ਤ੍ਰਿਪਤ ਹੋ ਸਕਣਗੇ। ਕਿਕੂੰ ਬੇਜ਼ੁਬਾਨ ਪਸ਼ੂਆਂ ਦਾ ਸੁਖ ਛੱਡਕੇ ਮੈਂ ੧੫) ਨੂੰ ਪਿਆਰ ਕਰਾਂ ? ਕੀ ਇਹ ਸਿਖ ਨੂੰ ਸ਼ੋਭਦਾ ਹੈ ? ਇਹ ਕਹਿ ਕੇ ਫੇਰ ਚੁੱਪ ਹੋ ਗਏ।

**੧੪. ਅਣੋਖਾ ਬਪਾਰ-**

ਸੰਤ ਭਾਈ ਸਵਾਇਆ ਸਿੰਘ ਜੀ ਆਪਣੀ ਮਜਬੂਰੀ ਦੱਸ ਰਹੇ ਸਨ ਕਿ ਉਹ ਦੁਕਾਨ ਕਿਰਾਏ ਤੇ ਨਹੀਂ ਦੇਣਾ ਚਾਹੁੰਦੇ। ਇਨੇ ਨੂੰ ਉਹ ਸਜਨ ਵੀ ਆ ਗਏ ਜਿਹੜੇ ਮਜਬੂਰ ਕਰ ਰਹੇ ਸਨ ਕਿ ਦੁਕਾਨ ਜ਼ਰੂਰ ਕਿਰਾਏ ਤੇ ਦਿੱਤੀ ਜਾਏ। ਇਨ੍ਹਾਂ ਦੇ ਸਾਹਮਣੇ ਸੰਤ ਜੀ ਨੇ ਫਿਰ

ਆਪਣੇ ਆਸ਼ੇ ਨੂੰ ਦੁਹਰਾਇਆ ਤੇ ਕਿਹਾ ਕਿ ਜੇ ਇਹ ਗੱਲ ਨਹੀਂ ਮੰਨਦੇ ਤਾਂ ਭਲਾ ਐਉਂ ਕਰੋ ਕਿ ਇਕ ਬਿਹੰਗਮ ਨੂੰ ਹੱਟੀ ਵਿਚ ਬਿਠਾ ਦਿਓ। ਭੁੱਜੇ ਹੋਏ ਛੋਲੇ (ਬਾਦਾਮ) ਤੇ ਦਾਤਣਾਂ ਉਸ ਦੇ ਪਾਸ ਰਖ ਦਿਓ, ਉਹ ਸਿੰਘ ਇਸ਼ਨਾਨ ਕਰਨ ਵਾਲੇ ਨੂੰ ਦਾਤਣ ਤੇ ਨਿਰਨੇ ਕਾਲਜੇ ਪਾਣੀ ਪੀਣ ਵਾਲੇ ਨੂੰ ਮੁੱਠ ਛੋਲਿਆਂ ਦੀ ਦੇ ਦਿਆ ਕਰੇ। ਅਸੀਂ ਫਕੀਰ ਹਾਂ, ਪਰ ੨॥) ਮਹੀਨਾ ਸਾਧ ਸੰਗਤ ਦੇ ਦਸਵੰਧ ਵਿਚੋਂ ਅਸੀਂ ਦੇ ਦਿਆ ਕਰਾਂਗੇ ਤੇ ਚਾਰ ਪੰਜ ਰੁਪਏ ਦਾ ਆਪ ਉੱਦਮ ਕਰ ਦੇਣਾ। ਛੇਕੜਲੀ ਤਜਵੀਜ਼ ਆਪ ਨੇ ਇਹ ਦੱਸੀ ਕਿ ਜੇ ਹੱਟੀ ਖੋਲ੍ਹਣੀ ਹੀ ਹੈ ਤਦ ਕੋਈ ਨਿਰਧਨ ਸਿਖ ਲੱਭੋ ਜੋ ਗ਼ਰੀਬ ਹੋਵੇ, ਟੱਬਰਦਾਰ ਹੋਵੇ ਤੇ ਬੇਰੁਜ਼ਗਾਰ ਹੋਵੇ, ਉਸ ਨੂੰ ਬਿਨ ਕਰਾਏ ਬਿਠਾ ਦਿਓ, ਪਰ ਭਾੜਾ ਹੱਟੀ ਦਾ ਨਾਂ ਲਵੋ। ਇਸ ਤਰ੍ਹਾਂ ਨਾਲ ਆਪ ਨੇ ਆਪਣਾ ਆਸ਼ਾ ਪ੍ਰਗਟ ਕੀਤਾ। ਉਸ ਪ੍ਰੇਮੀ ਸਿੰਘ ਨੇ ਜੋ ਦੁਕਾਨ ਕਿਰਾਏ ਲੈਣ ਵਾਸਤੇ ਕਹਿ ਰਿਹਾ ਸੀ, ਸੰਤਾਂ ਦੀ ਗੱਲ ਬਾਤ ਸੁਣਕੇ ਸੀਸ ਨਿਵਾਇਆ ਤੇ ਸਤਿ-ਬਚਨ ਕਿਹਾ, ਫੇਰ ਆਪ ਚਲੇ ਗਏ। ਇਸ ਗੁਫਤਗੂ ਵਿਚ ਸੰਤਾਂ ਨੇ ਇਹ ਗਲ ਬੜੀ ਸਪਸ਼ਟ ਕਰਕੇ ਦੱਸੀ ਹੈ ਕਿ ਮੈਂ ਸੂਦ ਤੇ ਕਿਰਾਇਆ ਨਹੀਂ ਲੈਣਾ, ਮੈਂ ਟੇਕ ਸਾਧ ਸੰਗਤ ਦੇ ਦਸਵੰਧ ਤੇ ਰੱਖਣੀ ਹੈ ਤੇ ਸਾਧ ਸੰਗਤ ਦਾ ਦਸਵੰਧ ਸਫਲ ਕਰਨਾ ਹੈ। ਸੂਦ ਕਿਰਾਏ ਨਾਲ ਮੈਂ ਖੁਦੀ ਵਲ ਜਾਵਾਂਗਾ, ਸਾਧ ਸੰਗਤ ਦਾ ਸ਼ੁਭ ਇੱਛਕ ਨਹੀਂ ਰਹਾਂਗਾ। ਬਿਹੰਗਮ ਦਾ ਧਰਮ ਸੂਦ ਕਿਰਾਏ ਲੈਣਾ ਨਹੀਂ। ਸਾਧ ਸੰਗਤ ਦੇ ਦਸਵੰਧ ਵਰਤਣ ਵਿਚ ਆਪ ਦਾ ਵੀਚਾਰ ਸੀ ਕਿ ਮੈਂ ਇਹੋ ਚਾਹਾਂਗਾ ਕਿ ਗੁਰੂ ਆਪਣੇ ਕਿਰਤੀਆਂ ਸਿੱਖਾਂ ਦੀ ਕਮਾਈ ਵਿਚ ਬਰਕਤ ਪਾਵੇ ਤੇ ਉਹ ਦਸਵੰਧ ਕੱਢਣ ਅਤੇ ਮੈਂ ਉਸ ਨੂੰ ਪਰ ਸਵਾਰਥ ਪਰ ਵਰਤ ਕੇ ਸਫਲਾ ਕਰਾਂ। ਇਸ ਤਰ੍ਹਾਂ ਦੇ ਉੱਚੇ ਭਾਵ ਆਪ ਦੀ ਸਿੱਧ ਪਧਰੀ ਸੂਰਤ ਵਿਚ ਲੁਕੇ ਹੋਏ ਸਨ, ਜਿਵੇਂ ਲਾਲ ਕਿਸੇ ਸਾਧਾਰਨ ਟਾਕੀ ਵਿਚ ਬੱਧਾ ਹੋਵੇ।

### ੧੫. ਵਿਵਾਹ--

ਹੁਣ ਦੇਖੋ ਸੰਤਾਂ ਦੇ ਜੀਵਨ ਦਾ ਇਕ ਹੋਰ ਮਹਾਨ ਪਰਉਪਕਾਰੀ ਦਰਸ਼ਨ। ਗੱਲਾਂ ਨਾਲ ਪਰਉਪਕਾਰੀ ਸਭ ਕੋਈ ਹੈ, ਦੰਮਾਂ ਨਾਲ ਕੋਈ ਕੋਈ ਤੇ ਸ਼ਰੀਰ ਨਾਲ ਕੋਈ ਵਿਰਲਾ, ਪਰ ਦੁਖ ਸਹੇੜ ਕੇ ਪਰੋਪਕਾਰੀ ਗੁਰੂ ਕੇ ਪਿਆਰੇ ਭਾਈ ਸ਼ਾਮ ਸਿੰਘ ਜੀ ਵਰਗੇ ਅਤਿ ਵਿਰਲੇ ਹਨ। ਸੰਤ ਸਵਾਇਆ ਸਿੰਘ ਜੀ ਪਹਿਲਾਂ ਇਕੱਲੇ ਹੀ ਵਿਚਰਦੇ ਹੁੰਦੇ ਸਨ। ਪਤਾ ਲਗਦਾ ਹੈ ਕਿ ਇਕ ਦਿਨ ਆਪ ਦੀ ਮਾਤਾ ਜੀ ਨੇ ਵਿਵਾਹ ਵਾਸਤੇ ਕਿਹਾ, ਅੱਗੋਂ ਸੰਤਾਂ ਨੇ ਉੱਤਰ ਦਿੱਤਾ ਕਿ ਮੈਂ ਇਹ ਮਨ ਵਾਹਿਗੁਰੂ ਜੀ ਨੂੰ ਦੇ ਦਿਤਾ ਹੈ ਤੇ ਚਾਹੁੰਦਾ ਹਾਂ ਕਿ ਇਹ ਸਰੀਰ ਗੁਰੂ ਕਲਗੀਆਂ ਵਾਲੇ ਦੀ ਸੇਵਾ ਵਿਚ ਹੀ ਸਫਲਾ ਹੋਵੇ, ਇਸ ਲਈ ਸਾਧ ਸੰਗਤ ਦੀ ਸੇਵਾ ਕਰਦਾ ਹਾਂ। ਵਿਆਹ ਕੀਤਿਆਂ ਮੋਹ ਮਾਇਆ ਪੈ ਜਾਏਗੀ ਤੇ ਖ਼ੁਦਗਰਜ਼ੀ ਆ ਜਾਏਗੀ, ਤਦ ਮੈਂ ਆਪਣਾ ਸੇਵਕ ਬਣ ਜਾਵਾਂਗਾ, ਪਰ ਇਧਰ ਮਾਤਾ ਦਾ ਹੁਕਮ ਸੀ। ਗੁਰੂ ਘਰ ਵਿਚ ਸਿਖ ਲਈ ਵਿਵਾਹ ਮਰਿਯਾਦਾ ਵੀ ਹੈ। ਮਾਤਾ ਹਠ ਤੇ ਹੋ ਗਈ, ਤਦ ਆਪ ਨੇ ਕਿਹਾ ਕਿ ਅੱਛਾ ਮਾਤਾ ਜੀ ! ਜੇ ਤੁਸਾਂ ਮੇਰਾ ਵਿਵਾਹ ਕਰਾਉਣਾ ਹੀ ਹੈ ਤਦ ਮੈਨੂੰ ਇਸਤ੍ਰੀ ਆਪ ਢੂੰਡ ਲੈਣ ਦੀ ਆਗਜਾ ਦਿਓ, ਜਿਸ ਨਾਲ ਮੇਰਾ ਚਿਤ ਕਰੇ ਵਿਵਾਹ ਕਰਾਂ। ਇਹ ਬਚਨ ਆਪ ਦਾ ਸ੍ਰੀ ਮਾਤਾ ਜੀ ਨੇ ਮੰਨ ਲਿਆ।

ਹੁਣ ਸੰਤਾਂ ਦੇ ਆਪਾ ਤਿਆਗ,ਸੇਵਾ ਤੇ ਉਪਕਾਰ ਦਾ ਕਮਾਲ ਤੱਕੋ, ਆਪ ਨੇ ਢੂੰਡ ਢਾਂਡ ਕੇ ਆਪਣੇ ਵਿਵਾਹ ਲਈ ਇਕ ਨੇਤ੍ਰਾਂ ਤੋਂ ਹੀਨ ਇਸਤ੍ਰੀ ਲੱਭੀ ਜਿਸ ਦੇ ਹੱਥ ਪੈਰ ਬੀ ਸੁਅਸਥ ਨਹੀਂ ਸਨ। ਉਹ ਅਪਣੀ ਕ੍ਰਿਯਾ ਆਪ ਨਹੀਂ ਸੀ ਸਾਧ ਸਕਦੀ। ਉਸ ਨਾਲ ਵਿਆਹ ਕੀਤਾ, ਵਿਆਹ ਦਾ ਫਲ ਇਹ ਕਿ ਉਸ ਬੀਬੀ ਨੂੰ ਅੰਨ ਬਸਤਰ ਦਾ ਆਰਾਮ ਹੋ ਗਿਆ। ਐਸਾ ਗੁਰਮੁਖ ਸਾਥੀ ਤੇ ਸਿਰਤਾਜ ਮਿਲ ਗਿਆ ਅਤੇ ਸਤਿਸੰਗ ਵਿਚ ਵਾਸ ਹੋ ਗਿਆ।

ਹੁਣ ਵੀਚਾਰ ਕਰੋ ਕਿ ਨੇਤ੍ਰਹੀਨ ਤੇ ਅੰਗਾਂ ਕਰਕੇ ਅਪਾਹਜ ਇਸਤ੍ਰੀ ਦੇ ਵਿਵਾਹ ਵਿਚ ਕਿਤਨਾ ਅਮਲੀ ਤਿਆਗ ਹੈ। ਇਸ ਬੀਬੀ ਦੇ ਸੁਖ ਦਾ ਸਾਰਾ ਸਾਮਾਨ ਆਪਨੂੰ ਕਰਨਾ ਪੈਂਦਾ ਸੀ, ਇਸਤ੍ਰੀ ਵਲੋਂ ਸੇਵਾ ਦਾ ਕੋਈ ਸੁਖ ਨਹੀਂ ਸੀ। ਜਿਨ੍ਹਾਂ ਨੇ ਡਿੱਠਾ ਹੈ ਓਹ ਜਾਣਦੇ ਹਨ ਕਿ ਜਿਵੇਂ ਸੰਤ ਜੀ ਲੋੜਵੰਦਾਂ; ਦੁਖੀਆਂ, ਪਸ਼ੂਆਂ ਤੇ ਜੀਵਾਂ ਦਾ ਸੁਖ ਸਾਮਾਨ ਕਰਦੇ ਸਨ ਉਵੇਂ ਹੀ ਇਸ ਇਸਤ੍ਰੀ ਦਾ ਕਰਦੇ ਸਨ, ਗੋਇਆ ਆਪਣੇ ਵਿਵਾਹ ਨੂੰ ਬੀ ਇਕ ਨੇਤ੍ਰਹੀਨ ਤੇ ਅੰਗਹੀਨ ਇਸਤ੍ਰੀ ਨੂੰ ਚੁਣਕੇ, ਜਿਸ ਦਾ ਸਹਾਰਾ ਕੋਈ ਨਹੀਂ ਸੀ,ਇਕ ਸੇਵਾ ਕਰਨ ਦਾ ਵਸੀਲਾ ਹੋਰ ਬਣਾ ਲਿਆ। ਕੌਣ ਹੈ ਸਿਵਾਏ ਕਲਗੀਆਂ ਵਾਲੇ ਦੇ ਅਨਿੰਨ ਭਗਤ ਸਿਖਾਂ ਦੇ ਜੋ ਐਸੇ ਕੁਰਬਾਨੀ ਦੇ ਜੀਵਨ ਬਸਰ ਕਰਨ।

**੧੧. ਆਪਣੇ ਗਾਹਕਾਂ ਦਾ ਦਰਦ–**

ਅਸੀਂ ਪਿੱਛੇ ਦੱਸ ਆਏ ਹਾਂ ਕਿ ਚਾਟੀਵਿੰਡ ਦਰਵਾਜ਼ੇ ਤੋਂ ਬਾਹਰ ਸ੍ਰੀ ਤਰਨ ਤਾਰਨ ਸਾਹਿਬ ਦੀ ਸੜਕ ਤੇ ਆਪ ਨੇ ਗਊਸ਼ਾਲਾ, ਖੂਹ ਤੇ ਪਸ਼ੂਆਂ ਦੇ ਪਾਣੀ ਪੀਣ ਲਈ ਚੁਬੱਚੇ ਬਣਵਾਏ ਹੋਏ ਸਨ, ਚੁਬੱਚਿਆਂ ਦੇ ਨਾਲ ਇਥੇ ਇਕ ਦੁਕਾਨ ਵੀ ਬਣੀ ਹੋਈ ਸੀ, ਜੋ ਇਕ ਸਮੇਂ ਇਕ ਲੋੜਵੰਦ ਹਲਵਾਈ ਨੂੰ ਦਿਤੀ ਗਈ ਸੀ। ਉਹ ਦੁੱਧ ਦਹੀਂ ਰੱਖਦਾ ਸੀ ਤੇ ਉਸ ਦੀ ਚੰਗੀ ਵਿਕਰੀ ਹੋ ਜਾਂਦੀ ਸੀ।

ਗਰਮੀ ਦੇ ਦਿਨ ਸਨ, ਤਿੰਨ ਚਾਰ ਵਜੇ ਦੇ ਕਰੀਬ ਸ਼ਹਿਰ ਦਾ ਵੱਗ ਬਾਹਰੋਂ ਫਿਰਕੇ ਵਾਪਸ ਮੁੜਿਆ, ਗਊਆਂ ਮਹੀਆਂ ਤਿਹਾਈਆਂ ਸਨ, ਇਕ ਦੂਜੇ ਤੋਂ ਪਹਿਲਾਂ ਚੁਬੱਚੇ ਤੇ ਅਪੜਕੇ ਪਾਣੀ ਪੀਣ ਦਾ ਯਤਨ ਕਰਨ ਲੱਗੀਆਂ। ਭਾਈ ਸਵਾਇਆ ਸਿੰਘ ਜੀ ਉੱਚੀ ਥਾਂ ਤੇ ਖਲੋਤੇ ਪਸ਼ੂਆਂ ਨੂੰ ਠੰਢਾ ਤੇ ਨਿਰਮਲ ਜਲ ਛਕਦਿਆਂ ਦੇਖ ਪ੍ਰਸੰਨ ਹੋ ਰਹੇ ਸਨ। ਉਸੇ ਵੇਲੇ ਉਨ੍ਹਾਂ ਦੀ ਨਜ਼ਰ ਇਸ ਹਲਵਾਈ ਤੇ ਪਈ, ਇਹ ਇਕ ਹੱਥ ਵਿਚ ਸੋਟੀ ਲਈ ਖੜਾ ਸੀ ਤੇ ਆਪਣੀ ਹੱਟੀ ਦੇ ਅਗੇ ਆਉਣ ਵਾਲੀਆਂ ਗਊਆਂ ਮਹੀਆਂ ਨੂੰ ਸੋਟੀ ਮਾਰ ਮਾਰ ਉਨ੍ਹਾਂ ਨੂੰ

ਦੁਕਾਨ ਤੋਂ ਪਰੇ ਕਰ ਰਿਹਾ ਸੀ। ਸੰਤ ਸਵਾਇਆ ਸਿੰਘ ਜੀ ਬੇਜ਼ੁਬਾਨ ਪਸ਼ੂਆਂ ਨੂੰ ਮਾਰ ਪੈਂਦੀ ਵੇਖ ਕੇ ਨਾ ਸਹਾਰ ਸਕੇ, ਦੌੜਕੇ ਹਲਵਾਈ ਪਾਸ ਗਏ ਤੇ ਉਸ ਦੇ ਹੱਥੋਂ ਸੋਟੀ ਖੋਹ ਲਈ ਤੇ ਪੁੱਛਣ ਲਗੇ ਕਿ ਤੂੰ ਇਨ੍ਹਾਂ ਨੂੰ ਕਿਉਂ ਮਾਰ ਰਿਹਾ ਹੈਂ ? ਹਲਵਾਈ ਨੇ ਉੱਤਰ ਦਿਤਾ ਕਿ ਇਹ ਮੇਰੀ ਦੁਕਾਨ ਅਗੇ ਆਕੇ ਚਿੱਕੜ ਭਰੇ ਪੈਰਾਂ ਨਾਲ ਚਿੱਕੜ ਕਰਦੀਆਂ ਹਨ, ਜਿਸ ਤੋਂ ਮੇਰੇ ਗਾਹਕਾਂ ਨੂੰ ਤਕਲੀਫ ਹੁੰਦੀ ਹੈ ? ਸੰਤ ਜੀ ਨੇ ਇਹ ਗਲ ਸੁਣ ਕੇ ਦੰਦਾਂ ਹੇਠ ਜੀਭ ਲੈ ਲਈ ਤੇ ਕਹਿਣ ਲਗੇ ਕਿ ਤੂੰ ਆਪਣੇ ਗਾਹਕਾਂ ਦੇ ਸੁਖ ਲਈ ਸਾਡੇ ਗਾਹਕਾਂ ਨੂੰ ਦੁਖ ਦੇ ਰਿਹਾ ਹੈਂ ? ਜੇ ਤੂੰ ਆਪਣੇ ਗਾਹਕਾਂ ਦੀ ਜ਼ਰਾਂ ਜਿੰਨੀ ਖੇਚਲ ਵੀ ਨਹੀਂ ਸਹਾਰ ਸਕਦਾ ਤਾਂ ਅਸੀਂ ਆਪਣੇ ਗਾਹਕਾਂ ਨੂੰ ਮਾਰ ਪੈਂਦੀ ਕਿਵੇਂ ਸਹਾਰ ਸਕਦੇ ਹਾਂ ?

### ੧੭. ਗਊਸ਼ਾਲਾ ਦੇ ਪਸ਼ੂ -

ਅਸੀਂ ਪਿੱਛੇ ਦੱਸ ਆਏ ਹਾਂ ਕਿ ਸੰਤ ਜੀ ਨੇ ਦੂਰ ਨੇੜੇ ਦੇ ਗੁਰ-ਦੁਆਰਿਆਂ ਦੇ ਵਿਚ ਮਨਾਏ ਜਾਣ ਵਾਲੇ ਗੁਰਪੁਰਬਾਂ ਤੇ ਮੇਲਿਆਂ ਪੁਰ ਛਬੀਲਾਂ ਲਾਉਣ ਦਾ ਪ੍ਰਬੰਧ ਕਰ ਰਖਿਆ ਸੀ, ਹਰ ਥਾਂ ਤੇ ਰੇਲ ਨਹੀਂ ਜਾਂਦੀ, ਇਸ ਕਰਕੇ ਛਬੀਲ ਦਾ ਸਾਮਾਨ ਲੈ ਜਾਣ ਲਈ ਗੱਡਿਆਂ ਦਾ ਪ੍ਰਬੰਧ ਕਰ ਰੱਖਿਆ ਸੀ। ਗੱਡਿਆਂ ਨੂੰ ਖਿੱਚਣ ਲਈ ਸੰਢੇ ਤੇ ਝੋਟਿਆਂ ਦੀ ਲੋੜ ਸੀ, ਇਹ ਕਾਫੀ ਗਿਣਤੀ ਵਿਚ ਆਪ ਪਾਸ ਹੁਣ ਹੋ ਗਏ ਸਨ। ਇਨ੍ਹਾਂ ਪਸ਼ੂਆਂ ਲਈ ਘਾਹ ਪੱਠੇ ਦੀ ਜ਼ਰੂਰਤ ਸੀ। ਸੰਤ ਜੀ ਦੇ ਉਪਕਾਰਾਂ ਨੂੰ ਵੇਖ ਕੇ ਆਪਣੇ ਆਪ ਹੀ ਸੰਗਤਾਂ ਵਲੋਂ ਕਾਫ਼ੀ ਪਿਆਰ ਹੋ ਜਾਂਦਾ ਸੀ ਤੇ ਉਹਨਾਂ ਦੀਆਂ ਲੋੜਾਂ ਆਮ ਤੌਰ ਤੇ ਸੁਤੇ ਸਿੱਧ ਹੀ ਪੂਰੀਆਂ ਹੋ ਜਾਂਦੀਆਂ ਸਨ। ਲੋਕੀਂ ਇਨ੍ਹਾਂ ਦੀ ਸੇਵਾ ਲਈ ਗੱਫੇ ਅਰਦਾਸ ਕਰਾਉਂਦੇ ਸਨ। ਸੰਤਾਂ ਦੇ ਪਸ਼ੂਆਂ ਨੂੰ ਪੱਠੇ ਮਿਲਦੇ ਵੇਖ ਕੇ ਤੇ ਸੰਤਾਂ ਦੇ ਦਿਆਲੂ ਸੁਭਾਉ ਨੂੰ ਤੱਕ ਕੇ ਕਈ ਲੋਕੀਂ ਬੁੱਢੀਆਂ ਠੇਰਾਆਂ, ਬੀਮਾਰ ਲੰਗੜੀਆਂ ਤੇ ਦੁੱਧ ਹੀਨ ਗਊਆਂ ਇਨ੍ਹਾਂ ਦੇ ਛਡ

ਜਾਂਦੇ ਸਨ। ਇਨ੍ਹਾਂ ਨੇ ਇਸ ਤਰ੍ਹਾਂ ਦੇ ਆਏ ਤੇ ਪੱਠਿਆਂ ਤੇ ਪਏ ਪਸ਼ੂ ਨੂੰ ਕਦੇ ਨਹੀਂ ਹਟਾਇਆ ਸੀ, ਜਿਸ ਤੋਂ ਲੋਕਾਂ ਨੂੰ ਹੋਰ ਮੌਕਾ ਮਿਲ ਗਿਆ ਤੇ ਉਹ ਜਦ ਕਦੇ ਕਿਸੇ ਪਸ਼ੂ ਨੂੰ ਆਪਣੇ ਤੇ ਭਾਰੂ ਵੇਖਦੇ ਤਦ ਇਹ ਵਿਚਾਰ ਕੇ :-

ਸਿੰਗ ਟੂਟੇ ਅਰ ਖੁਰ ਘਿਸੇ ਕੰਧਾ ਬੋਝ ਨ ਲੇ,
ਐਸੇ ਬੂਢੇ ਬੈਲ ਕੋ ਕੌਨ ਬਾਂਟ ਭੁਸ ਦੇ।

ਸੰਤ ਜੀ ਦੇ ਡੇਰੇ ਪੁਚਾ ਦੇਣਾ ਸ਼ੁਰੂ ਕੀਤਾ, ਜਿਸ ਤੋਂ ਆਪ ਦੇ ਪ੍ਰਬੰਧ ਵਿਚ ਇਕ ਤਕੜੀ ਗਊਸ਼ਾਲਾ ਬਣ ਗਈ। ਇਹ ਗਊਸ਼ਾਲਾ ਢਾਟੀਵਿੰਡ ਦੇ ਦਰਵਾਜ਼ੇ ਦੇ ਬਾਹਰ ਆਪ ਦੀ ਅਟੱਲ ਚੱਲ ਰਹੀ ਪਸ਼ੂਆਂ ਤੇ ਮਨੁੱਖਾਂ ਲਈ ਲਾਈ ਛਬੀਲ ਦੇ ਨਾਲ ਹੀ ਹੈ। ਇਨ੍ਹਾਂ ਹੀ ਦਿਨਾਂ ਵਿਚ ਸ਼ਹਿਰ ਵਿਚ ਕਿਸੇ ਹੋਰ ਖਿਆਲ ਨੂੰ ਲੈਕੇ ਇਕ ਗਊਸ਼ਾਲਾ ਹੋਰ ਖੁਲ੍ਹੀ, ਉਹਦੇ ਪ੍ਰਬੰਧਕਾਂ ਨੇ ਕਿਸੇ ਹੋਰ ਖਿਆਲ ਤੇ ਆਪ ਜੀ ਤੋਂ ਇਨ੍ਹਾਂ ਪਸ਼ੂਆਂ ਦੀ ਮੰਗ ਕੀਤੀ। ਪਰ ਸੰਤ ਜੀ ਦਾ ਉੱਤਰ ਡਾਢਾ ਸਿੱਧਾ, ਸਰਲ, ਸੱਚਾ ਤੇ ਸੁੱਚਾ ਸੀ ਕਿ ਗਊਸ਼ਾਲਾ ਬਨਾਉਣ ਦੀ ਮੈਨੂੰ ਖਿੱਚ ਨਹੀਂ, ਕਿਸੇ ਪਾਸੋਂ ਪਸ਼ੂ ਲੈਣ ਮੈਂ ਨਹੀਂ ਜਾਂਦਾ, ਪਰ ਜਿਹੜਾ ਦੁਖੀਆ ਨਿਰਬਲ, ਲਿੱਸਾ, ਮਾੜੂਆ ਤੇ ਕਮਜ਼ੋਰ ਪਸ਼ੂ ਗੁਰੂ ਦੇ ਝੰਡੇ ਹੇਠ ਆ ਜਾਏ ਉਹਨੂੰ ਆਪਣੀ ਹੱਥੀਂ ਬਾਹਰ ਟੋਰਨਾ ਗੁਰੂ ਜੀ ਦੇ ਝੰਡੇ ਦੀ ਹੱਤਕ ਹੈ। ਮੈਨੂੰ ਨਾ ਪਕੜ ਗਊਸ਼ਾਲਾ ਬਣਾਉਣ ਦੀ ਹੈ, ਨਾ ਰੱਖਣ ਦੀ ਹੈ ਤੇ ਨਾ ਹੀ ਟੁੱਟਣ ਦਾ ਸ਼ੋਕ ਹੋਵੇਗਾ, ਮੈਂ ਤਾਂ ਆ ਗਏ ਅਤਿੱਥੀ ਦੀ ਦੁਖੀ ਦੀ, ਬੁੱਢੇ ਦੀ ਸੇਵਾ ਕਰਨੀ ਹੈ,ਚਾਹੇ ਉਹ ਮਨੁੱਖ ਹੈ ਚਾਹੇ ਉਹ ਪਸ਼ੂ ਹੈ।

### ੧੯. ਪਸ਼ੂਆਂ ਦਾ ਸਾਂਝਾ ਲੰਗਰ--

ਇਕ ਵੇਰ ਸੰਤਾਂ ਨੇ ਪਸ਼ੂਆਂ ਦੇ ਚਰਨ ਲਈ ਇਕ ਭੋਂ ਠੇਕੇ ਤੇ ਲਈ, ਜਿਸ ਵਿਚ ਘਾਹ ਬਹੁਤ ਉੱਗ ਰਿਹਾ ਸੀ। ਇਸ ਖੇਤ ਵਿਚ ਗਊਸ਼ਾਲਾ ਦੇ ਪਸ਼ੂ ਜਾ ਕੇ ਚਰਦੇ ਚੁਗਦੇ ਰਹਿੰਦੇ ਸਨ। ਇਕ ਦਿਨ ਗੁੱਜਰਾਂ ਦੇ ਭੁੱਖੇ ਪਸ਼ੂ ਉਸ ਖੇਤ ਵਿਚ ਆ ਪਏ, ਸੰਤਾਂ ਦੇ ਸੇਵਕ ਇਕ

ਸਿੰਘ ਵਾਗੀ ਨੇ ਉਹਨਾਂ ਨੂੰ ਸੋਟੇ ਮਾਰਕੇ ਕੱਢ ਦਿਤਾ। ਸ਼ਾਮਾਂ ਕੁ ਵੇਲੇ ਆਪ ਨੂੰ ਖਬਰ ਹੋਈ ਤਦ ਵਾਗੀ ਨੂੰ ਸੱਦਕੇ ਆਪਨੇ ਪ੍ਰਸ਼ਾਦ ਛਕਾਇਆ ਤੇ ਫੇਰ ਕਿਹਾ ਕਿ ਭਾਈ! ਹੁਣ ਸਾਡਾ ਤੇਰਾ ਨਿਬਾਹ ਨਹੀਂ ਹੋ ਸਕਦਾ, ਆਪਣਾ ਡੇਰਾ ਕਿਤੇ ਹੋਰ ਥੇ ਕਰ ਲੈ। ਸੰਤਾਂ ਜਿਹੀ ਸ਼ੀਲ ਤੇ ਸੁਹਿਰਦ ਵਯਕਤੀ ਦੇ ਮੂੰਹ ਤੋਂ ਵਾਗੀ ਇਹ ਗਲ ਸੁਣਕੇ ਹੈਰਾਨ ਹੋ ਗਿਆ ਤੇ ਸੰਤਾਂ ਦੇ ਚਰਨ ਫੜ ਲਏ। ਹਥ ਜੋੜਕੇ ਬੇਨਤੀ ਕੀਤੀ ਕਿ ਮੈਂ ਕੀ ਖੁਨਾਮੀ ਕੀਤੀ ਹੈ ? ਮੈਥੋਂ ਕੀ ਅਵੱਗਯਾ ਹੋਈ ਹੈ ਕਿ ਮੈਂ ਆਪ ਜੀ ਦੇ ਦਰੋਂ ਇਸ ਤਰ੍ਹਾਂ ਧੱਕਿਆ ਜਾ ਰਿਹਾ ਹਾਂ ? ਸੰਤਾਂ ਇਕ ਡਾਢਾ ਭਰਵਾਂ ਸਾਹ ਲਿਆ, ਉਹਨਾਂ ਦੀਆਂ ਅੱਖਾਂ ਸਜਲ ਹੋ ਆਈਆਂ ਤੇ ਕਹਿਣ ਲਗੇ ਕਿ ਤੂੰ ਅਜ ਕਲਗੀਧਰ ਜੀ ਦੇ ਝੰਡੇ ਦੀ ਹੱਤਕ ਕੀਤੀ ਹੈ। ਉਸ ਨੇ ਕੰਬ ਕੇ ਕਿਹਾ ਕਿ ਦੀਨ ਦਿਆਲ ਜੀ! ਮੈ ਐਸੀ ਅਵੱਗਯਾ ਨਹੀਂ ਕੀਤੀ; ਸੰਤ ਕਹਿਣ ਲਗੇ ਕਿ ਅਜ ਗੁਰੂ ਦੇ ਲੰਗਰ ਵਿਚ ਅਤਿਥੀ ਆਏ ਸਨ, ਉਹ ਭੁੱਖੇ ਸਨ ਤੇ ਭੋਜਨ ਪਾਉਣ ਲਈ ਆਏ ਸਨ, ਤੂੰ ਉਹਨਾਂ ਦਾ ਆਦਰ ਕਰਨ ਦੀ ਥਾਂ ਸੋਟੇ ਮਾਰੇ, ਇਹ ਕਲਗੀਧਰ ਜੀ ਦੇ ਝੰਡੇ ਦੀ ਹੱਤਕ ਹੈ। ਇਹ ਕਹਿਕੇ ਆਪ ਦੇ ਨੇਤ੍ਰ ਡੁਲ੍ਹ ਪਏ। ਵਾਗੀ ਨੇ, ਜੋ ਸਿੰਘ ਸੀ, ਕਿਹਾ ਕਿ ਮਹਾਰਾਜ! ਮੈਂ ਅਜਿਹਾ ਕੰਮ ਨਹੀਂ ਕੀਤਾ। ਸਤਾਂ ਕਿਹਾ ਕਿ ਜਿਹੜੀ ਹਰੇ ਘਾਹ ਵਾਲੀ ਭੋਂ ਅਸਾਂ ਠੇਕੇ ਤੇ ਲਈ ਹੈ, ਉਹ ਘਾਹ ਗੁਰੂ ਕਾ ਲੰਗਰ ਹੈ ਪਸ਼ੂਆਂ ਵਾਸਤੇ। ਜਿਕੂੰ ਰੋਜ਼ ਡੇਰੇ ਲੰਗਰ ਕਰੀਦਾ ਹੈ, ਜੋ ਅਤਿੱਥੀ ਮਨੁੱਖ ਆਵੇ ਉਸ ਨੂੰ ਪ੍ਰਸਾਦਾ ਮਿਲਦਾ ਹੈ, ਨਾਂਹ ਕਿਸੇ ਨੂੰ ਨਹੀਂ ਕਰੀਦੀ, ਕਿਉਂਕਿ ਲੰਗਰ ਗੁਰੂ ਕਾ ਹੈ; ਸਾਡੀ ਕਮਾਈ ਦਾ ਤਾਂ ਹੈ ਨਹੀਂ (ਉਂਜ ਉਹ ਬੀ ਗੁਰੂ ਕੀ ਹੀ ਹੈ) ਸੋ ਜਿਵੇਂ ਇਹ ਡੇਰੇ ਦਾ ਲੰਗਰ ਮਨੁੱਖਾਂ ਵਾਸਤੇ ਹੈ ਤਿਵੇਂ ਉਹ ਘਾਹ ਦਾ ਲੰਗਰ ਪਸ਼ੂਆਂ ਵਾਸਤੇ ਹੈ। ਦੂਇ ਲੰਗਰ ਕਲਗੀਧਰ ਜੀ ਦੇ ਹੈਨ, ਜਿੱਥੋਂ ਅਤਿਥੀਆਂ ਨੂੰ ਨਾਂਹ ਨਹੀਂ ਹੋ ਸਕਦੀ, ਫਿਰ ਉਸ ਘਾਹ ਦੇ ਲੰਗਰ ਤੇ ਜਦ ਪਸ਼ੂ ਆਏ ਤਦ ਤੁਸਾਂ ਕਿਉਂ ਸੋਟੇ ਮਾਰੇ ? ਸਿੰਘ ਨੇ ਹਥ ਜੋੜਕੇ ਕਿਹਾ ਕਿ ਇਹ ਭੁੱਲ ਤਾਂ ਜ਼ਰੂਰ ਹੋਈ ਹੈ, ਪਰ ਮਹਾਰਾਜ!

ਜੇ ਇਸ ਤਰ੍ਹਾਂ ਪਸ਼ੂਆਂ ਨੂੰ ਖੁੱਲ੍ਹ ਦੇ ਦਿਤੀ ਜਾਏ, ਤਦ ਆਪਣੇ ਪਸ਼ੂ ਕੀ ਖਾਣਗੇ ? ਸੰਤਾਂ ਕਿਹਾ:–ਭੋਲਿਆ ! ਇਹ ਭੋਂ ਅਗੇ ਤੇਰੀ ਕਮਾਈ ਨਾਲ ਮਿਲੀ ਹੈ ਜਾਂ ਮੇਰੀ ਨਾਲ ? ਗੁਰੂ ਨੇ ਸਿੱਖਾਂ ਦੇ ਰਿਦੇ ਪ੍ਰੇਰੇ, ਸਿੱਖਾਂ ਨੇ ਆਪਣੇ ਦਸਵੰਧ ਵਿੱਚੋਂ ਰੁਪਏ ਦਿਤੇ, ਤਦੋਂ ਅਸਾਂ ਨੇ ਇਹ ਭੋਂ ਲਈ ਸੀ। ਵਾਗੀ ਬੋਲਿਆ–ਜੀ ! ਇਕੁਰ ਤਾ ਫੇਰ ਘਾਹ ਦਸਾਂ ਦਿਨਾਂ ਵਿਚ ਮੁੱਕ ਜਾਏਗਾ; ਫੇਰ ਕੀ ਕਰਾਂਗੇ ? ਸੰਤ ਬੋਲੇ–ਤਦੇ ਤਾਂ ਤੈਨੂੰ ਟੋਰਦੇ ਹਾਂ ਜੋ ਗੁਰੂ ਪਰ ਤੇਰਾ ਭਰੋਸਾ ਨਹੀਂ। ਗੁਰੂਕੇ ਖਜ਼ਾਨੇ ਅਖੁੱਟ ਹਨ, ਉਹ ਕਦੇ ਆਪਣੇ ਡੰਗਰਾਂ ਨੂੰ ਥੁੜਨ ਨਹੀਂ ਦੇਵੇਗਾ, ਜਿਸ ਖਜ਼ਾਨਿਓਂ ਅਗੇ ਰੁਪਏ ਘੱਲੇ ਸੂ, ਉਸੇ ਖਜ਼ਾਨਿਓਂ ਹੋਰ ਘੱਲੇਗਾ। ਉਹ ਵਿਸੰਭਰ ਹੈ, ਉਸ ਨੇ ਸਭ ਨੂੰ ਪਾਲਣਾ ਹੈ, ਗੁਰੂ ਦੇ ਘਰ ਕਿਸੇ ਗਲ ਦੀ ਕਮੀਂ ਹੈ ? ਜੇ ਟੋਟਾ ਆ ਜਾਏਗਾ ਤਾਂ ਗੁਰੂ ਹੋਰ ਦਏਗਾ।

ਇਹ ਉੱਚ ਭਾਵ ਸੁਣਕੇ ਵਾਗੀ ਸਿੰਘ ਨੇ ਭੁੱਲ ਮੰਨੀ; ਫਿਰ ਅਰਦਾਸਾ ਸੁਧਵਾਕੇ ਭੁੱਲ ਬਖਸ਼ਵਾਈ।

ਕਿਹਾ ਜਾ ਸਕਦਾ ਹੈ ਕਿ ਇਸ ਤਰ੍ਹਾਂ ਪ੍ਰਬੰਧ ਨਹੀਂ ਨਿਭਦਾ, ਪਰ ਭਾਈ ਸਾਹਿਬ ਜਿਸ ਪਦ ਵਿਚ ਖੇਡਦੇ ਸਨ, ਉਹ ਬਹੁਤ ਉੱਚਾ ਸੀ। ਆਪ ਉਥੇ ਬੋਲਦੇ ਸਨ ਜਿੱਥੇ ਗੁਰੂ ਨਾਲ ਜੁੜਿਆ ਸਿਖ ਬੋਲਦਾ ਹੈ। ਰਜ਼ਾ ਦਾ ਚਾਨਣਾ ਅੰਦਰ ਪੈਂਦਾ ਹੈ ਤੇ ਉੱਚਾ ਪ੍ਰੇਮ ਓਪਰੇਪਨ ਨੂੰ ਤੇ ਪਰਾਏਪਨ ਨੂੰ ਧੋ ਕੇ ਅੰਦਰੋਂ ਕੱਢ ਦੇਂਦਾ ਹੈ। ਲੋੜਵੰਦਾਂ ਤੇ ਦੁਖੀਆਂ ਦੀ ਸੇਵਾ ਕਰਨੀ ਤੇ ਅੰਦਰ ਵਿਤਕਰਾ ਨਾ ਰਖਣਾ ਤੇ ਪਸ਼ੂ ਪੰਛੀ ਜੀਅ ਮਨੁੱਖ ਸਭ ਨਾਲ ਦਇਆ ਪਾਲਣੀ ਇਹ ਉਹਨਾਂ ਦੇ ਸ਼ੁੱਧ ਆਸ਼ੇ ਵਿਚ ਸਿਖ ਦੀ ਦੇਹ ਦੀ ਸਫਲਤਾ ਸੀ :–

ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ ॥

ਆਤਮਾ ਦੀ ਸਫਲਤਾ ਉਹ ਨਾਮ ਵਿਚ ਸਮਝਦੇ ਸਨ ਅਰ ਨਾਮ ਵਲੋਂ ਕਦੇ ਗਾਫਲ ਨਹੀਂ ਹੁੰਦੇ ਸਨ ਤੇ ਨਾਮੀ ਦੇ ਚਰਨਾਂ ਨਾਲ ਲੱਗੇ ਹੀ ਰਹਿੰਦੇ ਸਨ।

## ੧੯. ਸਚੇ ਵੈਦ ਤੇ ਦਯਾ ਕਰੋ–

ਸੰਤ ਜੀ ਇਕ ਦਿਨ ਇਕ ਗੁਰਮੁਖ ਸਿਖ ਦੇ ਘਰ ਗਏ, ਕੁਛ ਚਿਰ ਗੱਲਾਂ ਬਾਤਾਂ ਹੁੰਦੀਆਂ ਰਹੀਆਂ, ਉਥੋਂ ਜਦ ਆਪ ਤੁਰਨ ਲਗੇ ਤਦ ਕਹਿਣ ਲੱਗੇ ਕਿ ਕੁਛ ਗੁਰੂ ਉਤੇ ਬੀ ਕਿਰਪਾ ਕਰਿਆ ਕਰੋ ? ਹਰਿਆਨ ਹੋਕੇ ਅੱਗੋਂ ਕਿਹਾ ਗਿਆ ਕਿ ਅਸੀਂ ਕੌਣ ਕੀਟ ਹਾਂ ਗੁਰੂ ਉਤੇ ਕ੍ਰਿਪਾ ਕਰਨ ਵਾਲੇ ? ਸੰਤ ਕਹਿਣ ਲਗੇ ਐਉਂ ਨਹੀਂ, ਪਰ ਰੋਗੀ ਹਾਰ, ਜੋ ਹਕੀਮ ਤੇ ਕਿਰਪਾ ਕਰਦਾ ਹੈ। ਹਕੀਮ ਕਹਿੰਦਾ ਹੈ ਮੈਂ ਰੋਗੀ ਨੂੰ ਰਾਜ਼ੀ ਕਰਨਾ ਹੈ, ਦਾਰੂ ਦੇਂਦਾ ਹੈ ਤੇ ਪੱਥ ਦਸਦਾ ਹੈ, ਜੇ ਰੋਗੀ ਪੱਥ ਰੱਖਦਾ ਤੇ ਦਵਾਈ ਖਾਂਦਾ ਹੈ ਤਦ ਹਕੀਮ ਤੇ ਕਿਰਪਾ ਕਰਦਾ ਹੈ। ਜੇ ਪੱਥ ਨਹੀਂ ਰਖਦਾ ਤਦ ਹਕੀਮ ਨੂੰ ਹੋਰ ਦਵਾਵਾਂ ਦੇਣੀਆਂ ਪੈਂਦੀਆਂ ਹਨ ਅਤੇ ਵਧੀਕ ਵਕਤ ਖਰਚ ਕਰਨਾ ਪੈਂਦਾ ਹੈ। ਹਕੀਮ ਨੇ ਇਲਾਜ ਕਰਨੋਂ ਹਟਣਾ ਨਹੀਂ, ਕਿਉਂਕਿ ਉਸ ਨੇ ਪ੍ਰਤਗਜਾ ਕੀਤੀ ਹੋਈ ਹੈ ਕਿ ਮੈਂ ਰਾਜ਼ੀ ਕਰਨਾ ਹੈ। ਰੋਗੀ ਦੇ ਕੁਪਥ ਨਾਲ ਹਕੀਮ ਨੂੰ ਬਹੁਤ ਮਿਹਨਤ ਕਰਨੀ ਪੈਂਦੀ ਹੈ ਤੇ ਉਹ ਵਕਤ ਜੋ ਹੋਰ ਹੋਰ ਰੋਗੀਆਂ ਤੇ ਲੱਗਣਾ ਸੀ, ਇਧਰ ਕੁਪਥੀ ਰੋਗੀਆਂ ਨੂੰ ਹੀ ਦੇਣਾ ਪੈਂਦਾ ਹੈ। ਸੋ ਰੋਗੀ ਦੀ ਦਇਆ ਆਪਣੇ ਹਕੀਮ ਪੁਰ ਇਹ ਹੈ ਕਿ ਹਕੀਮ ਦੇ ਆਖੇ ਵਿਚ ਆਪਣੀ ਅਰੋਗਤਾ ਲਈ ਤੁਰੇ. ਪੱਥ ਪ੍ਰਹੇਜ਼ ਰੱਖ ਕੇ ਦਵਾਈ ਖਾਵੇ ਤੇ ਹਰ ਤਰ੍ਹਾਂ ਆਪਣੇ ਰਾਜ਼ੀ ਹੋਣ ਵਿਚ ਉਸਦੀ ਸਹਾਇਤਾ ਕਰੇ,ਕਿਉਂਕਿ ਸੱਚੇ ਵੈਦ ਨ ਸਭ ਨੂੰ ਰਾਜ਼ੀ ਕਰਨਾ ਹੈ,ਦੇਖੋ ਵੈਦ ਲਈ ਲਿਖਿਆ ਹੈ:–

'ਸਗਲ ਸਮੂਹ ਲੈ ਉਧਰੇ ਨਾਨਕ'

ਗੁਰੂ ਨਾਨਕ ਨੇ ਸਾਰਿਆਂ ਨੂੰ ਤਾਰਨਾ ਹੈ। ਜਗਤ ਆਤਮ ਰੋਗੀ ਹੈ, ਗੁਰੂ ਜੀ 'ਨਾਮ' ਦਾਰੂ ਦੇਂਦੇ ਹਨ ਤੇ ਸਤਿ ਸੰਤੋਖ ਤੇ ਵੀਚਾਰ ਦਾ ਸੇਵਨ ਦੱਸਦੇ ਹਨ* ਤੇ ਦ੍ਵੈਖ ਦੇ ਕਰਮਾਂ ਤੋਂ ਪੱਥ ਰਖਣਾ (ਪ੍ਰਹੇਜ਼ ਕਰਨਾ) ਦੱਸਦੇ ਹਨ। ਹੁਣ ਜੇ ਤਾਂ ਦਾਰੂ ਖਾਈ ਚਲੀਏ, ਸੰਜਮ

*ਸੰਸਾਰ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ ॥ [ਧਨਾ; ਮ: ੧

ਨਿਬਾਹੀ ਚਲੀਏ, ਤਦ ਛੇਤੀ ਰਾਜ਼ੀ ਹੋਵਾਂਗੇ ਤੇ ਵੈਦ ਸਾਥੋਂ ਛੇਤੀ ਵਿਹਲਾ ਹੋਵੇਗਾ ਤੇ ਹੋਰਨਾਂ ਦੀ ਭਲਿਆਈ ਲਈ ਉਸ ਨੂੰ ਵਧੇਰਾ ਵਕਤ ਮਿਲੇਗਾ ਤੇ ਜੇ ਕੁਪੱਥ ਕਰਾਂਗੇ ਤਦ ਗੁਰੂ ਨੇ ਤਾਂ ਆਪਣਾ ਕੰਮ ਸਾਰਿਆਂ ਨੂੰ ਰਾਜ਼ੀ ਕਰਨ ਦਾ ਛੱਡਣਾ ਨਹੀਂ,ਸੋ ਉਸ ਨੂੰ ਸਾਡੇ ਇਲਾਜ ਤੇ ਵਧੇਰਾ ਚਿਰ ਲੱਗੇਗਾ। ਦਾਰੂ ਕੌੜੇ ਕੌੜੇ ਮਿਲਣਗੇ, ਅਖੀਰ ਰਾਜ਼ੀ ਹੋਣਾ ਹੈ, ਇਉਂ ਵੈਦ ਦਾ ਬਹੁਤਾ ਵਕਤ ਸਾਡੇ ਤੇ ਖਰਚ ਹੋਵੇਗਾ, ਪਰ ਜੇ ਅਸੀਂ ਪ੍ਰਹੇਜ਼ ਰਖਾਂਗੇ ਤਾਂ ਉਹ ਸਾਥੋਂ ਛੇਤੀ ਵਿਹਲਾ ਹੋਊ। ਸੋ ਇਹ ਵੈਦ ਤੇ ਦਇਆ ਹੋਈ, ਏਥੇ ਵੈਦ ਗੁਰੂ ਹੈ, ਇਉਂ ਇਹ ਗੁਰੂ ਤੇ ਦਇਆ ਹੈ।

ਇਨ੍ਹਾਂ ਬਚਨਾਂ ਤੋਂ ਪਤਾ ਲਗਦਾ ਹੈ ਕਿ ਸੰਤ ਜੀ ਨੂੰ ਗੁਰੂ ਤੇ ਕਿੰਨਾ ਉੱਚਾ ਤੇ ਸੁੱਚਾ ਭਰੋਸਾ ਸੀ ਤੇ ਗੁਰੂ ਦੀ ਸਮਰੱਥਾ ਨੂੰ ਕਿੰਨਾ ਮੁਕੰਮਲ ਜਾਣਦੇ ਸਨ। ਇਹ ਉਨ੍ਹਾਂ ਦਾ ਖਿਆਲ ਹੀ ਨਹੀਂ ਸੀ, ਉਹਨਾਂ ਦਾ ਅਨੁਭਵ ਤੇ ਉਨ੍ਹਾਂ ਦੀ ਵਰਤਣ ਹੀ ਇਹ ਸੀ। ਦੂਸਰਾ ਇਹ ਪਤਾ ਲੱਗਾ ਕਿ ਨਾਮ ਅਭਿਆਸ ਵਿਚ ਆਚਰਣ ਦੀ ਉੱਚਤਾ ਨੂੰ ਆਪ ਕਿੰਨਾ ਜ਼ਰੂਰੀ ਸਮਝਦੇ ਸੇ।

## ੧੯. ਸੰਤ ਦੇ ਗੁਣ ਸੁਭਾਵ–

ਨਾ ਤਾਂ ਆਪ ਖੁਸ਼ਾਮਦ ਕਰਦੇ ਸੇ, ਨਾ ਭੇਖ ਰਚਕੇ ਕੋਈ ਜਾਲ ਤਾਣਕੇ ਲੋਕਾਂ ਨੂੰ ਕਿਵੇਂ ਭਰਮਾਕੇ ਸੇਵਾ ਕਰਵਾਈ ਚਾਹੁੰਦੇ ਸਨ, ਤੇ ਨਾਂ ਹਾਂ ਇਹ ਚਾਹੁੰਦੇ ਸਨ ਕਿ ਆਕੜ ਕਰਕੇ ਲਾਂਭੇ ਹੋ ਰਹੀਏ, ਸਾਨੂੰ ਕੀ ? ਸੇਵਾ ਆਪ ਕਰਦੇ ਸਨ ਤੇ ਹੋਰਨਾਂ ਤੋਂ ਕਰਵਾਉਂਦੇ ਸਨ ਪਰ ਸਾਫ ਸੱਚ, ਰੁੱਖਾ ਚਾਹੇ ਮਿੱਠਾ, ਸੱਚ ਕਹਿਕੇ ਕਰਾਉਣੀ, ਕੋਈ ਕਰੇ ਤਾਂ ਉਹਦੇ ਦਬੇਲ ਨਹੀਂ ਬਣਨਾ, ਕੋਈ ਨਾ ਕਰੇ ਤਦ ਰੰਜ ਨਹੀਂ ਹੋਣਾ। ਨਿਰਛਲ ਸੁਧ ਤੇ ਅੰਦਰੋਂ ਬਾਹਰੋਂ ਇਕ। ਜੇ ਲੋੜ ਆ ਬਣੀ ਹੈ ਤਾਂ ਇਹ ਉਡੀਕ ਨਹੀਂ ਕਰਨੀ ਕਿ ਅਗਲਾ ਆਪ ਆਖੇ, ਜਾਂ ਅਜਿਹੀ ਪੇਚਦਾਰ ਗਲ ਕਰੀਏ ਕਿ ਅਗਲਾ ਆਪ ਆਖੇ ਤੇ ਤਾਂ ਸੌ ਨਖ਼ਰੇ ਨਾਲ

ਲਈਏ ; ਆਪ ਸਾਫ ਕਹਿ ਦੇਂਦੇ ਸਨ ਕਿ ਅਮਕਾ ਕੰਮ ਕਰ ਸਕਦੇ ਹੋ ਤਾਂ ਕਰੋ। ਜੇ ਕਿਸੇ ਚੀਜ਼ ਦੀ ਲੋੜ ਨਾ ਹੋਵੇ ਤੇ ਕੋਈ ਦੇਵੇ ਤਦ ਕਹਿ ਦੇਂਦੇ ਸਨ ਕਿ ਇਸ ਚੀਜ਼ ਦੀ ਲੋੜ ਨਹੀਂ ਐਵੇਂ ਕਾਹਨੂੰ ਦੇਂਦੇ ਹੋ।

ਇਕ ਦਿਨ ਆਪ ਬਾਜ਼ਾਰ ਵਿਚ ਮਿਲ ਪਏ, ਪੁੱਛਣ ਲਗੇ ਕਿਥੇ ਚੱਲੇ ਹੋ ? ਉਤਰ–ਘਰ ਜਾ ਰਹੇ ਹਾਂ, ਛੋਟੇ ਭ੍ਰਾਤਾ ਦਾ ਵਿਵਾਹ ਹੈ। ਇਹ ਸੁਣਕੇ ਆਪ ਨਾਲ ਹੀ ਗੱਡੀ ਵਿਚ ਆ ਬੈਠੇ ਤੇ ਨਾਲ ਹੀ ਘਰ ਪੁੱਜ ਗਏ। ਸੰਤ ਜੀ ਨੂੰ ਸਤਿਕਾਰ ਨਾਲ ਬਿਠਾ ਕੇ ਕੁਛ ਮਠਿਆਈ ਆਦਿ ਭੇਟ ਕੀਤੀ ਗਈ। ਸੰਤ ਜੀ ਕਹਿਣ ਲਗੇ ਕਿ ਇਹ ਤਾਂ ਗੁਰੂ ਕੇ ਸਿਖ ਛਕ ਲੈਣਗੇ, ਪਰ ਮੈਨੂੰ ਆਟਾ ਦਿਓ ਜੋ ਲੰਗਰ ਵਿਚ ਕੰਮ ਆਵੇ, ਮਠਿਆਈ ਨਾਲ ਬਿਹੰਗਮਾ ਨੂੰ ਮੇਲ ਨਹੀਂ ਚਾਹੀਦਾ।

ਸੰਤ ਜੀ ਨੇ ਸਾਰੀ ਉਮਰ ਸੇਵਾ ਕੀਤੀ ਤੇ ਸਾਰਾ ਜਨਮ ਸੇਵਾ ਤੇ ਲਾਇਆ, ਆਪਣੇ ਵਾਸਤੇ ਕੋਈ ਮਿਲਖ, ਜਾਇਦਾਦ ਨਹੀਂ ਬਣਾਈ। ਲੋਕਾਂ ਦੇ ਦਿਲਾਂ ਵਿਚ ਜਿੰਨਾ ਪਿਆਰ, ਸਤਿਕਾਰ ਤੇ ਇਤਬਾਰ ਸੀ, ਜੇ ਚਾਹੁੰਦੇ ਤਾਂ ਲਖਪਤੀ ਹੋਕੇ ਜਾਂਦੇ, ਪਰ ਉਹ ਲੱਖ ਕੱਖ ਨੂੰ ਤੁੱਲਤਾ ਦੇਂਦੇ ਸਨ ਤੇ 'ਸੇਵਾ' ਨੂੰ 'ਸਫਲਤਾ' ਸਮਝਦੇ ਸਨ।

ਆਪ ਦਾ ਜੀਵਨ ਇਕ ਬੀਤਰਾਗ ਗੁਰਮੁਖ ਦੇ ਜੀਵਨ ਦਾ ਨਮੂਨਾ ਸੀ, ਆਪ ਦੀ ਗੱਲ ਬਾਤ ਬੜੇ ਬੜੇ ਗੁਹਯ ਭੇਦਾਂ ਨੂੰ ਖੋਲ੍ਹਣ ਵਾਲੀ ਹੁੰਦੀ ਸੀ।

ਇਕ ਵੇਰ ਇਕ ਸਿੰਘ ਜੀ ਬੀਮਾਰ ਹੋ ਗਏ,ਬੀਮਾਰੀ ਨੇ ਕਾਫੀ ਦਿਨ ਪਿੱਛਾ ਨਾ ਛਡਿਆ। ਸੰਤਾਂ ਨੂੰ ਇਨ੍ਹਾਂ ਦੇ ਨਾਲ ਪ੍ਰੇਮ ਸੀ,ਬੀਮਾਰੀ ਦੀ ਖਬਰ ਆਪ ਦੇ ਕੰਨਾਂ ਵਿਚ ਵੀ ਪੁਜੀ, ਆਪ ਆਏ ਤੇ ਕਹਿਣ ਲਗੇ ਕਿ ਮੈਂ ਬੀਮਾਰ ਨੂੰ ਵੇਖਣ ਨਹੀਂ ਆਇਆ ਤੇ ਨਾ ਹੀ ਇਹ ਪੁੱਛਣ ਆਇਆ ਹਾਂ ਕਿ ਬੀਮਾਰ ਹੈ ਜਾਂ ਤੰਦਰੁਸਤ, ਮੈਂ ਤਾਂ ਇਹ ਵੇਖਣ ਆਇਆ ਹਾਂਕਿ ਸਰੀਰਕ ਖੇਦ ਜਾਂ ਮੌਤ ਦੇ ਭੈ ਤੋਂ ਕਿਤੇ ਡੋਲ ਤਾਂ ਨਹੀਂ ਗਏ। ਤਕਲੀਫ ਆਈ ਵੇਖ ਕੇ ਡੋਲਣਾ ਨਹੀਂ ਚਾਹੀਦਾ, ਇਹ ਕੋਈ ਅਜਿਹੀ ਸ਼ੈ ਨਹੀਂ ਜਿਸ ਤੋਂ ਜੀਵ ਡਰੇ, ਅਡੋਲ ਤੇ ਸਾਵਧਾਨ ਹੋ ਕੇ

ਤਿਆਰ ਰਹਿਣਾ ਚਾਹੀਏ। ਸਰੀਰ ਐਵੇਂ ਖੇਡ ਹੈ, ਨਾਮ ਸੱਤਿ ਹੈ। ਸੁਰਤ ਨਾਮ ਵਿਚ ਟਿਕੀ ਰਹੇ।

## ੨੦. ਪਹਿਰਾਵਾ ਤੇ ਪ੍ਰਸ਼ਾਦ–

ਆਪ ਜੀ ਦਾ ਪਹਿਰਾਵਾ ਬੜਾ ਸਿੱਧਾ ਸਾਦਾ ਤੇ ਸੰਖੇਪਵਾਂ ਹੁੰਦਾ ਸੀ, ਸਿਰ ਤੇ ਖੱਦਰ ਦੀ ਸਿੱਧੀ ਦਸਤਾਰ, ਗੱਲ ਖੱਦਰ ਦਾ ਕੁੜਤਾ, ਤੇੜ ਕਛਹਿਰਾ ਤੇ ਮੋਢੇ ਤੇ ਚਾਦਰ, ਬਸ, ਆਪ ਸੇਵਾ ਤੇ ਭਜਨ ਵਿਚ ਮਸਤ ਰਹਿੰਦੇ ਸਨ, ਜੇ ਕਿਸੇ ਕਪੜੇ ਬਦਲ ਲੈਣ ਲਈ ਬੇਨਤੀ ਕੀਤੀ ਤਦ ਬਦਲ ਲਏ, ਨਹੀਂ ਤਾਂ ਪੰਜ, ਦੱਸ, ਪੰਦਰਾਂ, ਜਿੰਨੇ ਦਿਨ ਲੰਘ ਜਾਣ ਲੰਘ ਜਾਣ। ਜਿਹਾ ਕਿ ਅਸੀਂ ਪਿੱਛੇ ਦੱਸ ਆਏ ਹਾਂ, ਪ੍ਰਸ਼ਾਦ ਛਕਣ ਦੇ ਮਾਮਲੇ ਵਿਚ ਆਪ ਬੜੇ ਬਿਬੇਕੀ ਸਨ। ਕਈ ਵੇਰ ਤਾਂ ਵਾਹਿਗੁਰੂ ਨਾਮ ਦਾ ਜਪ ਕਰਕੇ ਇਕ ਇਕ ਦਾਣਾ ਚੁਗਣਾ, ਫਿਰ ਪੀਹਣਾ ਤੇ ਪ੍ਰਸ਼ਾਦ ਤਿਆਰ ਕਰਕੇ ਛਕਣਾ। ਸਫਰ ਦੇ ਵਾਸਤੇ ਉਨ੍ਹਾਂ ਨੇ ਗੱਡੇ ਤੇ ਹੀ ਕਾਠ ਦਾ ਇਕ ਨਿੱਕਾ ਜਿਹਾ ਕੋਠਾ ਬਣਾ ਰਖਿਆ ਸੀ; ਜਿਸਦੇ ਵਿਚ ਚੱਕੀ ਰਖੀ ਰਹਿੰਦੀ ਸੀ। ਇਹੋ ਗੱਡਾ ਮੇਲਿਆਂ ਤੇ ਸਫਰ ਵਿਚ ਨਾਲ ਰਹਿੰਦਾ ਸੀ।

## ੨੧. ਭਾਈ ਆਇਆ ਸਿੰਘ ਹਕੀਮ–

ਭਾਈ ਆਇਆ ਸਿੰਘ ਜੀ ਗੰਢ ਨਾਲ ਆਪ ਦਾ ਪਿਆਰ ਸੀ, ਉਹਨਾਂ ਦੀ ਦੁਕਾਨ ਤੇ ਆਵਾਜਾਈ ਰਹਿੰਦੀ ਸੀ। ਸ਼ਹਿਰ ਵਿਚ ਪਲੇਗ ਦੀ ਸ਼ਿਕਾਇਤ ਹੋ ਗਈ,ਪਹਿਲਾਂ ਤਾਂ ਚੂਹੇ ਡਿੱਗਦੇ ਰਹੇ. ਲੋਕਾਂ ਪ੍ਰਵਾਹ ਨਾ ਕੀਤੀ, ਜਿਸ ਵੇਲੇ ਆਦਮੀ ਡਿੱਗਣ ਲਗੇ ਫਿਰ ਸ਼ਹਿਰ ਵਿਚ ਖੌਫ ਤੇ ਹਰਾਸ ਵਰਤ ਗਿਆ। ਇਕ ਦਿਨ ਸੰਤ ਸਵਾਇਆ ਸਿੰਘ ਜੀ ਉਕਤ ਭਾਈ ਸਾਹਿਬ ਦੀ ਦੁਕਾਨ ਤੇ ਬੈਠੇ ਸਨ, ਸੰਤ ਜੀ ਨੇ ਪੁੱਛਿਆ ਕਿ ਅਜ ਹੱਟੀ ਦਾ ਨੌਕਰ ਕਿਥੇ ਹੈ ? ਭਾਈ ਆਇਆ ਸਿੰਘ ਜੀ ਨੇ ਕਿਹਾ: ਜੀ ! ਪਲੇਗ ਨਾਲ ਬੀਮਾਰ ਹੋ ਗਿਆ ਹੈ ਤੇ ਸਖਤ ਤਕਲੀਫ ਵਿਚ ਹੈ, ਸ਼ਾਇਦ ਘੰਟਾ ਦੋ ਘੰਟੇ ਹੋਰ ਬਚੇ। ਸੰਤ ਜੀ ਇਹ

ਗਲ ਸੁਣ ਕੇ ਮੁਸਕ੍ਰਾਏ ਤੇ ਕਹਿਣ ਲਗੇ, 'ਪ੍ਰਭ ਭਾਵੈ ਬਿਨੁ ਸਾਸ ਤੇ ਰਾਖੈ।'

ਉਸੇ ਵੇਲੇ ਤੋਂ ਬੀਮਾਰੀ ਮੋੜਾ ਖਾ ਗਈ, ਤੀਜੇ ਚੌਥੇ ਦਿਨ ਭਾਈ ਜੀ ਨੂੰ ਆਰਾਮ ਆ ਗਿਆ ਤੇ ਆਪ ਚੰਗੇ ਭਲੇ ਹੋਕੇ ਚਿਰਾਂ ਤਕ ਜੀਉਂਦੇ ਰਹੇ।

**੨੨. ਸਤਿਸੰਗੀਆਂ ਦੀ ਬੀਮਾਰ ਪੁਰਸੀ–**

ਅੰਮ੍ਰਿਤਸਰ ਵਿਚ ਭਾਈ ਹੀਰਾ ਸਿੰਘ ਜੀ ਇਕ ਸਤਜਵਾਦੀ ਪੁਰਖ ਹੋਏ ਹਨ। ਪਿਛਲੀ ਆਯੂ ਵਿਚ ਆਪ ਅਧਰੰਗ ਦੇ ਰੋਗ ਵਿਚ ਗ੍ਰਸਤ ਹੋ ਗਏ। ਮੰਜੇ ਤੇ ਹੀ ਬੈਠੇ ਰਹਿੰਦੇ ਸਨ; ਉਨ੍ਹਾਂ ਦੀ ਸਰੀਰਕ ਕਿਰਿਆ ਔਖੀ ਹੋ ਰਹੀ ਸੀ, ਮੂੰਹ ਵਿਚੋਂ ਕਹੇ ਵਾਕ ਵੀ ਸਪਸ਼ਟ ਸਮਝ ਵਿਚ ਨਹੀਂ ਆਉਂਦੇ ਸਨ। ਇਕ ਦਿਨ ਅਚਣਚੇਤ ਸੰਤ ਸਵਾਇਆ ਸਿੰਘ ਜੀ ਆ ਨਿਕਲੇ। ਭਾਈ ਹੀਰਾ ਸਿੰਘ ਜੀ ਇਨ੍ਹਾਂ ਨੂੰ ਘਰ ਆਇਆ ਵੇਖ ਕੇ ਖਿੜ ਗਏ, ਹੱਸਣ ਲੱਗ ਪਏ ਤੇ ਬੜੇ ਹੱਸੇ। ਇਸੇ ਤਰ੍ਹਾਂ ਸੰਤ ਸਵਾਇਆ ਸਿੰਘ ਜੀ ਬੀ ਬੜੇ ਹੱਸੇ। ਭਾਈ ਹੀਰਾ ਸਿੰਘ ਜੀ ਪਰਿਵਾਰ ਨੂੰ ਕੁਛ ਕਹਿੰਦੇ ਸਨ, ਜੋ ਪਰਵਾਰ ਦੀ ਸਮਝ ਵਿਚ ਨਹੀਂ ਆਇਆ। (ਭਾਈ ਹੀਰਾ ਸਿੰਘ ਜੀ ਦੇ ਸਪੁੱਤਰ ਸ: ਜੀਤ ਸਿੰਘ ਜੀ ਰਹਿ ਚੁਕੇ ਸੈਕ੍ਰੇਟਰੀ ਪੰਜਾਬ ਐਂਡ ਸਿੰਧ ਬੈਂਕ ਅੰਮ੍ਰਿਤਸਰ–ਜਿਨ੍ਹਾਂ ਇਹ ਵਿਥਿਆ ਸੁਣਾਈ ਹੈ–ਉਸ ਵੇਲੇ ਛੋਟੀ ਆਯੂ ਦੇ ਸਨ, ਇਨ੍ਹਾਂ ਦਾ ਹੁਣ ਖਿਆਲ ਹੈ ਕਿ ਉਹਨਾਂ ਦੇ ਪਿਤਾ ਜੀ ਸ਼ਾਇਦ ਚਾਹੁੰਦੇ ਸਨ ਕਿ ਕੁਛ ਨਕਦੀ ਭਾਈ ਸਾਹਿਬ ਦੀ ਭੇਟਾ ਕੀਤੀ ਜਾਏ)। ਸੰਤ ਜੀ ਪਾਸੋਂ ਪੁੱਛਿਆ ਗਿਆ ਕਿ ਆਪ ਨੇ ਕਿਸ ਤਰ੍ਹਾਂ ਦਰਸ਼ਨ ਦਿਤੇ ਹਨ, ਉਹਨਾਂ ਨੇ ਕਿਹਾ–ਗੁਰੂ ਜੀ ਦੇ ਹੁਕਮ ਵਿਚ ਆਏ ਹਾਂ। ਸੰਤ ਜੀ ਦਾ ਆਦਰ ਭਾਉ ਕੀਤਾ ਗਿਆ, ਕੁਛ ਚਿਰ ਬੈਠ ਕੇ ਤੇ ਸ਼ੁਭ ਸਿੱਖਿਆ ਦੇ ਕੇ ਚਲੇ ਗਏ।

ਪਿਛੇ ਇਕ ਪ੍ਰਸੰਗ ਵਿਚ ਜ਼ਿਕਰ ਆਇਆ ਹੈ ਕਿ ਇਕ ਨਾਮ ਬਾਣੀ ਦੇ ਰਸੀਏ ਗੁਰਮੁਖ ਦੀ ਬੀਮਾਰੀ ਸੁਣਕੇ ਆਪ ਉਨ੍ਹਾਂ ਦੇ ਘਰ ਗਏ ਸਨ, ਇਹ ਵਾਕਿਆ ਵੀ ਇਸੇ ਗੱਲ ਦੀ ਪੁਸ਼ਟੀ ਕਰਦਾ ਹੈ ਕਿ

ਆਪ ਸਤਿਸੰਗੀ ਗੁਰਸਿਖਾਂ ਦੀ ਬੀਮਾਰੀ ਦੀ ਖਬਰ ਸੁਣਕੇ ਉਨ੍ਹਾਂ ਨੂੰ ਨਾਮ ਬਾਣੀ ਵਲ ਲਾਈ ਰੱਖਣ ਤੇ ਚੜ੍ਹਦੀਆਂ ਕਲਾਂ ਵਿਚ ਪਰਪੱਕ ਰਹਿਣ ਲਈ ਮਿਲਦੇ ਗਿਲਦੇ ਰਹਿੰਦੇ ਸਨ। ਬੀਮਾਰ ਦੀ ਸੁਰਤ ਨੂੰ ਸਹਾਰਾ ਦੇਣ ਲਈ ਆਪ ਦਾ ਮਿਲਣਾ ਸੁਖਦਾਈ ਹੋਇਆ ਕਰਦਾ ਸੀ।

## ੨੩. ਗੱਡੇ ਦਾ ਅਸਬਾਬ ਚੋਰਾਂ ਲੁੱਟਿਆ–

ਜਦੋਂ ਅਜੇ ਰੇਲ ਨਹੀਂ ਸੀ ਆਈ ਓਦੋਂ ਨਨਕਾਣੇ ਸਾਹਿਬ ਦੀ ਯਾਤਰਾ ਲਈ ਸੰਗਤਾਂ ਪੈਦਲ ਤੇ ਗੱਡਿਆਂ ਖਹਿਲਾਂ ਨਾਲ ਜੱਥੇ ਬਣਾਕੇ ਜਾਂਦੀਆਂ ਹੁੰਦੀਆਂ ਸਨ। ਲਾਹੌਰ ਤੋਂ ਨਨਕਾਣੇ ਸਾਹਿਬ ਤਕ ਚਾਰ ਮੰਜ਼ਲਾਂ ਹੁੰਦੀਆਂ ਸਨ। ਅੰਮ੍ਰਿਤਸਰ ਤੋਂ ਸੰਤਾਂ ਦਾ ਜੱਥਾ ਜਾਂਦਾ ਸੀ। ਸੰਤਾਂ ਦਾ ਗੱਡਾ ਇਕ ਘਰ ਵਾਂਗੂੰ ਹੁੰਦਾ ਸੀ; ਜੰਦਰਾ ਵੀ ਵਜ ਜਾਂਦਾ ਸੀ, ਨਾਲੇ ਬਹੁਤ ਸਾਰੇ ਬੈਲ ਬੀ ਹੁੰਦੇ ਸਨ। ਸੰਤ ਗੱਡੇ ਤੇ ਛਬੀਲ ਦਾ ਸਾਮਾਨ ਲੱਦਕੇ ਲੈ ਜਾਂਦੇ ਸਨ, ਰਸਤੇ ਵਿਚ ਜਲ ਛਕਾਉਂਦੇ, ਪੜਾਓ ਪੜਾਓ ਤੁਰਦੇ ਜਾਂਦੇ ਤੇ ਇਸੇ ਤਰ੍ਹਾਂ ਵਾਪਸ ਆਉਂਦੇ ਸਨ। ਰਸਤੇ ਵਿਚ ਲਾਹੌਰ ਦੀ ਸੰਗਤ ਵੀ ਸਾਥ ਹੋ ਜਾਂਦੀ ਸੀ। ਸਾਧੂ ਸੰਤ ਆਪਣੇ ਬਿਸਤਰੇ ਤੇ ਹੋਰ ਸਾਮਾਨ ਵੀ ਗੱਡੇ ਤੇ ਰੱਖ ਦਿਆ ਕਰਦੇ ਸਨ, ਜਿਸ ਤੋਂ ਸੰਗਤ ਨੂੰ ਬੜਾ ਆਰਾਮ ਹੋ ਜਾਂਦਾ ਸੀ।

ਇਕ ਵੇਰ ਸੰਤ ਨਨਕਾਣਾ ਸਾਹਿਬ ਦੇ ਮੇਲੇ ਤੋਂ ਵਾਪਸ ਆ ਰਹੇ ਸਨ ਕਿ ਰਾਹ ਵਿਚ ਮਾਨਾਂਵਾਲੇ ਪੜਾਉ ਪਿਆ। ਵਹੀਰ ਸਾਰਾ ਡੇਰੇ ਲਾਉਣ ਲਗ ਪਿਆ। ਸੰਤਾਂ ਦੇ ਗੱਡੇ ਤੇ ਸਾਮਾਨ ਰਖਣ ਵਾਲੇ ਸਾਧੂ ਬੀ ਸਰੀਰਕ ਕਿਰਿਆ ਸਾਧਨ ਚਲੇ ਗਏ ਤੇ ਸਾਮਾਨ ਪਾਸ ਸੰਤ ਜੀ ਹੀ ਰਹਿ ਗਏ। ਇੰਨੇ ਨੂੰ ਪਿੰਡ ਦੇ ਗੱਭਰੂ ਹੱਥਾਂ ਵਿਚ ਡਾਂਗਾਂ ਫੜੀ ਆ ਗਏ, ਗੱਡੇ ਤੇ ਰੱਖੇ ਸਾਮਾਨ ਨੂੰ ਲੁੱਟਣ ਵਾਸਤੇ ਜੰਦਰਾ ਤੋੜਨ ਲਗੇ, ਸੰਤਾਂ ਦੀ ਉਨ੍ਹਾਂ ਤੇ ਨਜ਼ਰ ਗਈ; ਆਪ ਝਟ ਉੱਠਕੇ ਉਨ੍ਹਾਂ ਦੇ ਪਾਸ ਆ ਖੜੋਤੇ ਤੇ ਪੁੱਛਣ ਲਗੇ, 'ਗੁਰਮੁਖੋ! ਕੀ ਚਾਹੀਦਾ ਹੈ ? ਤੁਸੀਂ ਭਲੇ ਲੋਗ ਹੋ; ਜੋ ਲੋੜ ਹੈ ਭਲਿਆਂ ਵਾਂਗੂ ਮੰਗੋ; ਸੋ ਆਪ ਦੇ ਹਾਜ਼ਰ ਹੈ।

ਗੱਭਰੂ-ਗੱਡੇ ਤੇ ਜਿਹੜਾ ਸਾਮਾਨ ਹੈ ਇਹ ਦੇ ਦਿਓ।

ਸੰਤ-ਜੇ ਇਨ੍ਹਾਂ ਚੀਜ਼ਾਂ ਦੀ ਲੋੜ ਹੈ ਤਦ ਜੰਦਰਾ ਨਾ ਤੋੜੋ, ਜਿਸ ਜਿਸ ਚੀਜ਼ ਦੀ ਲੋੜ ਹੈ ਹੁਕਮ ਕਰੋ ਮੈਂ ਦੇ ਦੇਂਦਾ ਹਾਂ।

ਗੱਭਰੂ-ਸਾਮਾਨ ਚਾਹੀਏ, ਜੰਦਰਾ ਖੋਲੋ!

ਸੰਤਾਂ 'ਸਤਿ ਬਚਨ' ਕਹਿਕੇ ਜੰਦਰਾ ਖੋਹਲਿਆ ਤੇ ਜਿਸ ਜਿਸ ਬਿਸਤਰੇ ਤੇ ਟਰੰਕ ਉਤੇ ਜਿਸ ਨੇ ਹੱਥ ਰਖਿਆ ਸੰਤਾਂ ਉਨ੍ਹਾਂ ਨੂੰ ਉਹ ਸਾਰਾ ਕੁਛ ਦੇ ਦਿੱਤਾ ਤੇ ਉਹ ਲੈਕੇ ਚਲੇ ਗਏ।

ਜਦ ਸਾਧੂ ਵਾਪਸ ਆਏ ਤਦ ਉਨ੍ਹਾਂ ਆਪਣੇ ਅਸਬਾਬ ਦੀ ਪੁੱਛ ਕੀਤੀ। ਉੱਤਰ ਵਿਚ ਸੰਤਾਂ ਕਿਹਾ ਕਿ ਹੁਣੇ ਸੰਗਤ ਆਈ ਸੀ ਉਨ੍ਹਾਂ ਨੂੰ ਲੋੜ ਸੀ, ਉਨ੍ਹਾਂ ਨੇ ਜੋ ਜੋ ਕੁਛ ਮੰਗਿਆ ਮੈਂ ਉਨ੍ਹਾਂ ਨੂੰ ਦੇ ਦਿਤਾ ਤੇ ਉਹ ਲੈਕੇ ਚਲੇ ਗਏ ਹਨ। ਸਾਧੂ ਆਪਣੇ ਸਾਮਾਨ ਦੇ ਚਲੇ ਜਾਣ ਤੋਂ ਸੋਚਾਂ ਵਿਚ ਪੈ ਗਏ ਤੇ ਸਾਮਾਨ ਦੀ ਭਾਲ ਵਿਚ ਪਿੰਡ ਵਲ ਤੁਰ ਪਏ।

ਇਨ੍ਹਾਂ ਗਭਰੂਟ ਸਾਧੂਆਂ ਵਿਚੋਂ ਕੁਝ ਆਦਮੀ ਬੜੇ ਚਤੁਰ ਤੇ ਤਕੜੇ ਸਨ, ਪੁੱਛ ਗਿੱਛ ਕਰਦੇ ਉਹ ਉਸ ਮਕਾਨ ਤਕ ਜਾ ਪੁੱਜੇ ਜਿਸ ਦੇ ਅੰਦਰ ਅਸਬਾਬ ਲੈ ਜਾਣ ਵਾਲੇ ਗੱਭਰੂ ਬੈਠੇ ਸਨ। ਜਦ ਸਾਧੂ ਅੰਦਰ ਗਏ; ਤਦ ਪ੍ਰਸ਼ਾਦੇ ਤਿਆਰ ਹੋ ਰਹੇ ਸਨ ਤੇ ਉਹ ਆਦਮੀ ਬੈਠੇ ਛਕ ਰਹੇ ਸਨ, ਅਸਬਾਬ ਵੀ ਵਿਹੜੇ ਵਿਚ ਹੀ ਸਾਹਮਣੇ ਪਿਆ ਸੀ। ਸਾਧੂ ਤਾਂ ਇਨ੍ਹਾਂ ਨਾਲ ਗੱਲਾਂ ਕਰਨ ਲਗ ਪਏ ਤੇ ਕਿਸੇ ਨੂੰ ਘੱਲ ਕੇ ਪੁਲਿਸ ਨੂੰ ਇਤਲਾਹ ਦੇ ਦਿਤੀ। ਪੁਲਿਸ ਨੇ ਆਉਂਦਿਆਂ ਹੀ ਮਕਾਨ ਨੂੰ ਘੇਰ ਲਿਆ ਤੇ ਅੰਦਰ ਜਾ ਕੇ ਗਭਰੂਆਂ ਨੂੰ ਹਿਰਾਸਤ ਵਿਚ ਲੈ ਲਿਆ ਅਤੇ ਅਸਬਾਬ ਤੇ ਕਬਜ਼ਾ ਕਰ ਲਿਆ। ਇਉਂ ਠਾਣੇਦਾਰ ਸਾਹਿਬ ਦੋਸ਼ੀਆਂ ਨੂੰ ਫੜਕੇ ਮੌਕੇ ਤੇ ਤਫਤੀਸ਼ ਕਰਨ ਲਈ ਲੈ ਆਏ। ਜਦ ਸੰਤ ਮਵਾਇਆਸਿੰਘ ਜੀ ਪਾਸ ਪੁੱਜੇ ਤਦ ਪੁਲਸੀਏ ਪੁੱਛਣ ਲੱਗੇ ਕਿ ਕਿਉਂ ਉਏ ਭਾਈ! ਇਹ ਹੀ ਚੋਰ ਹਨ ਜਿਹੜੇ ਏਥੋਂ ਜੰਦਰਾ ਤੋੜ ਕੇ ਅਸਬਾਬ ਲੈ ਗਏ ਸਨ? ਸੰਤਾਂ ਨੇ ਗਹੁ ਕਰਕੇ ਡਿੱਠਾ ਚੋਰਾਂ ਵਲ ਤੇ ਫੇਰ ਡਿੱਠਾ ਸਾਧਾਂ ਵਲ, ਲੰਮਾ ਸਾਹ ਲੈਕੇ ਕਹਿਣ ਲਗੇ ਕਿ ਅਸਬਾਬ



 www.sikhbookclub.com

ਲੈ ਜਾਣ ਵਾਲੇ ਤਾਂ ਇਹ ਹੀ ਜਾਪਦੇ ਹਨ, ਪਰ ਨਾਂ ਇਨ੍ਹਾਂ ਜੰਦਰਾ ਤੋੜਿਆ ਹੈ ਤੇ ਨਾ ਹੀ ਬਦੋ ਬਦੀ ਅਸਬਾਬ ਖੋਹਿਆ ਹੈ, ਮੈਂ ਜੰਦਰਾ ਆਪਣੇ ਹੱਥੀਂ ਖੋਲ੍ਹਕੇ ਜਿਹੜਾ ਜਿਹੜਾ ਅਸਬਾਬ ਕਿਸੇ ਮੰਗਿਆ ਦੇ ਦਿਤਾ ਸੀ, ਜੇ ਇਹ ਦੋਸ਼ ਹੈ ਤਾਂ ਮੇਰਾ ਹੈ; ਇਨ੍ਹਾਂ ਗੱਭਰੂਆਂ ਨੂੰ ਛੱਡ ਦੇਵੋ, (ਦੋਨੋਂ ਹੱਥ ਅੱਗੇ ਕਰਕੇ) ਜੇ ਹਥਕੜੀ ਲਗਾਉਣੀ ਹੈ ਤਾਂ ਮੈਨੂੰ ਲਗਾਓ ਕਿ ਅਸਬਾਬ ਮੈਂ ਚੁਕਾਇਆ ਹੈ ਤੇ ਇਨ੍ਹਾਂ ਦੀਆਂ ਹਥਕੜੀਆਂ ਖੋਹਲ ਦਿਓ।

ਇੰਨੇ ਨੂੰ ਸੁਚੇਤ ਪਾਣੀ ਗਈ ਸੰਗਤ ਵਿਚੋਂ ਕੁਛ ਅੰਮ੍ਰਿਤਸਰ ਲਾਹੌਰ ਦੇ ਸਿਰਕਰਦੇ ਚੌਧਰੀ ਤੇ ਵੱਡੇ ਆਦਮੀ ਆ ਗਏ ਤੇ ਇਹ ਗੱਲ ਸੁਣਕੇ ਕਾਹ੍ਲੀ ਨਾਲ ਮੌਕੇ ਤੇ ਪੁੱਜੇ ਤੇ ਠਾਣੇਦਾਰ ਨੂੰ ਕਹਿਣ ਲੱਗੇ ਕਿ ਇਹ ਮਹਾਨ ਪਰਉਪਕਾਰੀ ਸਮਦਰਸ਼ੀ ਸੰਤ ਹਨ, ਇਹ ਨਾ ਚੋਰ ਹਨ ਤੇ ਨਾ ਚੋਰਾਂ ਦੇ ਸਾਥੀ, ਚੋਰਾਂ ਨੂੰ ਲੋੜਵੰਦ ਸਮਝਕੇ ਜੋ ਕੁਝ ਉਨ੍ਹਾਂ ਮੰਗਿਆ ਹੈ ਸੰਤਾ ਨੇ ਦੇ ਦਿੱਤਾ ਹੈ, ਤੁਹਾਨੂੰ ਇਸ ਮਾਮਲੇ ਵਿਚ ਕੋਈ ਕਾਰਵਾਈ ਨਹੀਂ ਕਰਨੀ ਚਾਹੀਦੀ। ਪੁਲਸ ਵਾਲੇ ਸੰਤਾਂ ਦੀ ਸੁਹਿਰਦਤਾ ਵੇਖਕੇ ਅਸ਼ ਅਸ਼ ਕਰਨ ਲਗੇ ਤੇ ਸੰਤਾਂ ਦੇ ਹੁਕਮ ਅਨੁਸਾਰ ਉਨ੍ਹਾਂ ਗੱਭਰੂਆਂ ਨੂੰ ਛੱਡ ਦਿੱਤਾ ਤੇ ਵਾਪਸ ਚਲੇ ਗਏ।

**੨. ਸਾਧੂਆਂ ਨੂੰ ਸਿਖਯਾ–**

ਜਦੋਂ ਪੁਲਸ ਚਲੀ ਗਈ ਤੇ ਸਾਧੂ ਆਪੋ ਆਪਣਾ ਸਾਮਾਨ ਸੰਭਾਲ ਚੁਕੇ ਤਦ ਸੰਤਾਂ ਨੇ ਆਖਿਆ: ਸਾਰੇ ਸਜਣੋ! ਬੈਠ ਜਾਓ ਤੇ ਜਾਣ ਤੋਂ ਪਹਿਲਾਂ ਸਾਡੇ ਦੋ ਬਚਨ ਸੁਣ ਜਾਓ। ਸਾਧੂ ਵੀ ਬੈਠ ਗਏ, ਉਹ ਸਿਰਕਰਦੇ, ਜਿਨ੍ਹਾਂ ਨੇ ਪੁਲਸ ਨੂੰ ਤਸੱਲੀ ਦੇ ਕੇ ਟੋਰਿਆ ਸੀ ਉਹ ਬੀ ਬੈਠ ਗਏ, ਕੁਛ ਸਰੀਰ ਜੋ ਪੁਲੀਸ ਆਈ ਤੱਕਕੇ ਆਏ ਸਨ ਉਹ ਬੀ ਬੈਠ ਗਏ, ਤਦ ਸੰਤਾਂ ਨੇ ਜੋ ਬਚਨ ਕੀਤੇ ਉਨ੍ਹਾਂ ਦਾ ਸਾਰ ਅੰਸ਼ ਇਹ ਸੀ–

ਸਾਧੂ ਜਨੋ! ਤੁਸੀਂ ਮੇਰਾ ਇਕ ਬਚਨ ਮੰਨੋਂ; ਉਹ ਇਹ ਹੈ ਕਿ ਇਹ ਭੇਖ ਦੇ ਬਸਤਰ ਉਤਾਰ ਦਿਓ ਤੇ ਵਿਹਾਰ ਕਾਰ ਕਰੋ। ਤੁਸੀਂ

ਅੰਮ੍ਰਿਤਸਰ ਆ ਜਾਓ, ਮੈਂ ਹਰੇਕ ਨੂੰ ਕੁਛ ਕੁਛ ਮਾਇਆ ਸੰਗਤਾਂ ਵਿਚੋਂ ਰਾਸ ਮੂੜੀ ਵਾਸਤੇ ਇਕੱਠੀ ਕਰ ਦਿਆਂਗਾ। ਇਸ ਤਰ੍ਹਾਂ ਤੁਸੀਂ ਧਰਮ ਦੀ ਕਿਰਤ ਕਰੋ, ਕਮਾਓ, ਦਸਵੰਧ ਦਿਓ ਤੇ ਪ੍ਰਸ਼ਾਦੇ ਛਕੋ। ਇਸ ਹੁਣ ਵਾਲੀ ਭੇਖ ਦੀ ਅਵਸਥਾ ਤੋਂ ਉਹ ਗ੍ਰਿਹਸਤ ਬਹੁਤਾ ਉੱਤਮ ਹੋਵੇਗਾ।

ਸਾਧਾਂ ਨੂੰ ਇਹ ਗੱਲ ਕਹਿਣ ਦਾ ਹੀਆ ਸੰਤਾਂ ਨੂੰ ਹੀ ਪੈ ਸਕਦਾ ਸੀ। ਗ੍ਰਿਹਸਤੀ ਸੁਣਕੇ ਹੈਰਾਨ ਸਨ ਤੇ ਸਾਧੂ ਤਾਂ ਚਿਪ ਚੜ੍ਹ ਰਹੇ ਸਨ ਕਿ ਸਾਨੂੰ ਭੇਖ ਛੁਡਾਉਣ ਵਾਲਾ ਇਹ ਕੌਣ ਹੈ, ਪਰ ਸੰਤਾਂ ਦੇ ਤਪ ਤੇਜ ਦੇ ਸਾਹਮਣੇ ਕੌਣ ਕੂ ਸਕਦਾ ਸੀ? ਅਖੀਰ ਇਕ ਗੱਭਰੂ ਨੇ ਕੁਛ ਹੌਸਲਾ ਕੀਤਾ ਤੇ ਕਹਿਣ ਲੱਗਾ-ਸੁਆਮੀ ਜੀ! ਕੀਹ ਆਪ ਕ੍ਰਿਪਾ ਕਰਕੇ ਕਾਰਣ ਦਸ ਸਕਦੇ ਹੋ ਕਿ ਸਾਡੇ ਮੁੜ ਗ੍ਰਿਹਸਤੀ ਬਣਨੇ ਦਾ ਉਪਦੇਸ਼ ਆਪ ਕਿਉਂ ਦੇ ਰਹੇ ਹੋ? ਇਕ ਪਾਸੇ ਸਾਡਾ ਸਾਮਾਨ ਲੁਟਾ ਦਿੱਤਾ ਜੇ, ਦੂਜੇ ਪਾਸੇ ਸਾਨੂੰ ਬਣੀਏ ਬਣਨ ਦਾ ਉਪਦੇਸ਼ ਬਖਸ਼ ਰਹੇ ਹੋ?

ਸੰਤ-ਬਰਖੁਰਦਾਰ! ਇਸ ਵਾਸਤੇ ਕਿ ਤੁਸਾਂ ਨੇ ਜਿਨ੍ਹਾਂ ਨੇ ਪੁਲਸ ਸੱਦ ਲਿਆਂਦੀ ਤੇ ਆਪਣੇ ਮਾਲ ਦੇ ਦਾਅਵੇ ਕੀਤੇ, ਇਸ ਕਰਤਬ ਨਾਲ ਦੱਸ ਦਿੱਤਾ ਹੈ ਕਿ ਤੁਸੀਂ ਅਸਲ ਵਿਚ ਸਾਧੂ ਨਹੀਂ ਹੋ, 'ਭੇਖ ਮਾਤ੍ਰ' ਸਾਧੂ ਹੋ, ਚਾਹੇ ਤੁਸੀਂ ਕਿਸੇ ਹੀ ਮਤ ਦੇ ਹੋ। ਮੈਨੂੰ ਤਾਂ ਇਹ ਦਿੱਸਦਾ ਹੈ ਕਿ ਜੋ ਗ੍ਰਿਹਸਤ ਮਾਰਗ ਨੂੰ ਛੋੜਦਾ ਹੈ ਤੇ ਸਾਧੂ ਹੁੰਦਾ ਹੈ ਉਹ 'ਗ੍ਰਹਣ' ਨੂੰ ਛੋੜਦਾ ਹੈ ਤੇ 'ਤ੍ਯਾਗ' ਨੂੰ ਅੰਗੀਕਾਰ ਕਰਦਾ ਹੈ। ਉਸਦਾ ਜੀਵਨ ਹੈ ਤ੍ਯਾਗ। ਮੈਂ ਤੁਹਾਨੂੰ ਦੱਸਾਂ, ਸਾਡੇ ਅਕਾਲੀ ਬਣਨ ਵਾਲੇ ਸਿੰਘਾਂ ਦਾ ਧ੍ਰੁਵਾ ਹੁੰਦਾ ਸੀ ਨਾ ਕੇਵਲ ਮਾਇਆ ਦਾ ਤ੍ਯਾਗ, ਸਗੋਂ 'ਮਾਇਆ ਮੇਰੀ ਹੈ' ਇਸ ਦਾ ਬੀ ਤਿਆਗ। ਸਾਡੇ ਨਿਹੰਗ ਸਿੰਘਾਂ ਅਰਥਾਤ ਪੁਰਾਤਨ ਅਕਾਲੀ ਸਿੰਘਾਂ ਵਿਚ 'ਮਾਇਆ ਮੇਰੀ ਹੈ' ਤੇ 'ਇਸ ਪਰ ਮੇਰਾ ਕਬਜ਼ਾ ਹੈ' ਇਹ ਖਿਆਲ ਨਹੀਂ ਸੀ ਹੁੰਦਾ। ਉਹ ਸਭ ਕੁਛ ਵਾਹਿਗੁਰੂ ਦਾ ਸਮਝਦੇ ਸਨ। ਤੁਸੀਂ ਬੀ ਤਿਆਗੀ ਹੋ। ਮੈਂ ਸਮਝਦਾ ਹਾਂ ਕਿ ਉਹ ਸਾਧੂ ਨਹੀਂ ਜੋ ਮਾਇਆ ਉਤੇ ਆਪਣੇ ਕਬਜ਼ੇ

ਦਾ ਧ੍ਰੂਵਾ ਅੰਦਰ ਸਾਵਧਾਨ ਰੱਖਦਾ ਹੈ। ਤੁਸਾਂ ਇਨ੍ਹਾਂ ਆਪਣੇ ਟੁਕਾਂ ਤੇ ਬਿਸਤੋਰਿਆਂ ਤੇ 'ਏਹ ਮੇਰੇ ਹਨ' 'ਇਨਾਂ ਤੇ ਮੇਰਾ ਕਬਜ਼ਾ ਹੈ' ਇਹ ਬ੍ਰਿਤੀ ਕਾਇਮ ਰੱਖੀ ਹੈ, ਇਸ ਲਈ ਤੁਸਾਡਾ ਮਨ ਗ੍ਰਹਿਣ ਵਿਚ ਹੈ ਤਾਂ ਤੁਸੀ ਆਪਣੇ ਮਨ ਨਾਲ ਤਾਂ ਛਲ ਨਾ ਕਰੋ। ਜੇ ਮਨ ਗ੍ਰਹਿਣ ਵਿਚ ਹੈ ਤਾਂ ਗ੍ਰਿਹਸਤੀ ਹੋ ਜਾਓ ਫਿਰ ਓਥੇ ਵੀ ਧਰਮ ਦੀ ਕਿਰਤ ਕਰੋ ਤਾਂ ਕਲਿਆਣ ਹੈ। ਜੇ ਮਨ ਤਿਆਗ ਵਿਚ ਹੈ, ਤਾਂ ਸਾਧੂ ਹੋਵੋ, ਫੇਰ ਕਰਤੱਵ ਵੀ ਤਿਆਗ ਦੇ ਕਰੋ।

ਸਾਧੂ–ਪਰ ਮਹਾਰਾਜ ਜੀ ! ਇਸ ਤਰ੍ਹਾਂ ਜੇ ਸਾਡੀ ਗੋਦੜੀ ਕਿ ਬਿਸਤਰਾ, ਬਸਤ੍ਰ ਕਿ ਤੂੰਬੀ ਚੋਰ ਚੁੱਕ ਲੈ ਜਾਣ ਤਾਂ ਅਸੀਂ ਕਿਵੇਂ ਕਰੀਏ ?

ਸੰਤ ਭਾਈ ! ਇਹ ਆਇਆ ਜੇ ਦੂਸਰਾ ਧ੍ਰੂਵਾ ਜਿਸ ਕਰ ਤੁਸੀਂ ਗ੍ਰਿਹਸਤੀ ਬਣੋ ਤਾਂ ਚੰਗੇ ਰਹੋ। ਜਗਤ ਦੇ ਪ੍ਰਬੰਧੋ ਵਿਚ ਚੋਰ ਤੇ ਨਾ ਚੋਰ ਦਾ ਹਿਸਾਬ ਹੈ, ਉਥੇ ਪੁਲਸ ਹੈ ਤੇ ਕੈਦ ਹੈ, ਪਰ ਅਤੀਤਾਈ ਦੇ ਮਾਰਗ ਵਿਚ ਸਮਦ੍ਰਿਸ਼ਟੀ ਹੈ, ਉਥੇ ਚੋਰ ਕੋਈ ਨਹੀਂ। ਜੋ ਅਤੀਤ ਸੰਤ ਹੈ ਉਹ ਸਭ ਨੂੰ ਸਾਧ ਸੰਗਤ ਸਮਝਦਾ ਹੈ, ਜੋ ਉਸ ਨੂੰ ਦੇ ਜਾਂਦੇ ਹਨ ਉਨ੍ਹਾਂ ਨੂੰ ਵੀ ਸਾਧ ਸੰਗਤ ਸਮਝਦਾ ਹੈ, ਜੋ ਉਸ ਤੋਂ ਲੈ ਜਾਂਦੇ ਹਨ ਉਨ੍ਹਾਂ ਨੂੰ ਵੀ ਸਾਧ ਸੰਗਤ ਸਮਝਦਾ ਹੈ। ਉਸ ਦਾ ਨਿਹਚਾ ਇਹ ਬੱਝਦਾ ਹੈ ਕਿ ਜਿਸ ਦੇ ਘਰ ਵਾਧੂ ਹੈ ਉਹ ਮੈਨੂੰ ਦੇ ਜਾਂਦਾ ਹੈ, ਜਿਸ ਨੂੰ ਲੋੜ ਹੈ ਉਹ ਮੈਥੋਂ ਲੈ ਜਾਂਦਾ ਹੈ: ਸੋ ਭਾਈ ਸਾਧ ਤਾਂ ਬਣੋ ਜੇ ਸੰਸਾਰਕ ਪ੍ਰਬੰਧ ਵਾਲੀ 'ਚੋਰ ਸਾਧ' ਵਾਲੀ ਦ੍ਰਿਸ਼ਟੀ ਜਿੱਤ ਲਵੋ, ਤਿਆਗ ਮਾਰਗ ਵਿਚ ਇਸਦੀ ਲੋੜ ਨਹੀਂ।

ਸਾਧੂ–ਫੇਰ ਮਹਾਰਾਜ ਜੀ, ਇਸ ਤਰ੍ਹਾਂ ਤਾਂ ਸਾਧੂ ਨੰਗਾ ਰਹਿਕੇ ਬੀਮਾਰ ਹੋ ਜਾਏ ਤੇ ਭੁੱਖਾ ਰਹਿਕੇ ਮਰ ਜਾਏ, ਕਿਉਂਕਿ ਸੰਸਾਰ ਵਿਚ ਲੋੜਵੰਦ ਇੰਨੇ ਹਨ ਕਿ ਉਹ ਸਾਧੂ ਨੂੰ ਨਾ ਖਾਣ ਦੇਣਗੇ ਨਾ ਸਰੀਰ ਢੱਕਣ ਦੇਣਗੇ। ਸਾਧਾਂ ਪਾਸ ਕੁਛ ਬੀ ਨ ਰਹੇਗਾ।

ਸੰਤ–ਇਹ ਹੁਣ ਤੁਸਾਡਾ ਤੀਸਰਾ ਧ੍ਰੂਵਾ ਖੰਡਿਤ ਨਿਕਲਿਆ, ਜੋ

ਤੁਸਾਂ ਆਪੇ ਆਪ ਕਹਿ ਦਿੱਤਾ ਹੈ, ਕਹਿਕੇ ਸੰਤ ਹੱਸ ਪਏ ।

ਸਾਧੂ--ਕਿਵੇਂ ਮਹਾਰਾਜ ! ਸਮਝਾ ਦਿਓ ?

ਸੰਤ–ਤੁਸੀਂ ਆਪਣੀ ਬ੍ਰਿਤੀ ਨੂੰ ਵਾਹਿਗੁਰੂ ਪਰਾਇਣ ਯਾ ਜਿਵੇਂ ਤੁਸੀਂ ਆਖੋਗੇ 'ਈਸ਼੍ਵਰ ਪਰਾਇਣ' ਨਹੀਂ ਕੀਤਾ । ਮਹਾਰਾਜ ਜੀ ਦਾ ਹੁਕਮ ਹੈ :– 'ਜਿਨਿ ਜੀਉ ਦੀਆ ਸੁ ਰਿਜਕੁ ਅੰਬਰਾਵੈ ।'
ਜੇ ਤੁਹਾਨੂੰ ਇਸ ਤੁਕ ਦਾ ਭਰੋਸਾ ਨਹੀਂ ਸੀ ਤਾਂ ਅਤੀਤ ਨਹੀਂ ਸੀ ਹੋਣਾ । ਤੁਸਾਨੂੰ ਜੇ ਬਸਤ੍ਰ ਦੀ ਲੋੜ ਹੈ ਤਾਂ ਰਬ ਦੇਵੇਗਾ, ਜੇ ਅੰਨ ਦੀ ਲੋੜ ਹੈ ਤਾਂ ਉਹ ਦੇਵੇਗਾ । ਜੇ ਤੁਹਾਡਾ ਅੰਨ ਬਸਤ੍ਰ ਕੋਈ ਹੋਰ ਲੈ ਜਾਂਦਾ ਹੈ ਤਾਂ ਈਸ਼੍ਵਰ ਤੁਹਾਨੂੰ ਹੋਰ ਦੇਵੇਗਾ । ਤੁਸੀਂ ਵੀਚਾਰ ਕੇ ਦੱਸੋ ਕਿ ਜੋ ਬਸਤ੍ਰ ਤੇ ਅਸਬਾਬ ਤੁਸਾਂ ਦਾ ਪਿੰਡ ਦੇ ਲੋੜਵੰਦ, ਪਰ ਕੁਰਾਹੇ ਪਏ ਹੋਏ ਲੋੜਵੰਦ ਲੈ ਗਏ ਸਨ, ਉਹ ਤੁਸਾਨੂੰ ਸਾਧੂ ਬਣਨ ਵੇਲੇ ਮਾਤਾ ਪਿਤਾ ਨੇ ਵਿਰਾਸਤ ਵਿਚ ਦਿੱਤਾ ਸੀ ਕਿ ਤੁਸਾਂ ਘਾਲ ਕਰਕੇ ਆਂਦਾ ਸੀ ? ਉਹ ਤੁਸਾਨੂੰ ਈਸ਼੍ਵਰ ਨੇ ਦਾਤਿਆਂ ਦੇ ਮਨ ਵਿਚ ਵੱਸ ਕੇ ਦਿਵਾਇਆ ਸੀ । ਜਦ ਹੋਰ ਲੋੜ ਪਏਗੀ ਦਾਤਾ ਫੇਰ ਦਿਵਾਏਗਾ । ਜਦੋਂ ਤੁਹਾਡਾ ਜਾਂਦਾ ਰਹੇ ਤਾਂ ਸਮਝੋ ਕਿ ਦਾਤਾ ਨੇ ਉਸ ਤੋਂ ਵਿਰਵੇ ਕਰਨ ਵਿਚ ਸਾਡਾ ਭਲਾ ਲੋਚਿਆ ਹੈ । ਜਦ ਤਕ ਤੁਸਾਡੀ ਅੰਦਰਲੀ ਟੇਕ ਭਗਵੰਤ ਤੇ ਨਹੀਂ ਗਈ, ਤਦ ਤਾਈਂ ਨਿਜ ਪਰਾਇਣ ਹੋ ਈਸ਼੍ਵਰ ਪਰਾਇਣ ਨਹੀਂ ਹੋ । ਜੋ ਨਿਰਾਧਾਰ ਈਸ਼੍ਵਰ ਪਰਾਇਣ ਨਹੀਂ ਉਹ ਸਾਧੂ ਨਹੀਂ ।

ਸਾਧੂ–ਫਿਰ ਇਸ ਤਰ੍ਹਾਂ ਤਾਂ ਸਾਧੂ ਹੋ ਜਾਣਾ ਮਰਨ ਤੁਲ ਹੋ ਗਿਆ ।

ਸੰਤ (ਹੱਸ ਕੇ)–ਹੁਣ ਖਰਾ ਖਰਾ ਸੱਚ ਆਖਿਆ ਈ, ਮਿਤ੍ਰਾ ! ਸਾਧੂ ਨਾਮ ਹੀ ਉਸਦਾ ਹੈ ਜੋ 'ਮਾਇਆ ਮੇਰੀ ਹੈ' ਇਸ ਖਿਆਲ ਤੋਂ ਮਰ ਜਾਂਦਾ ਹੈ । ਮੈਂ ਫ਼ਾਰਸੀਆਂ ਪੜ੍ਹਿਆ ਤਾਂ ਨਹੀਂ, ਪਰ ਮੈਨੂੰ ਕਿਸੇ ਪੜ੍ਹੇ ਨੇ ਦੱਸਿਆ ਸੀ ਕਿ ਜੋ ਸਾਧ ਹੋ ਜਾਏ ਕਾਨੂੰਨ ਵਿਚ ਬੀ ਉਸ ਨੂੰ ਵਡਿਆਂ ਦੀ ਵਿਰਾਸਤ ਤੋਂ ਮਰ ਗਿਆਂ ਤੁੱਲ ਸਮਝਦੇ ਹਨ । ਸਾਧੂ ਹੋਣਾ ਹਈ ਤਾਂ ਮੌਤ:–'ਪਹਿਲਾਂ ਮਰਣੁ ਕਬੂਲਿ ਜੀਵਣ ਕੀ ਛਡਿ

ਆਸ'। ਹਾਂ, ਸਾਧੂ ਹੋਣਾ ਮਰਨਾ ਹੈ। ਪਰ ਬਈ ਇਸ ਮਰਨ ਤੋਂ ਮਗਰੋਂ ਜੀਵਨ ਹੈ, ਉਹ ਜੀਵਨ ਸਾਂਈਂ ਨਾਲ ਸਾਂਝੀ-ਵਾਲਤਾ ਦਾ ਜੀਵਨ ਹੈ ਤੇ ਜਗਤ ਨੂੰ ਸੁਖ ਦੇਣ ਦਾ ਜੀਵਨ ਹੈ। ਜੀਵਿਆ ਸਾਧੂ ਦਾਤਾ ਹੁੰਦਾ ਹੈ, ਉਸ ਦੀ ਬ੍ਰਿਤੀ ਵਿਚ 'ਮੰਗ' ਦਾ ਭਾਉ ਨਹੀਂ ਹੁੰਦਾ।

ਸਾਧੂ (ਹਾਹੁਕਾ ਲੈ ਕੇ)–ਸੰਤ ਜੀ ! ਸੱਚ ਕਿਹਾ ਨੇ, ਘਰਾਂ ਤੋਂ ਉਦਾਸ ਹੋ ਕੇ ਟੁਰੇ ਸਾਂ ਕਿ ਕੰਮ ਬਹੁਤਾ ਤੇ ਖਾਣ ਨੂੰ ਥੋਹੜਾ ਮਿਲਦਾ ਹੈ। ਇਹ ਤਾਂ ਸਾਨੂੰ ਪਤਾ ਨਹੀਂ ਸੀ ਕਿ ਸਾਧੂ ਹੋਣਾ ਆਪੇ ਤੋਂ ਮਰ ਮਿਟਣਾ ਹੈ ਤੇ ਸਾਂਈਂ ਨਾਲ ਸਾਂਝੀਵਾਲ ਹੋ ਜੀਵਣਾ ਹੈ ਤੇ ਜਗਤ ਦੇ ਭਲੇ ਵਿਚ ਆਪਾ ਦੇਣਾ ਹੈ।

ਸੰਤ–ਤਦੇ ਮੈਂ ਕਿਹਾ ਸੀ ਕਿ ਮੁੜ ਗ੍ਰਿਹਸਤੀ ਹੋ ਜਾਓ। ਗ੍ਰਿਹਸਤੀ ਹੋ ਕੇ 'ਗੁਰਮੁਖਿ ਨਾਮੁ ਦਾਨੁ ਇਸਨਾਨੁ' ਦਾ ਜੀਵਨ ਬਸਰ ਕਰੋ, ਕਲਜਾਣ ਹੋਏਗੀ।

ਆਪ ਦੇ ਸਿੱਧੇ ਸਾਦੇ ਮੋਟੇ ਮੋਟੇ ਅੱਖਰਾਂ ਵਿਚ ਉਚਾਰੇ ਬਚਨ ਆਪਣਾ ਜਾਦੂ ਆਪ ਰੱਖਦੇ ਸਨ, ਜੋ ਹੁਣ ਯਾਦ ਕਰਕੇ ਲਿਖਣ ਵਿਚ ਉਸ ਸੁੰਦਰਤਾ ਵਿਚ ਅਦਾ ਨਹੀਂ ਹੋ ਸਕਦੇ। ਆਪ ਦੇ ਕਥਨ ਦਾ ਪ੍ਰਭਾਵ ਐਸਾ ਪਿਆ ਕਿ ਸੰਗਤ ਬੀ ਗਦਗਦ ਹੋ ਗਈ, ਸਾਧੂਆਂ ਨੂੰ ਬੀ ਅਤੀਤ ਮਾਰਗ ਦਾ ਆਦਰਸ਼ ਸਮਝ ਵਿਚ ਆ ਗਿਆ।

## ੨੫. ਸਾਖੀ ਭਾਈ ਪੱਲਾ–

ਬਿਆਸਾ ਦੇ ਪੱਛੋਂ ਵੱਲ ਨੂੰ ਅਜ ਕਲ ਦੇ ਸਟੇਸ਼ਨ ਬਜਾਸ ਤੋਂ ਢਾਈ ਮੀਲ ਉਪਰਵਾਰ ਬਕਾਲਾ ਪਿੰਡ ਹੈ। ਇਹ ਥਾਂ ਸੀ ਜਿੱਥੇ ਸ੍ਰੀ ਪਾਵਨ ਮਾਤਾ ਗੰਗਾ ਜੀ ਦੇ ਪੇਕੇ ਸਨ। ਸ੍ਰੀ ਗੁਰੂ ਅਰਜਨ ਦੇਵ ਜੀ ਤੇ ਸ੍ਰੀ ਗੁਰੂ ਹਰਿਗੋਵਿੰਦ ਸਾਹਿਬ ਜੀ ਇਥ ਜਾਂਦੇ ਰਹੇ ਹਨ। ਨੌਵੇਂ ਪਾਤਸ਼ਾਹ ਇਥੇ ਬਹੁਤ ਚਿਰ ਏਕਾਂਤ ਭਜਨ ਕਰਦੇ ਰਹੇ ਹਨ। ਆਪ ਦੀ ਗੁਰਿਆਈ ਇਥੋਂ ਹੀ ਵਿਦਤ ਹੋਈ ਸੀ। ਮਾਤਾ ਗੰਗਾ ਜੀ ਦਾ ਦੇਹੁਰਾ ਇਥੇ ਹੈ ਤੇ ਨੌਵੇਂ ਸਤਿਗੁਰਾਂ ਦੇ ਗੁਰਦਵਾਰੇ ਹਨ। ਇਸ ਤੋਂ ਦੋ

ਕੋਹ ਉਪਰ ਨੂੰ ਇਕ ਪਿੰਡ ਹੈ ਸਠਿਆਲਾ ਤੇ ਉਸ ਤੋਂ ਅਗੇ ਦੋ ਕੁ ਕੋਹ ਪਰੇ ਹੈ ਬੁਤਾਲਾ। ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ ਸਮੇਂ ਇਥੇ ਬੁਤਾਲੇ ਵਿਚ ਇਕ ਮਾਂ ਪੁਤ ਰਹਿੰਦੇ ਸਨ। ਪਤੀ ਬੀਬੀ ਦਾ ਮਰ ਚੁੱਕਾ ਸੀ, ਪੁੱਤ ਗਭਰੂ ਸੀ, ਵਾਹੀ ਕਰਦਾ ਸੀ, ਪਰ ਸੀ ਘਰਾਣਾ ਗਰੀਬੀ ਵਿਚ। ਉਂਞ ਇਹ ਗਭਰੂ ਸਮਝਦਾਰ, ਨੇਕ ਤੇ ਭਲੇ ਸੁਭਾਵ ਵਾਲਾ ਸੀ।

ਇਕ ਦਿਨ ਇਹ ਨੌਜਵਾਨ ਖੂਹ ਦੇ ਲਾਗਲੇ ਥੜ੍ਹੇ ਤੇ ਬੈਠਾ ਸੀ, ਉਂਞ ਖੂਹ ਵਗ ਨਹੀਂ ਸੀ ਰਿਹਾ। ਥੋੜ੍ਹੀ ਦੇਰ ਵਿਚ ਕੁਛ ਆਦਮੀ ਆ ਗਏ। ਇਨ੍ਹਾਂ ਵਿਚੋਂ ਇਕ ਸਜਣ ਕਿਸ ਮਿੱਠੀ ਸੁਰ ਵਿਚ ਬਾਣੀ ਪੜ੍ਹ ਰਿਹਾ ਸੀ ਤੇ ਬਾਕੀ ਦੇ ਸੁਣਦੇ ਆ ਰਹੇ ਸਨ। ਖੂਹ ਤੇ ਪਹੁੰਚ ਕੇ ਉਨ੍ਹਾਂ ਨੇ ਕਿਹਾ–ਭਾਈ ਭਲਿਆ ਲੋਕਾ! ਸਾਨੂੰ ਪਾਣੀ ਪਿਲਾ। ਖੂਹ ਤਾਂ ਬੰਦ ਸੀ, ਪਰ ਗੱਭਰੂ ਨੇ ਕੁਛ ਹੇਠਾਂ ਉਤਰਕੇ ਮਾਲ੍ਹ ਨਾਲੋਂ ਦੋ ਤ੍ਰੈ ਟਿੰਡਾਂ ਪਾਣੀ ਦੀਆਂ ਖੋਲ੍ਹ ਆਂਦੀਆਂ ਤੇ ਕਿਹਾ–ਆਓ ਭਾਈ! ਪਾਣੀ ਪੀ ਲਓ। ਜਾਂ ਉਹ ਅਗੇ ਵਧੇ ਤਾਂ ਇਕ ਨੇ ਪੁਛਿਆ–ਕਾਕਾ! ਤੁਸੀਂ ਕੌਣ ਹੁੰਦੇ ਹੋ? ਨਿਰਛਲ ਮੁੰਡੇ ਨੇ ਕਿਹਾ–ਹਾਂ ਤਾਂ ਅਸੀਂ ਹਿੰਦੂ, ਪਰ ਸਰਵਰੀਏ ਸਾਨੂੰ ਆਖਦੇ ਹਨ। ਤਦ ਉਨ੍ਹਾਂ ਨੇ ਕਿਹਾ ਕਿ ਭਾਈ ਤੂੰ ਆਪਣਾ ਪਾਣੀ ਸੰਭਾਲ ਲੈ, ਤੇਰੇ ਹੱਥ ਦਾ ਪਾਣੀ ਅਸਾਂ ਨਹੀਂ ਪੀਣਾ, ਤੁਸੀਂ ਬਿਨਮੇ ਹੋ। ਸੋ ਉਹ ਸਾਰੇ ਤਿਹਾਏ ਉਥੋਂ ਚਲੇ ਗਏ ਤੇ ਗਭਰੂ ਨੇ ਇਹ ਵਾਰਤਾ ਮਾਂ ਨੂੰ ਜਾ ਸੁਣਾਈ ਤੇ ਪੁੱਛਿਆ–ਮਾਂ! ਉਹਨਾਂ ਨੇ ਕਿਉਂ ਪਾਣੀ ਨਹੀਂ ਪੀਤਾ ਤੇ ਮੈਨੂੰ ਇਹ ਕੀ ਆਖਿਆ ਸਾਨੇ ਕਿ ਤੁਸੀਂ ਬਿਨਮੇ* ਹੋ? ਮਾਂ ਬੋਲੀ–ਓਹ ਗੁਰੂ ਨਾਨਕ ਦੇਵ ਦੇ ਸਿਖ ਸਨ ਜੋ ਬਾਣੀ ਪੜ੍ਹਦੇ ਸਨ ਤੇ ਜਿਨ੍ਹਾਂ ਨੇ ਤੈਨੂੰ ਸਖੀ ਸਰਵਰ ਦਾ ਸੁਣਕੇ ਪਾਣੀ ਨਹੀਂ ਪੀਤਾ। ਸਿੱਖ ਸਰਵਰੀਏ ਨਾਲ ਨਹੀਂ ਵਰਤਦੇ, ਬਿਨਮੇ* ਆਖਦੇ ਹਨ।

---

*ਬੇਨਿਯਮੇ: ਅਰਥਾਤ ਬੇਅਸੂਲੇ। ਪਈ ਹਨ ਤਾਂ ਹਿੰਦੂ ਤੇ ਪੂਜਾ ਕਰਦੇ ਹਨ ਮੁਸਲਮਾਨ ਪੀਰਾਂ ਦੀ, ਨਾ ਇਤਕੇ ਨ ਉਤਕੇ।

ਪੁੱਤ-ਮਾਂ ! ਉਨ੍ਹਾਂ ਦੀ ਬਾਣੀ ਵਿਚ ਬੜਾ ਸੁਆਦ ਸੀ, ਉਨ੍ਹਾਂ ਦੀ ਨੁਹਾਰ ਬੜੀ ਪਿਆਰੀ ਸੀ, ਓਹ ਬੋਲਦੇ ਬੜਾ ਮਿੱਠਾ ਸਨ। ਮੈਨੂੰ ਦੁਖ ਹੋ ਰਿਹਾ ਹੈ ਕਿ ਮੈਂ ਉਨ੍ਹਾਂ ਨੂੰ ਪਾਣੀ ਭੀ ਨਾ ਪਿਲਾ ਸਕਿਆ ਤੇ ਐਡੇ ਚੰਗੇ ਲਗਣ ਵਾਲੇ ਤਿਹਾਏ ਹੀ ਚਲੇ ਗਏ। ਕੀ ਮਾਂ ! ਜੇ ਮੈਂ ਉਨ੍ਹਾਂ ਦੇ ਗੁਰੂ ਦਾ ਸਿਖ ਹੁੰਦਾ ਤਾਂ ਸਾਰੇ ਮੇਰੇ ਹਥੋਂ ਪਾਣੀ ਪੀ ਲੈਂਦੇ ? ਮਾਂ ਬੋਲੀ-ਹਾਂ। ਪੁੱਤ ! ਉਨ੍ਹਾਂ ਨਾਲ ਲੋਕੀ ਖੁੜਬਦੇ ਤਾਂ ਹੈਨ, ਪਰ ਓਹ ਬੜੇ ਚੰਗੇ ਤੇ ਪਿਆਰ ਕਰਨ ਵਾਲੇ ਹੁੰਦੇ ਹਨ ਇਸ ਕਰਕੇ ਲੋਕ ਉਨ੍ਹਾਂ ਨੂੰ ਚੰਗਾ ਜਾਣਦੇ ਹਨ ਤੇ ਸਾਰੇ ਵਰਤਦੇ ਹਨ। ਚਾਹੇ ਉਹ ਕਈ ਖੁੱਲ੍ਹਾਂ ਕਰ ਲੈਂਦੇ ਹਨ, ਜ਼ਾਤ ਪਾਤ, ਚੌਂਕੇ ਚੁਲ੍ਹੇ ਦੀ ਛੂਤ ਛਾਤ ਨਹੀਂ ਕਰਦੇ, ਪਰ ਉਨ੍ਹਾਂ ਦੇ ਲੰਗਰੋਂ ਹੁਣ ਕੋਈ ਨਹੀਂ ਜਦਦਾ, ਲੰਗਰ ਬੜਾ ਸੁੱਚਾ ਤੇ ਸਾਫ ਕਰਦੇ ਹਨ। ਪੁੱਤ ਬੋਲਿਆ-ਮਾਂ ! ਮੈਂ ਉਨ੍ਹਾਂ ਦੇ ਗੁਰੂ ਨੂੰ ਕਿਵੇਂ ਮਿਲਾਂ ? ਮਾਂ ਬਲੀ: ਬੱਚਾ ! ਗੁਰੂ ਉਨ੍ਹਾਂ ਦਾ ਬੜੇ ਪਰਤਾਪ ਵਾਲਾ ਹੈ ਤੇ ਲੱਖਾਂ ਆਦਮੀ ਉਸਦਾ ਆਮਨਾ ਮੰਨਦੇ ਹਨ ਤੇ ਉਹ ਹੈ ਭਗਵਾਨ ਵਰਗਾ। ਉਸ ਨੂੰ ਉਸ ਦੀ ਨਗਰੀ ਜਾ ਮਿਲੀਦਾ ਹੈ, ਜਾਂ ਉਹ ਅੰਤਰਯਾਮੀ ਹੈ, ਕੋਈ ਪਿਆਰ ਕਰੇ ਤਾਂ ਆਪੇ ਆ ਮਿਲਦਾ ਹੈ। ਪੁੱਤ ਨੇ ਪੁੱਛਿਆ-ਮਾਂ ! ਮਿਲੀਦਾ ਕੀਕੂੰ ਹੈ ? ਗਰੀਬਾਂ ਨੂੰ ਮਿਲ ਲੈਂਦੇ ਹਨ ? ਮਾਂ ਨੇ ਕਿਹਾ ਬੱਚਾ ! ਸਿਖ ਉਨ੍ਹਾਂ ਨੂੰ 'ਗ਼ਰੀਬ ਨਿਵਾਜ਼' ਆਖਦੇ ਹਨ ਤੇ ਓਹ ਗ਼ਰੀਬ ਅਮੀਰ ਨੂੰ ਇਕ ਤੱਕਣੀ ਤੱਕਦੇ ਹਨ। ਪੁੱਤ ਨੇ ਪੁੱਛਿਆ-ਪਰ ਮੈਂ ਵਹੁਸ਼ ਜੇਹਾ ਹਾਂ, ਕਿਵੇਂ ਮਿਲੀਦਾ ਹੈ ? ਮਾਂ ਨੇ ਕਿਹਾ-ਬੱਚਾ ! ਮੇਰੇ ਪੇਕੇ ਭੀ ਉਨ੍ਹਾਂ ਦੇ ਸਿਖ ਹੈਸਣ, ਮੈਂ ਕਿਸੇ ਭੁਲੇਖੇ ਇੱਥੇ ਵਿਆਹੀ ਆ ਗਈ ਜੋ ਸਰਵਰੀਆਂ ਦਾ ਘਰ ਨਿਕਲ ਪਿਆ; ਸੋ ਮੈਨੂੰ ਪਤਾ ਹੈ ਕਿ ਜਦੋਂ ਸਤਿਗੁਰੂ ਮਿਲਣ ਤਾਂ ਕੁਛ ਅੱਗੇ ਧਰਕੇ ਮੱਥਾ ਟੇਕੀਦਾ ਹੈ। ਚਾਹੇ ਕੋਈ ਮਿੱਠੀ ਸ਼ੈ ਧਰ ਦਿਤੀ ਜਾਵੇ; ਚਾਹੇ ਦੋ ਪੈਸੇ ਹੀ, ਚਾਹੇ ਦੋ ਫੁਲ ਤੇ ਚਾਹੇ ਦੋ ਦਾਤਣਾਂ ਹੀ। ਇਹ ਅਦਬ ਵਾਸਤੇ ਹੈ, ਹੋਰ ਉਨ੍ਹਾਂ ਨੂੰ ਲੋੜ ਕੋਈ ਨਹੀਂ ਹੈ। ਪੁੱਤ ਨੇ ਕਿਹਾ-ਫੇਰ ਮਾਂ ! ਇਕ ਗੁੜ ਦੀ ਰੋੜੀ ਮੈਨੂੰ ਦੇ ਦੇ ਤੇ ਇਕ ਰੁਪੱਯਾ ਦੇ ਦੇ ਜੋ ਮੈਂ ਇਕ

ਦਿਨ ਸਾਂਭਣ ਲਈ ਤੈਨੂੰ ਆਣ ਦਿਤਾ ਸੀ ਵਾਢੀਆਂ ਵਿਨੀਂ ? ਮਾਂ ਨੇ ਰੋੜੀ ਤੇ ਰੁਪੱਯਾ ਲਿਆ ਦਿੱਤਾ। ਪੁਤ ਨੇ ਚਾਦਰ ਦੇ ਪੱਲੇ ਬੰਨ੍ਹ ਲਿਆ ਤੇ ਮੋਢੇ ਤੇ ਚਾਦਰ ਅਗੇ ਵਾਂਗ ਸੁੱਟ ਲਈ। ਉਸ ਦੀ ਭਾਵਨਾ ਇਹ ਹੋ ਆਈ ਕਿ ਮੈਨੂੰ ਜਿਸ ਵੇਲੇ ਮਿਲ ਪਏ ਗੁਰੂ ਜੀ ਉਸ ਵੇਲੇ ਮੈਂ ਭੇਟਾ ਤੋਂ ਖਾਲੀ ਨਾ ਹੋਵਾਂ, ਭੇਟਾ ਮੇਰੇ ਪਾਸ ਹੋਵੇ, ਖਬਰੇ ਕਿਹੜੇ ਵੇਲੇ ਮਿਲ ਪੈਂਦੇ ਹਨ, ਅੰਤਰਯਾਮੀ ਜੁ ਹੋਏ, ਸੋ ਉਸ ਵੇਲੇ ਭੇਟਾ ਅੱਗੇ ਧਰਕੇ ਮਥਾ ਟੇਕਾਂਗਾ। ਸੋ ਰਾਤ ਸਵੇਂ ਤਾਂ ਚਾਦਰ ਸਿਰਾਣੇ, ਜੇ ਹਲ ਵਾਹੇ ਤਾਂ ਚਾਦਰ ਨਾਲ, ਖੂਹ ਗੇੜੇ ਤਾਂ ਚਾਦਰ ਨਾਲ ਗਾਧੀ ਤੇ। ਇਸ ਹਰ ਵੇਲੇ ਦੀ ਭਾਵਨੀ ਨੇ ਹਰ ਵੇਲੇ ਦੀ ਯਾਦ ਸਤਿਗੁਰਾਂ ਦੀ ਲਾ ਦਿਤੀ, ਉਸ ਦੇ ਅੰਦਰ ਗੁਰੂ ਵਲ ਖਿਆਲ ਇਕ ਲਗਾਤਾਰੀ ਭਾਵ ਹੋ ਗਿਆ। ਗੁਰੂ ਸਿਫਤ ਪਹਿਲਾਂ ਅੰਦਰ ਵੜ ਗਈ ਸੀ ਤਾਂ ਇਹ ਚਾਉ ਮਿਲਣ ਦਾ ਉਪਜਿਆ ਸੀ। ਸੋ ਇਹ ਲਗਾਤਾਰੀ ਯਾਦ ਦਾ ਅਸਰ ਗੁਰੂ-ਮਨ ਤੇ ਬੀ ਹੋਣ ਲਗ ਪਿਆ। ਅੰਦਰ ਤਾਂ ਇਹ ਅਸਰ ਪਿਆ ਤੇ ਬਾਹਰ ਲੋਕੀਂ ਉਸ ਨੂੰ 'ਪੱਲਾ' 'ਪੱਲਾ' ਕਰਕੇ ਸੱਦਣ ਲੱਗ ਪਏ।

ਬਕਾਲੇ ਵਿਚ ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਮਾਮਿਆਂ ਵਿਚੋਂ ਕਿਸੇ ਨੇ ਘਰ ਬਣਵਾਇਆ ਤੇ ਸ੍ਰੀ ਗੁਰੂ ਜੀ ਨੂੰ ਜਠ ਵਾਸਤੇ ਬੜੇ ਸਨਮਾਨ ਨਾਲ ਜਾ ਕੇ ਆਂਦਾ। ਸ੍ਰੀ ਗੁਰੂ ਜੀ ਬਕਾਲੇ ਤੋਂ ਇਕ ਦਿਨ ਘੋੜੇ ਤੇ ਚੜ੍ਹਕੇ ਸਹਜੇ ਸਹਜੇ ਤੁਰ ਰਹੇ ਸਨ ਕਿ ਪ੍ਰੇਮੀਆਂ ਨੇ ਪੁੱਛਿਆ–ਕਿਧਰ ਦੇ ਤਯਾਰੇ ਸਾਹਿਬਾਂ ਨੇ ਕੀਤੇ ਹਨ ? ਆਪ ਉੱਪਰ ਵੱਲ ਨੂੰ ਤੱਕੇ ਤੇ ਕਹਿਣ ਲੱਗੇ–ਪੱਬੀਆਂ ਪੱਥਰਾਂ ਵਿਚੋਂ ਠੁਡੇ ਖਾਂਦੀ ਤੇ ਰੇਤਿਆਂ ਵਿਚੋਂ ਪੱਲੇ ਛੁਡਾਉਂਦੀ ਆ ਰਹੀ ਨਦੀ ਨੂੰ ਲੈਣ ਚੱਲੇ ਹਾਂ। ਸੰਗਤ ਨੇ ਆਪ ਦੇ ਬਚਨਾਂ, ਆਪਦੇ ਚਿਹਰੇ ਤੇ ਪ੍ਰੇਮ ਤੇ ਪ੍ਰੇਮ ਵਿਚ ਨਿਮਗਨਤਾ ਦੇ ਚਿਹਨ ਚਕ੍ਰਾਂ ਤੋਂ ਪਛਾਣ ਲਿਆ ਕਿ ਕਿਸੇ ਨੂੰ ਤਾਰਨ ਚੱਲੇ ਹਨ।

ਸਾਹਿਬ ਘੋੜਾ ਰੁਮਕੇ ਪਾਕੇ ਟੁਰ ਪਏ, ਘੋੜਾ ਮੋਰ ਚਾਲੇ ਹੋ ਪਿਆ। ਫੇਰ ਦੁੜਕੀ ਤੇ ਫੇਰ ਪੋਈਏ ਪੈ ਗਿਆ। ਇਕ ਖੇਤ ਦੀ ਵੱਟ ਤੇ ਇਕ ਸਰਵਰੀਆ ਰਾਹਕ ਖੜਾ ਸੀ। ਆਪ ਨੇ ਪੁੱਛਿਆ–ਚਉਧਰੀਆ!ਆਹ

ਕਿਹੜਾ ਪਿੰਡ ਹੈ ? ਉਸ ਜ਼ਰਾ ਮੁਸਕ੍ਰਾ ਕੇ ਕਿਹਾ–ਔਹ ਦੇਖਾਂ ਬੈਠਾ ਜੇ ਚੌਧਰੀ, ਔਹ ਤੀਰਕੁ ਦੀ ਵਾਟ ਤੇ। ਇਹ ਕਹਿਕੇ ਹੱਥ ਦੀ ਸੈਨਤ 'ਪੱਲੇ' ਵਲ ਕੀਤੀ। ਸਾਹਿਬ ਟੁਰ ਪਏ ਤੇ ਕਹਿਣ ਲਗੇ–ਭਾਈ ਰਾਹਕ ! ਸਾਂਈ ਦੇ ਰੰਗ ਵੇਖ, ਓਹੋ ਹੀ ਹੋ ਜਾਸੀਆ ਚੌਧਰੀ।

ਇਉਂ ਕਹਿਕੇ ਰਵਾਲ ਚਾਲ ਉੱਥੇ ਜਾ ਪਹੁੰਚੇ। 'ਪੱਲਾ' ਬੈਠਾ ਸੀ ਗੁਰੂ ਗੁਰੂ ਕਰਦਾ ਮੈਲੇ ਪਾਟੇ ਕੱਪੜੀਂ, ਪਰ ਸਾਬਤ ਦਿਲ ਨਾਲ। ਘੋੜੀ ਦੀ ਟਾਪ ਸੁਣਕੇ ਨੈਣ ਖੁੱਲ੍ਹੇ। ਜਬ੍ਹਾ ਪ੍ਰਤਾਪ ਵਾਲਾ, ਨੂਰੀ ਤੇ ਪਿਆਰਾਂ ਵਾਲਾ ਚਿਹਰਾ ਤੱਕਕੇ ਅੰਦਰਲੇ ਨੇ ਕਿਹਾ–ਏਹੋ ਹੈਨ ਗੁਰੂ ਜੀ। ਏਹੋ ਮਨਾਂ ! ਏਹੋ, ਸਵੇਰ ਦੇ ਜੋ ਹਲ ਨਹੀਂ ਪਏ ਵਾਹੁਣ ਦੇਂਦੇ, ਮੈਂ ਬੈਠਾ ਹਾਂ ਬਾਉਲਿਆਂ ਹਾਰ, ਗੁਰੂ ਗੁਰੂ ਕਰਦਾ। ਮਾਂ ਕਹਿੰਦੀ ਸੀ ਅੰਤਰਯਾਮੀ ਹਨ, ਆਪੇ ਵੀ ਆ ਮਿਲਦੇ ਹਨ। ਇਸ ਤਰ੍ਹਾਂ ਪਿਆਰ ਵਿਚ ਧਾਵਾਂ ਉਛਾਲ ਆਇਆ, ਪ੍ਰੇਮ ਦੇ ਵੇਗ ਵਿਚ ਬਿਹਬਲ ਹੋ ਉਠਿਆ ਤੇ ਚਾਦਰ ਘੋੜੇ ਅਗੇ ਸੱਟਕੇ ਰਕਾਬ ਤੇ ਸਿਰ ਧਰ ਦਿਤਾ। ਸਾਹਿਬ ਹੇਠਾਂ ਉਤਰੇ, ਪੱਲੇ ਨੂੰ ਛਾਤੀ ਨਾਲ ਲਾ ਲਿਆ ਤੇ ਕਿਹਾ– ਨਿਹਾਲ ਸਿੱਖਾ ! ਨਿਹਾਲ ! ਹੁਣ ਪੱਲੇ ਨੂੰ ਮਿਲਾਪ ਦੇ ਪਿਆਰ ਉਛਾਲ ਵਿਚ ਰੋੜੀ ਰੁਪੱਯਾ ਭੁੱਲ ਗਿਆ ਹੈ, ਉਹ ਪਿਆ ਹੈ ਧਰਤੀ ਉੱਤੇ ਤੇ ਉਸਦਾ ਸਿਰ ਪਿਆ ਹੈ ਗੁਰੂ ਗੋਦੀ ਵਿਚ। ਸਤਿਗੁਰੂ ਬੋਲੇ–ਪੱਲਿਆ ! ਕੁਛ ਖੁਆ ਬਈ, ਤਾਂ ਪੱਲੇ ਨੂੰ ਹੋਸ਼ ਆਈ ਭੇਟ੍ਹਾ ਦੀ, ਉੱਠਿਆ ਚਾਦਰ ਚਾਈ, ਖੋਲ੍ਹੀ, ਰੋੜੀ ਰੁਪੱਯਾ ਸਾਹਿਬਾਂ ਦੇ ਪੇਸ਼ ਕੀਤਾ। ਆਪ ਨੇ, ਹਾਂ ਵਿਸ਼੍ਵ ਦੇ ਭਰਨਹਾਰ ਨੇ ਗ਼ਰੀਬ ਦਾ ਕਈ ਚਿਰਾਂ ਦਾ ਪੱਲੇ ਬੱਧਾ ਗੁੜ ਤ੍ਰੋੜਿਆ ਤੇ ਮੂੰਹ ਪਾਇਆ ਤੇ ਆਖਿਆ–ਚੱਲ ਬਈ, ਘਰ ਲੈ ਚੱਲ। ਪੱਲਾ ਹੁਣ ਸਾਹਿਬਾਂ ਨੂੰ ਲੈ ਗਿਆ। ਉਸਦੀ ਮਾਈ ਧਾ ਕੇ ਚਰਨਾਂ ਤੇ ਢੱਠੀ "ਧੰਨ ਭਾਗ ! ਧੰਨ ਭਾਗ !!" ਕਹਿੰਦੀ ਬਿਹਬਲ ਹੋ ਗਈ :–

"ਘਾਲ ਨ ਮਿਲਿਓ ਸੇਵ ਨ ਮਿਲਿਓ ਮਿਲਿਓ ਆਇ ਅਚਿੰਤਾ ॥"

ਮਾਈ ਦੇ ਅੰਦਰ ਗੁਰੂ ਘਰ ਦੀ ਦੱਬੀ ਹੋਈ ਸ਼ਰਧਾ ਜ੍ਵਾਲਾ ਦੀ ਤਰ੍ਹਾਂ ਬਾਹਰ ਫੁਟ ਆਈ। ਨੈਣਾਂ ਦੇ ਗੰਗਾ ਸਾਗਰ ਨਾਲ ਚਰਨ

ਧੋਤਿਓਸੁ । ਪੱਲੇ ਨੇ ਹੁਣ ਮੰਜਾ ਡਾਹ ਕੇ ਪਾਟੀ ਹੋਈ, ਪਰ ਘਰ ਦੀ ਧੋਤੀ ਹੋਈ ਦੁਤੱਹੀ ਵਿਛਾ ਦਿਤੀ ਸੀ । ਸਾਹਿਬ ਬੈਠ ਗਏ । ਕੁਛ ਚਿਰ ਸਾਹਿਬ ਮਾਂ ਪੁੱਤ ਨਾਲ ਪਰਮਾਰਥ ਦੀਆਂ ਗੱਲਾਂ ਬਾਤਾਂ ਕਰਦੇ ਰਹੇ, ਫੇਰ ਆਖਣ ਲੱਗੇ-'ਮਾਈ ! ਪ੍ਰਸ਼ਾਦ ਤਿਆਰ ਕਰ' । ਉਹ ਆਖਣ ਲਗੀ-'ਸਤਿਬਚਨ ਮਹਾਰਾਜ !' ਘਰ ਵਿਚ ਢਾਈ ਕੁ ਸੇਰ ਆਟਾ ਤੇ ਅੱਧ ਕੁ ਸੇਰ ਦਾਲ ਸੀ, ਉਸ ਵੇਲੇ ਘਿਉ ਸੁੱਖ ਸੀ । ਮਾਈ ਘਬਰਾਈ ਤੇ ਸ਼ਰਮ ਬੀ ਆਈ; ਪਰ ਗ਼ਰੀਬੀ ਨੂੰ ਕੀਕੂੰ ਤ੍ਰੁੜਕੇ ਸੱਟ ਦੇਵੇ । ਸੋ 'ਧੰਨ ਗੁਰੂ', 'ਧੰਨ ਗੁਰੂ' ਕਰਦੀ ਉੱਠੀ, ਦਾਲ ਧਰ ਦਿੱਤੀ ਤੇ ਆਟਾ ਗੁੰਨ੍ਹ ਲਿਆ । ਦਾਲ ਰਿੱਝ ਗਈ । ਮਾਈ ਨੇ ਹੁਣ ਪ੍ਰਸ਼ਾਦੇ ਪਕਾ ਲਏ ਤੇ ਭੇਟ ਕਰਕੇ ਆਖਣ ਲਗੀ ।-ਗ਼ਰੀਬ ਨਿਵਾਜ ! ਰੋਟੀ ਤਾਂ ਪੱਕ ਗਈ ਹੈ ਪਰ ।

ਸਤਿਗੁਰ-ਤੇ ਪਰ ਕਾਹਦੀ ਮਾਈ ?

ਮਾਈ (ਚਰਨੀ ਢਹਿਕੇ)-ਪਰ ਪਾਤਸ਼ਾਹ ਰੋਟੀਆਂ ਰੁੱਖੀਆਂ ਹਨ ।

ਤਾਂ ਸਾਹਿਬ ਕਹਿਣ ਲੱਗੇ-ਕਣਕ ਦੀ ਚੋਪੜੀ ਕੀਹ ਤੇ ਨਾ ਚੋਪੜੀ ਕੀਹ । ਇੰਨੇ ਨੂੰ ਬਕਾਲੇ ਤੋਂ ਸੰਗਤਾਂ ਅਤੇ ਸ੍ਵਾਰ ਆ ਪਹੁੰਚੇ । ਸਤਿਗੁਰਾਂ ਨੇ ਕਿਹਾ-ਪੱਲਿਆ ! ਹੱਥ ਧੁਆ ਤੇ ਪੰਗਤ ਲੁਆ ਦੇਹ । ਸਾਰੇ ਆਏ ਸਜਣ ਭੁੰਞੇ ਹੀ ਪੰਗਤ ਲਾ ਕੇ ਬਹਿ ਗਏ ਤੇ ਸੱਚੇ ਪਾਤਸ਼ਾਹ ਜੀ ਨੇ ਇਕ ਇਕ ਪ੍ਰਸ਼ਾਦਾ ਉੱਤੇ ਦਾਲ ਪਾ ਕੇ ਆਪ ਵਰਤਾਉਣਾ ਸ਼ੁਰੂ ਕਰ ਦਿਤਾ । ਮਾਈ ਤੇ ਪੱਲਾ ਸ਼ਰਮਦੇ ਸਨ, ਅਸਚਰਜ ਹੁੰਦੇ ਸਨ ਤੇ ਮਿਹਰਾਂ ਦੇ ਕੌਤਕ ਤੱਕ ਤੱਕ ਕੇ ਦ੍ਰਵਦੇ ਜਾਂਦੇ ਸਨ, ਫੇਰ ਸੰਕੁਚਦੇ ਸਨ ਕਿ ਕਿੰਨਿਆਂ ਕੁ ਨੂੰ ਢਾਈ ਤ੍ਰੈ ਸਰ ਆਟਾ ਪੂਰਾ ਹੋਵੇਗਾ । ਇੰਨੇ ਨੂੰ ਸੰਗਤ ਹੋਰ ਆ ਗਈ, ਪਰ ਨਾਲ ਹੀ ਪਿੰਡ ਵਿਚ ਜੋ ਸਿੱਖਾਂ ਦੇ ਘਰ ਸਨ; ਉਨ੍ਹਾਂ ਨੂੰ ਪਤਾ ਲਗ ਗਿਆ ਕਿ ਸੱਚੇ ਪਾਤਸ਼ਾਹ ਆਏ ਹਨ । ਸਾਰੇ ਦੁੱਧ, ਦਹੀਂ, ਰਸਦਾਂ ਲੈ ਕੇ ਹਾਜ਼ਰ ਹੋਏ । ਪੱਲੇ ਦੇ ਘਰ ਮੰਗਲਾਚਾਰ ਹੋ ਗਿਆ । ਮੱਖਣ ਤੇ ਘਿਉ, ਪ੍ਰਸ਼ਾਦੇ ਤੇ ਦੁੱਧ ਆ ਗਏ । ਸੰਗਤ ਵੀ ਵਧ ਰਹੀ ਹੈ, ਸਾਮਾਨ ਵੀ ਵਧ ਰਹੇ ਹਨ ਤੇ ਸਾਰਿਆਂ ਜੋਗਾ ਅੰਨ

ਪਾਣੀ ਬੀ ਹੋ ਗਿਆ। ਸਾਹਿਬਾਂ ਅਜ ਪ੍ਰਸ਼ਾਦੇ ਵਰਤਾਉਣ ਵਿਚ ਆਪ ਹਿੱਸਾ ਲਿਆ ਤੇ ਸ੍ਰਿਸ਼ਟੀ ਨੂੰ ਭਰਕੇ ਵਿਸ੍ਵੰਭਰ ਨੇ ਫੇਰ ਆਪਣੇ ਸਦਾ ਭਰੇ ਆਪੇ ਨੂੰ ਪ੍ਰੇਮ ਤੇ ਸ਼ਰਧਾ ਨਾਲ ਭਰਿਆ। ਹੁਣ ਪੱਲੇ ਤੇ ਮਿਹਰ ਹੋ ਗਈ, ਆਤਮ ਰਸ ਆਰੂਢਤਾ ਪ੍ਰਾਪਤ ਹੋਈ, ਨਾਉਂ 'ਭਾਈ ਪੱਲਾ' ਪੈ ਗਿਆ। ਸਾਹਿਬ ਚਲੇ ਆਏ, ਪਰ ਮਗਰੋਂ ਸਹਿਜੇ ਸਹਿਜੇ ਐਸ੍ਵਰਜ ਵਧਿਆ; 'ਭਾਈ ਪੱਲਾ' ਪਿੰਡ ਦਾ ਚੌਧਰੀ ਬੀ ਹੋ ਗਿਆ। ਹੁਣ ਤਕ ਚੌਧਰਤਾ ਭਾਈ ਪੱਲੇ ਦੇ ਖਾਨਦਾਨ ਵਿਚ ਹੈ।

ਜਦੋਂ ਉਪਰ ਲਿਖੀ ਕਥਾ ਸੰਤ ਭਾਈ ਸਵਾਇਆ ਸਿੰਘ ਜੀ ਨੇ ਸੁਣੀ ਤਾਂ ਬੁਤਾਲੇ ਉਸ ਕੱਚੇ ਗੁਰਦਵਾਰੇ ਦੇ ਦਰਸ਼ਨਾਂ ਨੂੰ ਭੱਜੇ ਗਏ, ਜੋ ਕਿ ਸਾਹਿਬਾਂ ਦੀ ਮਿਹਰ ਕਰਨ ਦੀ ਯਾਦਗਾਰ ਵਿਚ ਭਾਈ ਪੱਲੇ ਦੇ ਵੇਲੇ ਦਾ ਚਲਿਆ ਆ ਰਿਹਾ ਸੀ। ਆਪ ਨੂੰ ਚਾਉ ਚੜ੍ਹ ਗਿਆ। ਮਾਇਆ ਸੰਗਤਾਂ ਤੋਂ ਇਕੱਤ੍ਰ ਕਰ ਲਈ ਤੇ ਇਥੇ ਪੱਕਾ ਗੁਰਦਵਾਰਾ ਬਣਵਾ ਦਿਤਾ। ਤਦੋਂ ਸ੍ਰੀ ਭਾਈ ਪੱਲੇ ਦੀ ਉਲਾਦ ਵਿਚੋਂ ਇਕ ਭਾਈ ਈਸ਼ਰ ਸਿੰਘ ਜੀ ਸਨ ਜੋ ਭਜਨ ਦੀ ਮੂਰਤੀ ਸਨ। ਉਨ੍ਹਾਂ ਨੂੰ ਸੇਵਾਦਾਰ ਥਾਪ ਦਿਤਾ। ਓਹ ਕੁਛ ਚਿਰ ਸੇਵਾ ਕਰਕੇ ਆਪਣੇ ਬੰਦਗੀ ਦੇ ਰੰਗ ਵਿਚ ਆਦਮ ਪੁਰ ਦੇ ਲਾਗੇ ਇਕ ਬਣੀਏ ਦੇ ਅੰਬਾਂ ਦੇ ਬਾਗ ਪਾਸ ਜਾ ਏਕਾਂਤ ਵਾਸੀ ਹੋਏ। ਇਹ ਬਾਗ ਬਣੀਏ ਨੇ ਆਪਦੀ ਭੇਟਾ ਕਰ ਦਿੱਤਾ। ਸੁਣਿਆਂ ਹੈ ਕਿ ਭਾਈ ਈਸ਼ਰ ਸਿੰਘ ਜੀ ਆਪ ਵਿਰਕਤ ਹੀ ਰਹੇ ਤੇ ਬਾਗ਼ ਦੇ ਫਲ ਸਿੰਘਾਂ ਸਾਧੂਆਂ ਤੇ ਸਿਖ ਸੰਗਤਾਂ ਨੂੰ ਵੰਡ ਦੇਂਦੇ ਰਹੇ।

ਇਸ ਪ੍ਰਕਾਰ ਸੰਤ ਭਾਈ ਸਵਾਇਆ ਸਿੰਘ ਜੀ ਗੁਰਦਵਾਰਿਆਂ ਦੀ ਸੇਵਾ ਵਿਚ ਭੀ ਹਿੱਸਾ ਲੈਂਦੇ ਰਹੇ ਹਨ।

### ੨੬. ਗੁਰਪੁਰੀ ਪਿਆਨਾ–

ਸੰਤਾਂ ਦੀ ਸਾਰੀ ਆਯੂ ਪਰਉਪਕਾਰ ਵਿਚ ਬੀਤੀ ਸੀ, ਸਿਮਰਨ ਤੇ ਉਪਕਾਰ ਦੇ ਖਿਆਲ ਹੀ ਉਨ੍ਹਾਂ ਦੀ ਰਾਸ ਸਨ, ਗੁਰਦਵਾਰਿਆਂ ਦੀ ਯਾਤਰਾ ਲਈ ਜਾਣ ਵਾਲੀਆਂ ਸੰਗਤਾਂ ਦੇ ਆਰਾਮ ਦੇ ਲਈ ਆਪ ਨੇ ਆਪਣਾ ਸਰੀਰ ਅਰਪਨ ਕੀਤਾ ਹੋਇਆ ਸੀ, ਪਰ ਅੰਤ ਸਮਾਂ ਅੰਤ

ਆਉਂਦਾ ਹੈ। ਸੰਤ ਜੀ ਨੂੰ ਮਾਮੂਲੀ ਜਿਹਾ ਬੁਖਾਰ ਹੋਇਆ, ਜਿਸ ਦੀ ਆਪ ਨੇ ਪਰਵਾਹ ਨਾ ਕੀਤੀ। ਸਾਥੀਆਂ ਨੇ ਆਪ ਦੀ ਵਿਗੜੀ ਹਾਲਤ ਵੇਖਕੇ ਘਬਰਾਉ ਪ੍ਰਗਟ ਕੀਤਾ, ਪਰ ਸੰਤ ਜੀ ਆਪਣੇ ਨਾਮ ਸਿਮਰਨ ਦੀ ਲਗਨ ਵਿਚ ਰਹੇ। ਉਨ੍ਹਾਂ ਦੇ ਚਿਹਰੇ ਤੇ ਇਕ ਖਾਸ ਤਰ੍ਹਾਂ ਦਾ ਜਲਾਲ ਸੀ, ਮੱਥੇ ਤੇ ਨੂਰ ਦਮਕਾਂ ਮਾਰ ਰਿਹਾ ਸੀ ਤੇ ਐਉਂ ਭਾਸਦਾ ਸੀ ਕਿ ਅਜ ਕਿਸੇ ਖਾਸ ਉੱਚੀ ਅਵਸਥਾ ਵਿਚ ਹਨ। ਇਸ ਜਰਜਰੇ ਸਰੀਰ ਰੂਪੀ ਚੋਲੇ ਨੂੰ ਛੱਡਣ ਦਾ ਸਮਾਂ ਨੇੜੇ ਆਇਆ ਜਾਣਕੇ ਆਪ ਨੂੰ ਆਪਣੇ ਚਿਤ ਵਿਚ ਰੱਖੀ ਹੋਈ ਇਕ ਵਾਸ਼ਨਾ ਬੀਮਾਰੀ ਦੇ ਬਿਸਤਰੇ ਤੇ ਪਿਆਂ ਯਾਦ ਆਈ। ਸੁੰਦਰੀ ਕਰਤਾ ਦੇ ਨਾਲ ਉਨ੍ਹਾਂ ਦਾ ਅਤਿ ਸਨੇਹ ਸੀ। ਇਸ ਖਿਆਲ ਤੋਂ ਕਿ ਕੋਈ ਵਾਸ਼ਨਾਂ ਬਾਕੀ ਨਾ ਰਹਿ ਜਾਏ, ਰਾਤ ਦੇ ੧੦-੧੧ ਬਜੇ ਦੇ ਕਰੀਬ ਚਲਾਣੇ ਤੋਂ ਕੁਛ ਘੰਟੇ ਪਹਿਲੇ ਆਪ ਨੇ ਸੰਦੇਸਾ ਭੇਜਿਆ। ਆਉਣ ਵਾਲਾ ਸੱਜਣ ਆਪ ਤਾ ਨਾ ਮਿਲਿਆ, ਪਰ ਰੁੱਕਾ ਲਿਖਕੇ ਡਾਕ ਦੇ ਬਕਸੇ ਵਿਚ ਪਾ ਗਿਆ। ਇਹ ਸੰਦੇਸਾ ਵੇਲੇ ਸਿਰ ਨਾ ਪੁੱਜਣ ਕਰਕੇ ਆਪ ਸਮੇਂ ਸਿਰ ਸੰਤਾਂ ਪਾਸ ਪਹੁੰਚ ਨਾ ਸਕੇ। ਸੰਤਾਂ ਦਾ ਸਰੀਰ ਅੱਧੀ ਰਾਤ ਤੋਂ ਮਗਰੋਂ ਸ਼ਾਂਤ ਹੋ ਗਿਆ, ਪਰ ਸ਼ਾਂਤ ਹੋਣ ਤੋਂ ਪਹਿਲਾਂ ਆਪ ਸੰਦੇਸਾ ਘੱਲ ਗਏ ਤੇ ਸੰਦੇਸਾ ਦੇ ਕੇ ਨਿਰਵਾਸ਼ ਹੋ ਗਏ ਤੇ ਰਾਤ ਦੇ ਦੋ ਵਜੇ ਦੇ ਕਰੀਬ ੧੮ ਮੱਘਰ ਸੰ: ੧੯੬੪ ਬਿ: ਨੂੰ ਆਪ ਦੀ ਆਤਮਾ ਇਸ ਚੋਲੇ ਨੂੰ ਛੱਡ ਕੇ ਗੁਰਪੁਰੀ ਨੂੰ ਵਿਦਾ ਹੋ ਗਈ। ਆਪ ਦੀ ਇੱਛਾ ਸੀ ਕਿ ਬਾਬਾ ਬਕਾਲੇ ਵਿਚ ਮਾਤਾ ਗੰਗਾ ਜੀ ਦੇ ਗੁਰਦਵਾਰੇ ਦਾ ਰਾਹ ਨਹੀਂ, ਖੇਤਾਂ ਵਿਚੋਂ ਜਾਣਾ ਪੈਂਦਾ ਹੈ, ਖੇਤਾਂ ਵਾਲੇ ਦੁਖੀ ਹੁੰਦੇ ਹਨ, ਸੰਗਤਾਂ ਨੂੰ ਵੀ ਤਕਲੀਫ ਹੁੰਦੀ ਹੈ, ਉਹ ਜ਼ਮੀਨ ਖਰੀਦ ਕੇ ਰਸਤਾ ਬਣਵਾ ਦਿਤਾ ਜਾਏ। ਬਸ ਅੰਤਮ ਵਾਸ਼ਨਾਂ ਸੀ ਤਾਂ ਇਹ ਪਰਉਪਕਾਰ ਦੀ ਸੀ।

**੨੭. ਅੰਤਮ ਵਾਸ਼ਨਾਂ ਦੀ ਪੂਰਨਤਾ–**

ਸ੍ਰੀ ਮਾਨ ਸੰਤ ਜੀ ਇਹ ਅੰਤਮ ਵਾਸ਼ਨਾਂ ਜੋ ਅੰਤ ਸਮੇਂ ਦੱਸਕੇ

ਆਪ ਨਿਰਵਾਸ਼ ਹੋ ਗਏ ਸਨ, ਪੂਰੀ ਤਰ੍ਹਾਂ ਪੂਰਨ ਕੀਤੀ ਗਈ। ਜਿਨ੍ਹਾਂ ਦੇ ਸਿਰ ਸੰਤ ਜੀ ਆਪਣੀ ਅੰਤਮ ਪਰਉਪਕਾਰੀ ਕਰਨੀ ਦਾ ਜ਼ਿੰਮਾ ਦੇ ਗਏ ਸਨ, ਉਨ੍ਹਾਂ ਨੇ ਮਾਇਆ ਦਾ ਉਦਮ ਆਰੰਭ ਕੀਤਾ ਤੇ ਚੌਧਰੀ ਗੁਰਦਿੱਤ ਸਿੰਘ ਜੀ ਤੇ ਹੋਰ ਸੱਜਣਾਂ ਦੀ ਸਹਾਇਤਾ ਨਾਲ ਕਾਰਜ ਸਿਰੇ ਚੜ੍ਹ ਗਿਆ। ਮਾਇਆ ਇਕੱਤਰ ਹੋ ਗਈ, ਭੋਂ ਖਰੀਦੀ ਗਈ ਤੇ ਰਸਤਾ ਬਣ ਗਿਆ।

ਸੰਤ ਜੀ ਦਾ ਜੀਵਨ, ਸਿਮਰਨ ਤੇ ਉਪਕਾਰ ਦਾ ਜੀਵਨ ਸੀ, ਨਾਮ ਜਪਦੇ ਉਪਕਾਰ ਕਰਦੇ ਆਪ ਥੱਕਦੇ ਨਹੀਂ ਸਨ। ਆਯੂ ਵਿਚ ਬ੍ਰਿਧ ਸਨ, ਪਰ ਹਿੰਮਤ ਨੌਜਵਾਨਾਂ ਵਾਲੀ ਸੀ। ਆਲਸ ਤੇ ਸੁਸਤੀ ਉਨ੍ਹਾਂ ਦੇ ਨੇੜੇ ਕਦੇ ਨਹੀਂ ਸੀ ਢੁੱਕੀ। ਦਿਨ ਹੋਵੇ ਜਾਂ ਰਾਤ, ਸਿਆਲਾ ਹੋਵੇ ਜਾਂ ਹੁਨਾਲਾ, ਮੀਂਹ ਹੋਵੇ ਜਾਂ ਝੱਖੜ, ਮਨੁੱਖ, ਪਸ਼ੂ, ਪੰਖੀ ਜਿਸ ਨੂੰ ਕਸ਼ਟ ਵਿਚ ਵੇਖਦੇ ਯਥਾ ਯੋਗ ਸੇਵਾ ਤ ਸਹਾਇਤਾ ਕਰਦੇ ਰਹਿੰਦੇ ਸਨ। ਨਾਮ ਜਪਣ ਵਿਚ ਅਖੰਡ ਬ੍ਰਿਤੀ ਦਾ ਪ੍ਰਵਾਹ ਚਲਦਾ ਸੀ, ਗਿਆਨ ਦੀ ਅਵਸਥਾ ਪੂਰਨ ਸੀ,ਬੀਤਰਾਗ ਫਿਰ ਪਰਉਪਕਾਰੀ ਹੋਣਾ ਇਨ੍ਹਾਂ ਵਿਚ ਹੀ ਵੇਖਿਆ ਗਿਆ। ਗਿਆਨ ਤੇ ਨਾਮ ਨੂੰ ਜਿਸ ਖੂਬੀ ਨਾਲ ਇਨ੍ਹਾਂ ਜਰਿਆ ਬਹੁਤ ਘਟ ਵਜਕਤੀਆਂ ਵਿਚ ਵਖਿਆ ਗਿਆ ਹੈ। ਗ਼ਰੀਬੀ ਤੇ ਨਿੰਮ੍ਰਤਾ ਦੇ ਪੁੰਜ ਸਨ।

ਆਪ ਦਾ ਜੀਵਨ ਇਕ ਬੀਤਰਾਗ 'ਗੁਰਮੁਖ-ਜੀਵਨ' ਦਾ ਨਮੂਨਾ ਸੀ, ਆਪ ਦੇ ਚਲਾਣੇ ਦੀ ਖਬਰ ਸੁਣਕੇ ਬੇਅੰਤ ਸੰਗਤਾਂ ਇਕੱਠੀਆਂ ਹੋ ਗਈਆਂ, ਹਿੰਦੂ ਮੁਸਲਮਾਨ ਬੀ ਨਾਲ ਸਨ, ਹਰ ਜ਼ਬਾਨ ਵਿਚੋਂ ਆਪ ਦੀ ਮਹਿੰਮਾਂ ਹੋ ਰਹੀ ਸੀ। ਆਪ ਦੀ ਅਰਥੀ ਨਾਲ ਇੰਨੀ ਭੀੜ ਸੀ ਕਿ ਸ਼ਾਇਦ ਹੀ ਕਿਸੇ ਧਨੀ ਦੀ ਅਰਥੀ ਨਾਲ ਇਥੇ ਕਦੀ ਹੋਈ ਹੋਵੇ।

ਆਪ ਦੀ ਸਮਾਧ ਚਾਟੀਵਿੰਡ ਦਰਵਾਜ਼ਿਓਂ ਬਾਹਰ ਗਊਸ਼ਾਲਾ ਦੇ ਸਾਹਮਣੇ ਵਾਲੇ ਪਾਸੇ ਦੇ ਬਗੀਚੇ ਵਿਚ ਹੈ ਜੋ ਇਸ ਡੇਰੇ ਦੇ ਸੰਤਾਂ ਦੇ ਕਬਜ਼ੇ ਵਿਚ ਹੈ।

੨੯. ਸੰਤ ਸ਼ਾਮ ਸਿੰਘ ਜੀ ਦੀ ਗਵਾਹੀ–

ਫ਼ਾਰਸੀ ਦੀ ਅਖਾਵਤ ਹੈ ਕਿ 'ਵਲੀ ਰਾ ਵਲੀ ਮੇਂ ਸ਼ਨਾਸਦ' ਅਰਥਾਤ ਵਲੀ ਨੂੰ ਵਲੀ ਹੀ ਪਛਾਣਦਾ ਹੈ, ਇਹ ਗਲ ਸੋਲਾਂ ਆਨੇ ਠੀਕ ਹੈ। ਜਿਵੇਂ ਡਾਕਟਰੀ ਦੇ ਗੁਣਾਂ ਦਾ ਡਾਕਟਰ ਹੀ ਚੰਗਾ ਜਾਣੂ ਹੋ ਸਕਦਾ ਹੈ, ਕੁਮਿਹਾਰ ਨਹੀਂ ਹੋ ਸਕਦਾ। ਜਿਵੇਂ ਸ਼ਸਤਰ ਵਿਦਯਾ ਦੇ ਪੰਡਤ ਦੀ ਯੋਗਤਾ ਦਾ ਅਨੁਮਾਨ ਸ਼ਸਤਰ ਧਾਰੀ ਹੀ ਲਗਾ ਸਕਦਾ ਹੈ, ਲੂਣ ਤੇਲ ਵੇਚਣ ਵਾਲਾ ਬਣੀਆਂ ਨਹੀਂ। ਤਿਵੇਂ ਸੰਤ ਤੇ ਗੁਰਮੁਖਾਂ ਬਾਬਤ ਉਸੇ ਆਦਮੀ ਦੀ ਰਾਏ ਵਜ਼ਨਦਾਰ ਹੋ ਸਕਦੀ ਹੈ, ਜਿਸ ਨੇ ਆਤਮ ਵਿਦਯਾ ਪਾਈ ਹੋਵੇ, ਜਿਸ ਨੇ ਪਰਮਾਰਥ ਦੀ ਸਿੱਧੀ ਲਈ ਸਾਧਨ ਸਾਧੇ ਹੋਣ ਤੇ ਘਾਲਾਂ ਘਾਲੀਆਂ ਹੋਣ ਤੇ ਮੰਨੇ ਹੋਏ ਸੰਤ ਹੋਣ।

ਸੰਤ ਭਾਈ ਸਵਾਇਆ ਸਿੰਘ ਜੀ ਕਿਸ ਅਵਸਥਾ ਵਿਚ ਪੁੱਜੇ ਹੋਏ ਸਨ ਤੇ ਉਨ੍ਹਾਂ ਦਾ ਜੀਵਨ ਗੁਰਸਿੱਖੀ ਦੇ ਨੁਕਤੇ ਤੋਂ ਕਿੰਨਾ ਕਾਮਯਾਬ ਜੀਵਨ ਸੀ? ਜੇ ਇਸ ਗਲ ਦੀ ਟੋਹ ਲਾਉਣੀ ਹੋਵੇ ਤਦ ਕਿਸੇ ਨਾਮ ਅਭਯਾਸੀ, ਗੁਰਮੁਖ ਦੀ ਜ਼ੁਬਾਨੀ ਹੀ ਮਲੂਮ ਹੋ ਸਕਦਾ ਹੈ। ਸ੍ਰੀ ਅੰਮ੍ਰਿਤਸਰ ਵਿਚ ਸੰਤ ਭਾਈ ਸ਼ਾਮ ਸਿੰਘ ਜੀ ਇਕ ਬੜੇ ਹੀ ਉੱਚ ਜੀਵਨ ਵਾਲੇ ਮਹਾਂ ਪੁਰਖ ਹੋਏ ਹਨ। ਆਪ ਦੀ ਨਾਮ ਤੇ ਸੇਵਾ ਵਾਲੀ ਜ਼ਿੰਦਗੀ ਇਕ ਮੰਨੀ ਹੋਈ ਗਲ ਹੈ, ਆਪ ਨੇ ਸੰਤ ਭਾਈ ਸਵਾਇਆ ਸਿੰਘ ਜੀ ਬਾਬਤ ਲਿਖਿਆ ਹੈ ਕਿ :–

"ਸ੍ਰੀ ਭਾਈ ਸਵਾਇਆ ਸਿੰਘ ਜੀ ਸੰਤ ਲਵਨ ਕੀ ਪੂਤਰੀ ਵਤ ਗੁਰੂ ਰੂਪੀ ਨਦੀ ਮੇਂ ਜਾਤੇ ਹੀ ਓਹੀ ਰੂਪ ਹੁਏ। ਭਾਵ ਕਿਆ ਕਿ ਗੁਰੂ ਬਿਨਾਂ ਆਪਨਾ ਤਨ ਮਨ ਧਨ ਜੁਦਾ ਨਾ ਰਹਾ; ਜੋ ਇਹ ਮੇਰੀ ਚੀਜ਼ ਹੈ, ਇਸ ਕੋ ਮੈਂ ਵਰਤੋਂਗਾ, ਇਹ ਹੰਗਤਾ ਰੂਪੀ ਸਿਵੀ ਕੀੜਾ ਹੋਤਾ ਹੈ, ਸੋ ਤਿਨੋਂ ਕਾ ਪ੍ਰਿਥਮ ਹੀ ਨਸ਼ਟ ਹੋ ਗਿਆ ਸੀ ਨਿਰਹੰਗਤਾ ਰੂਪੀ ਬਜਰ ਲਗਣੇ ਸੇ। ਤਾਂ ਤੇ ਭਗਤੀ ਰੂਪੀ ਪਨੀਰੀ ਸ਼ੁਭ ਇੱਛਾ ਰੂਪ ਸੋਂ ਅਤਿਸੈ ਕਰ ਬ੍ਰਿਧਮਾਨ ਭਈ। ਜੈਸੇ ਬਟ ਕਾ ਬੀਜ ਸੂਖਮ ਤੇ ਅਸਥੂਲਤਾ ਕੋ ਪਾਵਤਾ ਹੈ ਜਬ, ਤਬ ਸਹੰਸਰ, ਲਾਖੋਂ ਜੀਵ ਤਿਸ ਕੇ ਆਸ਼੍ਰਿਤ ਹੋਕਰ

ਸੁਖ ਪਾਵਤੇ ਹੈਂ, ਤੈਸੇ ਹੀ ਆਂਬ ਕਾ ਬ੍ਰਿਛ ਸਮਝਣਾ, ਸੋ ਤਿਸਤੇ ਭੀ ਅਧਿਕ ਭਾਈ ਸਵਾਇਆ ਸਿੰਘ ਸਰਬ ਜੀਵੋਂ ਕੋ ਸੁਖ ਸਰੂਪ ਪੰਘੂੜੇ ਮੇਂ ਲਡਾਵਤੇ ਭਏ"।

"ਐਸਾ ਪੁਰਖ ਅਵਤਾਰੋਂ ਕੇ ਪਾਸ ਭੀ ਨਾ ਕੋਊ ਹੂਆ ਹੋਵੇਗਾ, ਜੈਸਾ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਕੇ ਦਰਬਾਰ ਆਗੇ ਪਰਿਪਾ (ਛਬੀਲ) ਕੇ ਲਾਵਣੇ ਵਾਲੇ ਭਾਈ ਸਵਾਇਆ ਸਿੰਘ ਜੀ ਭਏ ਹੈਂ। ਸੋ 'ਦਿਨ ਦਿਨ ਚੜਹਿ ਸਵਾਇਆ' ਭਾਵ ਗੁਰ ਭਗਤੀ ਤੇ ਪ੍ਰੇਮਾ ਭਗਤੀ ਤੇ ਸ੍ਰੀ ਵਾਹਿਗੁਰੂ ਨਾਮ ਸਿਮਰਨ ਜਿਨ ਮੇਂ ਅਤਿਸੈ ਕਰਕੇ ਬ੍ਰਿਧਤਾ ਕੋ ਪਾਵਤਾ ਭਇਆ, ਆਪਾ ਭਾਵ ਖੋਇ ਕਰਕੇ ਨਿਰਗੁਣ ਸਰੂਪ ਮੇਂ ਇਸਥਿਤ ਹੋਵਣਾ। ਜੈਸੇ ਮਹਾਂ ਵੈਰਾਗੀ ਵੀ ਐਸਾ ਨਹੀਂ ਹੋਵੈ ਨਿਰਲੱਖਤਾ ਵਾਲਾ। ਜੈਸੇ ਭਾਈ ਗੁਰਦਾਸ ਜੀ ਕਥਨ ਕਰੀ ਹੈ:-

'ਜਿਉਂ ਕਰਿ ਮੈਲੇ ਚੀਥੜੇ ਹੀਰਾ ਲਾਲ ਅਮੋਲ ਲਪੇਟਾ'

ਐਸੇ ਹੀ ਮੈਲੇ ਅੰਬਰੋਂ ਮੇਂ ਭਾਈ ਸਵਾਇਆ ਸਿੰਘ ਜੀ ਮਹਾਂ-ਰਤਨ ਰੂਪ ਨਿਵਾਸ ਕਰਤੇ ਭਏ। ਪ੍ਰੰਤੂ ਪਾਰਖੂ ਰੂਪ ਦਿਬਦ੍ਰਿਸ਼ਟੀ ਵਾਲੇ ਤਹਾਂ ਹੀ ਲਖ ਲੇਤੇ ਭਏ।"

ਸ੍ਰੀ ਮਾਨ ਸੰਤ ਸਵਾਇਆ ਸਿੰਘ ਜੀ ਬਾਬਤ ਸ੍ਰੀ ਮਾਨ ਸੰਤ ਭਾਈ ਸ਼ਾਮ ਸਿੰਘ ਜੀ ਦੀ ਇਹ ਗਵਾਹੀ ਦੱਸਦੀ ਹੈ ਕਿ ਸੰਤ ਭਾਈ ਸਵਾਇਆ ਸਿੰਘ ਜੀ ਇਕ ਬੀਤਰਾਗ ਗੁਰਮੁਖ ਮਹਾਂ ਪੁਰਖ ਸੇ, ਜਿਨ੍ਹਾਂ ਨੇ ਆਪਣੀ ਆਯੂ 'ਬ੍ਰਹਮ ਗਿਆਨੀ ਪਰਉਪਕਾਰ ਉਮਾਹਾ' ਦੇ ਮਹਾਂ ਵਾਕ ਤੇ ਵਰਤੋਂ ਕਰਕੇ ਸਿਮਰਨ ਤੇ ਉਪਕਾਰ ਵਿਚ ਬਿਤਾਈ। ਆਪ ਕਰਮ ਵੀਰ, ਤੇ ਧਰਮਵੀਰ ਤੇ ਨਾਮ ਰਸਿਕ ਹੋਣ ਦਾ ਮਾਣ ਪ੍ਰਾਪਤ ਕਰ ਗਏ। ਇਸੀ ਤਰ੍ਹਾਂ ਸੰਤ ਲਖਬੀਰ ਸਿੰਘ ਜੀ ਦੀ ਬੀ ਆਪ ਦੀ ਨਾਮ ਆਰੂੜਤਾ ਬਾਬਤ ਬੜੀ ਉੱਚੀ ਰਾਇ ਸੀ।

* *
*

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

# ਸੰਤ ਗਾਥਾ

❁❁❁

## ਖੁ. ਸ੍ਰੀ ਛਾਲੋਨੇ ਵਾਲੇ ਬਾਬਾ ਜੀ

ਦੇ

## ਜੀਵਨ ਸਮਾਚਾਰ

---

੧. ਹਸਬ ਨਸਬ–

ਸਿਖ ਸੰਤ, ਗੁਰਮੁਖ ਤੇ ਹਰੀ ਜਨ ਆਪਣੀਆਂ ਘਾਲਾਂ ਤੇ ਮੁਕੰਮਲ ਹੋਕੇ ਮਿਹਰਾਂ ਨਾਲ ਜਗਤ ਨੂੰ ਤਾਰਦੇ ਰਹੇ ਹਨ, ਪਰ ਸ਼ੋਕ ਕਿ ਉਨ੍ਹਾਂ ਦੇ ਸਮਾਚਾਰ ਪੰਥ ਦੀਆਂ ਨਜ਼ਰਾਂ ਅੱਗੇ ਨਹੀਂ ਆਉਂਦੇ ਰਹੇ, ਇਸ ਕਰਕੇ ਪੰਥ ਦੀ ਆਮ ਹਾਲਤ ਗਿਰਾਉ ਵਲ ਚਲੀ ਜਾ ਰਹੀ ਹੈ। ਬਿਦੇਸ਼ਾਂ ਵਿਚ ਬੀ ਸਿਖਾਂ ਗੁਰਮੁਖਾਂ ਦੇ ਕਾਰਨਾਮੇ ਕਮਾਲ ਦੇ ਹੁੰਦੇ ਹਨ। ਇਨ੍ਹਾਂ ਵਿਚ ਨਾਲ ਹੀ ਇਹ ਕਮਾਲ ਰਿਹਾ ਹੈ ਕਿ ਇਨ੍ਹਾਂ ਨੇ ਆਪਣੇ ਆਪ ਨੂੰ ਦਸਾਂ ਸਤਿਗੁਰਾਂ ਦੀ ਬਰਾਬਰੀ ਤੇ ਲਿਆਉਣ ਦੀ ਕਦੇ ਬੇਅਦਬੀ ਨਹੀਂ ਕੀਤੀ।

ਹੁਣ ਅਸੀਂ ਇਕ ਐਸੇ 'ਮਹਾਂ-ਪੁਰਖ' ਦਾ ਹਾਲ ਸ਼ੁਰੂ ਕਰਦੇ ਹਾਂ ਕਿ ਜਿਨ੍ਹਾਂ ਦੇ ਜੀਉਂਦੇ ਜੀ ਪੰਜਾਬ ਵਿਚ ਸੋ ਨਹੀਂ ਖਿੱਲਰੀ। ਆਪ ਦੇ ਕੌਤਕ ਗੁਵਾਲੀਅਰ ਤੇ ਇਟਾਵਾ ਆਦਿਕ ਜ਼ਿਲੇ ਦੇ ਇਲਾਕਿਆਂ ਤੇ

ਬਨਾਂ, ਗਿਰਾਵਾਂ, ਸ਼ਹਿਰਾਂ ਤੇ ਰਾਜ ਘਰਾਂ ਵਿਚ ਵਰਤਦੇ ਰਹੇ । ਆਪ ਦੇ ਨਾਮ ਦਾ ਕੋਈ ਪਤਾ ਨਹੀਂ, ਸਾਰੇ ਜੀਵਨ ਵਿਚ ਆਪ ਨੇ ਕਦੇ ਕਿਸੇ ਨੂੰ ਆਪਣਾ ਨਾਮ, ਪਤਾ, ਹਸਬ, ਨਸਬ ਕੁਛ ਨਹੀਂ ਦੱਸਿਆ । ਗੁਵਾਲੀਅਰ ਤੋਂ ਅਠਤਾਲੀ ਕੁ ਮੀਲ ਤੇ ਇਕ ਪ੍ਰਸਿਧ ਗਿਰਾਂ ਹੈ 'ਭਿੰਡ' ਨਾਂ ਦਾ, ਉਸ ਦੇ ਨੇੜੇ ਇਕ ਪਿੰਡ ਹੈ ਛਾਲੋਨਾ । ਇਸੇ ਪਿੰਡ ਬਹੁਤੀ ਵੇਰ ਪ੍ਰਗਟ ਹੋਣ ਕਰਕੇ ਅਕਸਰ ਥਾਂਈਂ ਆਪ ਦਾ ਨਾਮ ਪੈ ਗਿਆ "ਛਾਲੋਨੇ ਵਾਲੇ ਬਾਬਾ ਜੀ", ਪਰ ਕਈ ਥਾਂ ਆਪ ਨੂੰ "ਗੱਛੀ ਵਾਲੀ ਸਰਕਾਰ" ਤੇ ਕਿਤੇ "ਨੰਗੇ ਮਹਾਰਾਜ" ਆਦਿ ਨਾਵਾਂ ਨਾਲ ਬੀ ਯਾਦ ਕੀਤਾ ਜਾਂਦਾ ਹੈ । ਪਰ ਅਸੀਂ ਆਪ ਨੂੰ 'ਛਾਲੋਨੇ ਵਾਲੇ ਬਾਬਾ ਜੀ' ਕਹਿਕੇ ਆਪ ਦੇ ਹਾਲਾਤ ਲਿਖਾਂਗੇ ।

ਆਪ ਗੁਰੂ ਘਰ ਦੇ ਸਿੰਘ, ਕੇਸਾਧਾਰੀ ਗੁਰਮੁਖ ਸੇ । ਆਪ ਦਾ ਜਨਮ ਪੰਜਾਬ ਦੇ ਕਿਸੇ ਰਾਜ ਘਰਾਣੇ ਦਾ ਸੀ । ਕਿਉਂਕਿ ਆਪ ਦੇ ਮੂੰਹੋਂ ਕਦੇ ਬਚਿਆਂ ਵਿਚ ਪਰਚੇ ਹੋਇਆਂ ਇੰਨੇ ਲਫਜ਼ ਨਿਕਲੇ ਸਨ ਕਿ ਸਾਡੇ ਘਰ ਸੋਨੇ ਚਾਂਦੀ ਦੀਆਂ ਲਕੜੀਆਂ ਹੁੰਦੀਆਂ ਸਨ ।

### ੨੩ ਸਾਨੂੰ ਹਾਲਾਤ ਕੀਕੂੰ ਮਿਲੇ–

ਸੰਨ ੧੯੨੭ ਦੇ ਲਗ ਪਗ ਅੰਦਾਵੇ ਦੇ ਰਈਸ ਚੋਬੇ ਬਿਨਾਯਕ ਰਾਉ ਆਪਣੇ ਪਰਿਵਾਰ ਸਮੇਤ, ਜਿਸ ਵਿਚ ੨੨ ਦੇ ਕਰੀਬ ਸੱਜਣ ਸਨ, ਸ੍ਰੀ ਅੰਮ੍ਰਿਤਸਰ ਜੀ ਆਏ ਸਨ । ਆਪ ਇਕ ਉਚੇ ਦਰਜੇ ਦੇ ਰਈਸ ਤੇ ਤੁਅੱਲਕਦਾਰ ਸਨ । ਜਦੋਂ ਸਾਨੂੰ ਮਿਲੇ ਤਾਂ ਆਪ ਦੀ ਗੁਫਤਗੂ ਤੇ ਅੰਦਾਜ਼ ਵਿਚ ਗੁਰੂ ਬਾਣੀ ਨਾਲ ਅਤੀ ਪ੍ਰੇਮ ਪ੍ਰਗਟ ਹੁੰਦਾ ਸੀ । ਛਾਲੋਨੇ ਵਾਲੇ ਬਾਬਾ ਜੀ ਨੇ ਆਪ ਨੂੰ ਗੁਰਸਿਖੀ ਵਿਚ ਲਾਇਆ ਤੇ ਗੁਰਬਾਣੀ ਵਿਚ ਜੋੜਿਆ ਸੀ । ਆਪ ਦਾ ਪਰਿਵਾਰ ਸ੍ਰੀ ਦਰਬਾਰ ਸਾਹਿਬ ਜੀ ਦੀ ਪ੍ਰਕਰਮਾਂ ਵਿਚ ਸਾਰੀ ਸਾਰੀ ਰਾਤ ਕੀਰਤਨ ਵਿਚ ਗੁਜ਼ਾਰ ਦੇਂਦਾ ਸੀ, ਜਿਸ ਤੋਂ ਪ੍ਰੇਮਾਭਗਤੀ ਦਾ ਪ੍ਰਵਾਹ ਟੁਰ ਪੈਂਦਾ ਸੀ । ਆਪ ਨੇ ਆਪਣੀ ਗੁਫਤਗੂ ਵਿਚ ਡਾਢੇ ਜੋਸ਼ ਵਿਚ ਆਖਿਆ–

"ਹਮ ਲੋਗ ਅਵਤਾਰੋਂ ਕੋ ਮਾਨਨੇ ਵਾਲੇ ਹੈਂ, ਪਰ ਦੇਖੋ ਰਾਮ ਜੀ ਆਏ, ਕ੍ਰਿਸ਼ਨ ਜੀ ਆਏ, ਹਾਂ ! ਆਏ ਔਰ ਚਲੇ ਗਏ। ਇਧਰ ਦੇਖੋ ਕਲਜੁਗ ਮੇਂ ਆਪ ਆਏ, ਰਾਮਦਾਸ ਕਾ ਨਾਮ ਅਪਨੇ ਪਰ ਲੀਆ, ਆਏ ਮਗਰ ਗਏ ਹੀ ਨਹੀਂ, ਹਮਾਰੇ ਪਾਸ ਹੀ ਰਹਿ ਗਏ। ਕੀਰਤਨ ਕਾ ਰੂਪ ਧਾਰਨ ਕੀਆ, ਅਖੰਡ ਕੀਰਤਨ ਕਾ ਰੂਪ ਲੇਕਰ ਅੰਮ੍ਰਿਤ ਸਰੋਵਰ ਰਚ ਕਰ ਹਰੀ-ਮੰਦਰ ਮੇਂ ਬਿਰਾਜ ਗਏ। ਯਿਹ ਆਨਾ ਹੈ ਕਿ ਸਦਾ ਹਮਾਰੇ ਪਾਸ ਹੀ ਰਹਿ ਗਏ। ਕੀਰਤਨ ਰੂਪ ਹੋ ਕਰ ਹਮ ਕੋ ਬੀ ਦਰਸ਼ਨ ਦੀਆ, ਯਿਹ ਗੁਰੂ ਅਵਤਾਰ ਹੋ ਕਰ ਆਨਾ ਸਫਲ ਆਨਾ ਹੈ।"

ਫਿਰ ਕਹਿਣ ਲਗੇ:-

"ਹਮ ਕੋ ਹਿੰਦੁਸਤਾਨ ਮੇਂ ਕਿਆ ਪਤਾ ਹੈ ਕਿ ਰਾਗ ਕਿਆ ਸ਼ੈ ਹੈ, ਹਮ ਤੋ ਰੰਡੀ ਕੇ ਗਾਨੇ ਕੋ ਰਾਗ ਸਮਝਤੇ ਥੇ, ਇਧਰ ਪੰਜਾਬ ਮੇਂ ਗੁਰੂ ਨਾਨਕ ਦੇਵ ਨੇ ਕੈਸਾ ਕਮਾਲ ਕਰ ਰਖਾ ਹੈ ਕਿ ਰਾਗ ਮੇਂ ਹਮਦੇ ਇਲਾਹੀ ਦਾਖ਼ਲ ਕਰ ਦੀ ਹੈ। ਇਧਰ ਰਾਗ ਨੇ ਮਨਕੋ ਮੋਮ ਕੀਆ,ਉਧਰ ਹਮਦੇ ਇਲਾਹੀ ਨੇ ਪਿਘਲੇ ਦਿਲ ਮੇਂ ਅਪਨਾ ਨਕਸ਼ ਜਮਾ ਲੀਆ। ਕੈਸਾ ਕਮਾਲ ਹੈ ? ਪਰ ਹਮ ਕਿਆ ਜਾਨਤੇ ਥੇ ! ਯਿਹ ਹਮਾਰੇ ਬਾਬਾ (ਛਾਲੋਨੇ ਵਾਲੇ) ਜੀ ਨੇ ਹਮ ਕੋ ਯਿਹ ਆਂਖੇਂ ਇਨਾਯਤ ਕੀਂ ਤੋ ਹਮ ਨੇ ਗੁਰੂ ਨਾਨਕ ਦੇਵ ਜੀ ਕੇ ਰਾਗ ਇਲਾਹੀ ਕਾ ਦਰਸ਼ਨ ਕੀਆ ਔਰ ਕੀਰਤਨ ਕੇ ਰੂਪ ਮੇਂ ਹਮ ਨੇ ਦਸ ਪਾਤਸ਼ਾਹੀਓਂ ਸੇ ਭੇਂਟ ਪਾਈ।"

ਚੋਬੇ ਬਿਨਾਯਕ ਰਾਉ ਜੀ ਉਨ੍ਹਾਂ ਸੰਤਾਂ ਬਾਬਤ ਆਪਣੇ ਜ਼ਾਤੀ ਤਜਰਬੇ ਦੱਸਦੇ ਸਨ। ਕੁਛ ਗਲ ਬਾਤ ਬਾਬਾ ਜੀ ਦੀ ਅਸਾਂ ਪ੍ਰੋਫੈਸਰ ਪੂਰਨ ਸਿੰਘ ਜੀ ਤੋਂ, ਜੋ ਗੁਵਾਲਿਯਰ ਰਹਿ ਆਏ ਸਨ, ਸੁਣੀ ਤੇ ਕੁਛ ਹਾਲਾਤ ਆਪ ਪਤਾ ਕੀਤੇ ਹਨ। ਚੋਬੇ ਜੀ ਨੇ ਸਾਨੂੰ ਆਪਣੀ ਲਿਖੀ

'ਜਲਵਾ ਮੁਰਸ਼ਦ' 'ਪੁਸਤਕ ਵੀ ਘੱਲੀ ਸੀ। ਇਉਂ ਜੋ ਹਾਲਾਤ ਅਸੀਂ ਜਮਾ ਕਰ ਸਕੇ ਹਾਂ, ਇਥੇ ਦੇਂਦੇ ਹਾਂ।

### ੩. ਪਹਿਲੇ ਹਾਲਾਤ–

ਛਾਲੇਨੇ ਵਾਲੇ ਬਾਬਾ ਜੀ ਦਾ ਜਨਮ ਕਿਸ ਸੰਮਤ ਵਿਚ ਹੋਇਆ? ਕਿਸ ਨਗਰ, ਗਿਰਾਂ, ਘਰਾਣੇ ਵਿਚ ਹੋਇਆ ? ਨਾਮ ਕੀਹ ਸੀ ? ਕੁਛ ਪਤਾ ਨਹੀਂ ਤੇ ਉਨ੍ਹਾਂ ਨੇ ਕਦੇ ਕਿਸੇ ਨੂੰ ਨਹੀਂ ਦੱਸਿਆ। ਪਹਿਲੀ ਉਮਰ ਕਿੱਥੇ ਤੇ ਕਿਵੇਂ ਬੀਤੀ ? ਬੰਦਗੀ ਕਿੱਥੇ ਕੀਤੀ ? ਇਨ੍ਹਾਂ ਗੱਲਾਂ ਦਾ ਭੀ ਥਹੁ ਨਹੀਂ। ਜਦੋਂ ਆਪ ਕਿਸੇ ਇਨਸਾਨ ਨੂੰ ਮਿਲੇ ਤਾਂ ਇਹ ਖਯਾਲ ਪਸਰਿਆ ਕਿ ਭਿੰਡ ਦੇ ਦੂਰ ਨੇੜੇ ਥਨਾਂ ਵਿਚ ਰਹਿੰਦੇ ਹਨ ਤੇ ਪ੍ਰੇਮੀਆਂ ਨਾਲ ਕਦੇ ਕਿਸੇ ਨੂੰ ਮਿਲ ਜਾਂਦੇ ਹਨ। ਚੋਬੇ ਬਿਨਾਯਕ ਰਾਉ ਜੀ ਦੱਸਦੇ ਸਨ ਕਿ ਲੋਕ ਉਨ੍ਹਾਂ ਨੂੰ ਵੱਡੀ ਉਮਰਾ ਵਾਲਾ ਪੁਰਾਤਨ ਪ੍ਰੇਮੀ ਸਮਝਦੇ ਸਨ। ੧੯੨੨ ਬਿਕ੍ਰਮੀ ਤੋਂ ਪਹਿਲੇ ਦਾ ਪਤਾ ਉਨ੍ਹਾਂ ਦਾ ਬਹੁਤ ਹੀ ਘੱਟ ਮਿਲਦਾ ਹੈ। ੧੯੨੨ ਤੋਂ ਬਾਦ ਛੇ ਸਾਲ ਤਕ ਭਿੰਡ, ਤੋਰ ਘਾਰ, ਗੁਵਾਲਿਯਰ ਦੇ ਪਹਾੜਾਂ ਭੇ ਨਦੀ ਚੰਬਲ ਦੇ ਕਿਨਾਰਿਆਂ ਤੇ ਡਰਾਉਣੇ ਜੰਗਲਾਂ ਵਿਚ ਟਿਕਣ ਦਾ ਪਤਾ ਚਲਦਾ ਹੈ। ਚੰਬਲ ਤੋਂ ਪਾਰ ਆਗਰੇ ਦੇ ਜ਼ਿਲੇ ਵਿਚ ਫ਼ਤਹਬਾਦ, ਜਸਾਰ, ਕਚੂਰਹ, ਨੌਗਾਉਂ ਤੇ ਭਾਟਰਵਰ ਦੇ ਜੰਗਲਾਂ ਤੇ ਮੈਦਾਨਾਂ ਵਿਚ ਆਪ ਟਿਕਦੇ ਰਹੇ ਹਨ। ਇਧਰ ਅਕਸਰ ਲੋਕਾਂ ਨੂੰ ਮਿਲੇ ਤੇ ਫੈਜ਼ ਪਹੁੰਚਾਇਆ। ਅਜ ਤਕ ਲੋਕੀਂ, ਜਿਨ੍ਹਾਂ ਨੂੰ ਆਪ ਜੀ ਤੋਂ ਸੁਖ ਮਿਲੇ ਲੱਝਦੇ ਹਨ, ਓਹ ਲੋਕ ਦੱਸਦੇ ਹਨ ਕਿ ਸੰਤਾਂ ਦਾ ਮਿਲਣਾ ਬਿਜਲੀ ਦੇ ਲਿਸ਼ਕਾਰ ਵਾਂਗੂੰ ਹੁੰਦਾ ਸੀ। ਅਚਾਨਕ ਕਿਸੇ ਦੁਖੀਏ ਨੂੰ ਮਿਲੇ, ਦੁਖ ਦੂਰ ਕੀਤਾ ਅਰ ਕਿਸੇ ਪ੍ਰੇਮੀ ਨੂੰ ਉਸ ਦੇ ਸਿੱਕਾਂ ਤੇ ਅਰਦਾਸੇ ਕਰਦਿਆਂ ਆ ਮਿਲੇ ਪਰ ਜਿਵੇਂ ਅਚਾਨਕ ਆ ਮਿਲੇ ਤਿਵੇਂ ਅਚਾਨਕ ਹੀ ਜੰਗਲਾਂ ਵਿਚ ਗੁੰਮ ਹੋ ਗਏ। ਦੁਖੀਆਂ ਦੇ ਦੁਖਾਂ ਪਰ ਪਸੀਜਦੇ ਤੇ ਸਹਾਇਤਾ ਕਰਕੇ ਫੇਰ ਗੁੰਮ ਹੋ ਜਾਂਦੇ ਸੇ। ਇਹ ਬੀ ਪਤਾ ਚਲਦਾ ਹੈ ਕਿ ਆਪ ਨੇ ਬੜੇ ਕਠਨ ਤਪ ਤੇ

ਜੋਗ ਸਾਧਨਾਂ ਕੀਤੀਆਂ ਸਨ। ਮਤ ਆਪ ਦਾ ਗੁਰੂ ਘਰ ਦਾ, ਵਾਹਿਗੁਰੂ ਜੀ ਨਾਲ ਭਗਤੀ ਭਾਵ ਦਾ ਸੀ, ਪਰੰਤੂ ਜੋਗ ਦੇ ਅਮਲ ਸਾਰੇ ਕੀਤੇ ਹੋਏ ਸਨ ਤੇ ਵਿਭੂਤੀਆਂ ਤੇ ਹੁਕਮ ਹਾਸਲ ਪ੍ਰਾਪਤ ਸੀ; ਫਿਰ ਬੀਤਰਾਗ ਸੇ। ਸਰੀਰ ਕਮਾਇਆ ਹੋਇਆ ਸੀ, ਭੁੱਖ ਤ੍ਰੇਹ, ਉਸ਼ਨ ਸੀਤ ਤੇ ਬਿਜੈ ਪ੍ਰਾਪਤ ਸੀ। ਬਿਨਾਯਕ ਰਾਉ ਜੀ ਉਨ੍ਹਾਂ ਦੇ ਪੁਰਾਣੇ ਪੁਰਾਣੇ ਪ੍ਰੇਮੀਆਂ ਨੂੰ ਢੂੰਡ ਢੂੰਡ ਕੇ ਮਿਲੇ; ਸਭ ਤੋਂ ਇਹ ਪਤਾ ਲਗਦਾ ਸੀ ਕਿ ਗਰਮੀ, ਸਰਦੀ ਤੇ ਬਰਸਾਤ ਵਿਚ ਕਦੇ ਕਿਸੇ ਓਟ ਜਾਂ ਛਾਵੇਂ ਨਹੀਂ ਬੈਠਦੇ ਸਨ। ਆਪ ਪਹਿਲੇ ਸਮਿਆਂ ਵਿਚ ਵਿਚਰਦੇ ਬੀ ਨਗਨ ਸਨ, ਲਗ ਪਗ ੧੯੪੭-੪੮ ਸੰਮਤ ਦੇ ਰਾਜਾ ਸਾਹਿਬ ਭਦਾਵਰ ਨੇ ਕਪੜੇ ਪਹਿਨਣ ਲਈ ਬਿਨੈ ਕੀਤੀ ਤਾਂ ਆਪ ਨੇ ਸ੍ਵੀਕਾਰ ਕਰ ਲਈ ਤੇ ਤਦੋਂ ਤੋਂ ਹੀ ਆਪ ਨੇ ਦਿਨ ਨੂੰ ਕਿਸੇ ਵੇਲੇ ਦਰਖਤ ਦੀਂ ਛਾਵੇਂ ਬੈਠਣਾ ਬੀ ਮੰਨ ਲਿਆ। ਮਰਿਯਾਦਾ ਪੁਰਸ਼ੋਤਮਤਾ ਫਿਰ ਐਸੀ ਕਿ ਕਪੜੇ ਪਹਿਨਣ ਦੇ ਬਾਦ ਰਾਜੇ ਦੀਆਂ ਰਾਣੀਆਂ ਨੂੰ ਦਰਸ਼ਨ ਕਰਨ ਦੀ ਆਗਜਾ ਦਿਤੀ, ਇਸ ਤੋਂ ਪਹਿਲੇ ਨਹੀਂ ਸੀ ਆਗਜਾ ਦੇਂਦੇ। ੧੯੫੮ ਸੰਮਤ ਵਿਚ ਆਪ ਅੰਦਾਵੇ ਦੇ ਬਿਨਾਯਕ ਰਾਓ ਜੀ ਨੂੰ ਮਿਲੇ। ਆਪ ਦੇ ਹਾਲਾਤ ਬੀ ਹਸਬ ਦਸਤੂਰ ਸਾਡੇ ਮੁਲਕ ਦੇ ਕਰਾਮਾਤਾਂ ਵਾਲੇ ਤਾਂ ਬਹੁਤ ਮਿਲਦੇ ਹਨ, ਪਰ ਉਪਦੇਸ਼ ਦੀ ਕਿਸਮ ਦੇ ਘੱਟ ਲੋਕਾਂ ਨੂੰ ਯਾਦ ਹਨ। ਆਪ ਸਿੰਘ ਸਨ, ਗੁਰੂ ਘਰ ਦੇ ਮਾਰਗ ਦ ਪੱਕੇ ਅਨੁਯਾਈ ਸਨ, ਗੁਰਬਾਣੀ ਦੇ ਪ੍ਰੇਮੀ ਸਨ ਤੇ ਸੁਖਮਨੀ ਸਾਹਿਬ ਤਾਂ ਮਾਨੋ ਜੀਵਨ ਆਧਾਰ ਸੀ। ਵਿਸ਼ਵਾਸ ਨਾਮ ਤੇ ਭਗਤੀ ਤੇ ਸੀ, ਪਰ ਕਾਮਲ ਜੋਗੀ ਸਨ, ਹਠ ਦੇ ਆਮਲ ਸਨ ਤੇ ਸਿੱਧੀਆਂ ਪ੍ਰਾਪਤ ਸਨ। ਰਾਜ ਜੋਗ ਵਿਚ ਪੂਰੀ ਪਹੁੰਚ ਸੀ। ਐਸੇ ਪੁਰਖ ਦੇ ਖਯਾਲ ਜੇ ਸਾਨੂੰ ਜੋਗ ਤੇ ਭਗਤੀ ਪਰਥਾਇ ਮਿਲਣ ਤਾਂ ਨਿਹਾਯਤ ਕੀਮਤੀ ਹੋਣ, ਕਿਉਂਕਿ ਤਜਰਬੇ ਕੀਤੀ ਬਾਤ ਸਭ ਤੋਂ ਸ੍ਰੇਸ਼ਟ ਹੋਇਆ ਕਰਦੀ ਹੈ। ਸ਼ੁਕਰ ਦੀ ਗੱਲ ਹੈ ਕਿ ਆਪ ਦਾ ਇਨ੍ਹਾਂ ਦੋਹਾਂ ਬਾਬਤ ਨਿਜ ਤਜਰੱਬਾ ਤੇ ਉਸ ਪਰ ਬਣੀ ਸੰਖੇਪ ਰਾਇ ਸਾਡੇ ਤਕ ਅੱਪੜੀ ਹੈ।

### ੪. ਯੋਗ ਸੰਬੰਧੀ ਖਯਾਲਾਤ-

ਆਪ ਉਤੇ ਕਈ ਵੇਰ ਯੋਗ ਸੰਬੰਧੀ ਪ੍ਰਸ਼ਨ ਹੋਏ ਤਾਂ ਆਪ ਨੇ ਪ੍ਰਣਾਂਯਾਮ, ਨੇਤੀ, ਧੋਤੀ, ਨਿਉਲੀ ਕਰਮ ਆਦਿ ਦੇ ਅਸਰ ਤੇ ਫਾਇਦੇ ਦੱਸਣੇ ਤੇ ਸੁਾਸਾਂ ਦੇ ਰੋਕਣ ਤੇ ਨਾੜੀਆਂ ਪਰ ਅਸਰ ਤੇ ਅੰਦਰਲੀਆਂ ਨਾੜੀਆਂ ਦੇ ਵੇਰਵੇ ਦੱਸਣੇ। ਪਰ ਜਦ ਪੁਛਿਆ ਗਿਆ ਕਿ ਜੋ ਹਠ ਯੋਗ ਨਾ ਕਰ ਸਕੇ ਕੀਹ ਉਹ ਪਰਮਾਤਮਾ ਨੂੰ ਨਾ ਪਾਏਗਾ ? ਤਾਂ ਆਪ ਨੇ ਸਾਫ ਲਫ਼ਜ਼ਾਂ ਵਿਚ ਕਿਹਾ ਕਿ ਇਸ ਵਿਚ ਕੋਈ ਸੰਸਾ ਨਹੀਂ ਕਿ ਜੋਗ (ਭਾਵ ਨਿਰਾ ਹਠ ਯੋਗ) ਪਰਮੇਸ਼ਰ ਨੂੰ ਨਹੀਂ ਮਿਲਾ ਸਕਦਾ। ਜੋਗ ਦੇ ਸਾਧਨ ਤਾਂ ਕਾਯਾਂ ਸਾਧਦੇ ਹਨ ਤੇ ਇਸ ਦੇ ਅਮਲਾਂ ਨਾਲ ਸਰੀਰ ਦੀ ਤੰਦਰੁਸਤੀ ਪ੍ਰਾਪਤ ਹੁੰਦੀ ਹੈ। ਇਸ ਨਾਲ ਬੀਮਾਰੀਆਂ ਦੀ ਰੋਕ ਹੋ ਸਕਦੀ ਹੈ, ਜੀਉਂਦਿਆਂ ਜੀ ਸਰੀਰ ਦੀ ਤਕੜਾਈ ਬਣੀ ਰਹਿੰਦੀ ਹੈ। ਫਿਰ ਆਖਣ ਲਗੇ ਕਿ ਪਰਮੇਸ਼ੁਰ ਦਾ ਮਿਲਨਾ ਉਸ ਦੇ ਹੁਕਮ ਨਾਲ ਹੁੰਦਾ ਹੈ। ਉਸ ਦੇ ਹੁਕਮ ਦੀ ਪ੍ਰਾਪਤੀ ਉਸ ਪਰ ਭਰੋਸਾ ਕਰਨ ਤੋਂ ਹੁੰਦੀ ਹੈ। ਭਰੋਸੇ ਦੀ ਦ੍ਰਿੜਤਾ ਵਾਸਤੇ ਪਰਮੇਸ਼ਰ ਅੱਗੇ ਅਰਦਾਸ ਤੇ ਬੇਨਤੀ ਕਰਨੀ ਚਾਹੀਦੀ ਹੈ। ਭਗਤੀ ਤੇ ਭਰੋਸਾ ਇਕੋ ਗੱਲ ਹੈ। ਫਿਰ ਕਹਿਣ ਲੱਗੇ: ਪਰਮੇਸ਼ੂਰ ਦੀ ਮਹਿਮਾਂ ਦੇ ਭਜਨ ਜੋ ਆਮ ਲੋਕ ਬਨਾਉਂਦੇ ਹਨ ਉਹ ਫੋਕੀ ਬੰਦੂਕ ਦੇ ਚੱਲਣ ਵਾਂਙ ਹਨ, ਜਿਸ ਦੀ ਧੁਨੀ ਤਾਂ ਉਠਦੀ ਹੈ, ਪਰ ਗੋਲੀ ਕਿਸੇ ਨੂੰ ਨਹੀਂ ਵੱਜਦੀ। ਪਰ ਪਰਮੇਸ਼ੂਰ ਦੇ ਜੁੜੇ ਮਹਾਂ ਪੁਰਖਾਂ ਦੇ ਰਚੇ ਭਜਨ ਗੋਲੀ ਵਾਂਙ ਕਾਰੀ ਅਸਰ ਕਰਦੇ ਹਨ। ਉਸ ਵੇਲੇ ਇਹ ਭੀ ਫੁਰਮਾਇਆ ਕਿ ਭਗਤੀ, ਸੱਚੀ ਭਗਤੀ ਕਬੂਲ ਹੁੰਦੀ ਹੈ। ਗ਼ਰਜ਼ ਵਾਸਤੇ ਕੀਤੀ ਗ਼ਰਜ਼ ਪੁਗਾਉਂਦੀ ਹੈ, ਪ੍ਰੇਮ ਵਾਸਤੇ ਕੀਤੀ ਪਰਮੇਸ਼ੂਰ ਮਿਲਾਉਂਦੀ ਹੈ। ਫਿਰ ਫੁਰਮਾਇਆ ਦਿਲ ਵਿਚ ਵਾਹਿਗੁਰੂ ਗਯਾਨ ਦਾ ਚਾਨਣਾ ਆਕੇ ਹਨੇਰਾ ਨਹੀਂ ਪੈਂਦਾ ਫਿਰ ਇਹ ਤੁਕ ਪੜ੍ਹੀ :-

'ਤੇਰੀ ਸੇਵਾ ਤੁਝ ਤੇ ਹੋਵੈ ਅਉਰੁ ਨ ਦੂਜਾ ਕਰਤਾ'

ਫਿਰ ਆਪ ਨੇ ਕਿਹਾ, ਦੇਖੋ ਲਿਖਿਆ ਹੈ :-

ਹਰਿ ਆਪੇ ਠਾਕੁਰੁ ਹਰਿ ਆਪੇ ਸੇਵਕੁ ਜੀ ਕਿਆ ਨਾਨਕ
ਜੰਤ ਵਿਚਾਰਾ ॥ ੧ ॥ ਤੂ ਘਟ ਘਟ ਅੰਤਰਿ ਸਰਬ ਨਿਰੰਤਰਿ
ਜੀ ਹਰਿ ਏਕੋ ਪੁਰਖੁ ਸਮਾਣਾ ॥

ਆਪ ਦੇ ਇਸ ਸਾਰੇ ਕਥਨ ਤੋਂ ਸਪਸ਼ਟ ਹੈ ਕਿ ਬਾਵਜੂਦ ਜੋਗ ਅਭ੍ਯਾਸ ਕਰਨ ਦੇ ਆਪ ਨੇ ਮੁਕਤੀ ਦਾ ਰਸਤਾ ਵਾਹਿਗੁਰੂ ਦੀ ਪ੍ਰੇਮਾ ਭਗਤੀ ਸਹੀ ਕੀਤੀ ਸੀ।

**੫. ਚੌਬੇ ਬਿਨਾਯਕ ਰਾਉ ਜੀ ਪਰ ਤ੍ਰੁੱਠਣਾ--**

ਚੋਬੇ ਬਿਨਾਯਕ ਰਾਉ ਜੀ ਦੱਸਦੇ ਸਨ ਕਿ ਉਨ੍ਹਾਂ ਨੂੰ ਬਾਬਾ ਜੀ ਦੇ ਪਹਿਲੀ ਵੇਰ ਦਰਸ਼ਨ ਉਨ੍ਹਾਂ ਦੇ ਗਿਰਾਂ ਅੰਦਾਵਾ ਤੋਂ ੯ ਮੀਲ ਦੇ ਫਾਸਲੇ ਤੇ ਲਖਨਾਂ ਵਿਚ ਹੋਏ, ਜਿਥੇ ਆਪ ਰਾਣੀ ਕਿਸ਼ੋਰੀ ਸਾਹਿਬਾ ਦੇ ਮਕਾਨ ਤੇ ਠਹਿਰੇ ਹੋਏ ਸਨ। ਚੋਬੇ ਬਿਨਾਯਕ ਰਾਉ ਨੌਕਰਾਂ ਤੋਂ ਪਤਾ ਪਾਕੇ ਕਿ ਉਹ ਜੰਗਲਾਂ ਨੂੰ ਮੰਗਲ ਕਰਨ ਵਾਲੇ ਤੇ ਕਦੇ ਕਿਸੇ ਨੂੰ ਭਾਗਾਂ ਨਾਲ ਮਿਲਨ ਵਾਲੇ ਮਹਾਂ ਪੁਰਖ ਇਥੇ ਹਨ ਤੇ ਫਲਾਣੇ ਕਮਰੇ ਵਿਚ ਹਨ, ਦਰਸ਼ਨ ਕਰਨ ਵਾਸਤੇ ਅੰਦਰ ਗਏ। ਅਗੇ ਆਪ ਪਦਮਾਸਨ ਲਗਾਏ ਸਮਾਧੀ ਵਿਚ ਲੀਨ ਬੈਠੇ ਸਨ, ਬੜੇ ਅਦਬ ਨਾਲ ਦੂਰੋਂ ਮੱਥਾ ਟੇਕਕੇ ਤੇ ਆਸਣ ਜਮਾਕੇ ਇਹ ਵੀ ਬੈਠ ਗਏ। ਚੌਬੇ ਬਿਨਾਯਕ ਰਾਉ ਇਸ ਵੇਲੇ ਸਖਤ ਮੁਸੀਬਤਾਂ ਦੇ ਮੂੰਹ ਵਿਚ ਸਨ ਤੇ ਤਨ ਕਰਕੇ ਬੀਮਾਰ ਸਨ, ਸੋ ਦੂਰ ਹੀ, ਪਰ ਉਨ੍ਹਾਂ ਦੇ ਸਾਹਮਣੇ ਅੱਖੀਂ ਮੀਟਕੇ ਅਰਦਾਸ ਵਿਚ ਬੈਠ ਗਏ ਕਿ ਮੇਰੇ ਹਾਲ ਤੇ ਰਹਿਮ ਹੋਵੇ। ਥੋੜੀ ਦੇਰ ਬਾਦ ਬਾਬਾ ਜੀ ਨੇ ਨੈਣ ਖੋਹਲੇ; ਚੋਬੇ ਜੀ ਵਲ ਤੱਕੇ। ਇਸ ਨੇ ਫੇਰ ਮੱਥਾ ਟੇਕਿਆ ਤਾਂ ਆਪ ਬੋਲੇ ਬਹੁਤ ਚਿਰਕਾ ਆਯਾ ਹੈਂ ਤੂੰ, ਘਰ ਤਾਂ ਦੂਰ ਨਹੀਂ ਸੀ, ਤੂੰ ਕਿਥੇ ਠਹਿਰਿਆ ਰਿਹਾ ਹੈਂ ?

ਚੋਬੇ ਬਿਨਾਯਕ ਰਾਉ--ਹਜ਼ੂਰ ਮੈਂ ਬੜਾ ਗੁਨਾਹਗਾਰ ਹਾਂ, ਮੰਦ-ਕਰਮੀ ਹਾਂ, ਮੇਰੀ ਆਪਣੀ ਕਰਨੀ ਕਰਤੂਤ ਕਰਕੇ ਜ਼ਮੀਨ ਅਸਮਾਨ,

ਉਚ ਨੀਚ ਥਾਂਉਂ, ਆਪਣੇ ਪਰਾਏ ਕਿਸੇ ਦੇ ਦਿਲ ਵਿਚ ਮੇਰੇ ਲਈ ਟਿਕਾਣਾ ਨਹੀਂ ਹੈ, ਹਾਂ, ਆਪਣੇ ਚਰਨਾਂ ਵਿਚ ਠਿਕਾਣਾ ਲਾ ਦਿਓ ਤਾਂ ਬਚ ਰਹਾਂ, ਨਹੀਂ ਤਾਂ ਮੈਂ ਸਰੀਰ, ਮਨ ਤੇ ਆਤਮਾ ਕਰਕੇ ਤਬਾਹ ਹੋ ਚੁਕਾ ਹਾਂ।

ਇਹ ਸੁਣਕੇ ਆਪ ਪਿਆਰ ਨਾਲ ਉਠੇ, ਨਾਲ ਦਾ ਕਮਰਾ ਖੁਲ੍ਹਵਾਕੇ ਇਨ੍ਹਾਂ ਨੂੰ ਉਥੇ ਪਲੰਘ ਤੇ ਲਿਟਾ ਦਿੱਤਾ ਤੇ ਬੋਲੇ:–ਆਰਾਮ ਕਰੋ। ਅਗਲੇ ਦਿਨ ਜਦ ਚੌਬੇ ਬਿਨਾਯਕ ਰਾਉ ਜੀ ਰਾਣੀ ਸਾਹਿਬਾਂ ਨੂੰ ਮਿਲਕੇ ਵਾਪਸ ਜਾਣ ਲਗੇ ਤਾਂ ਆਪ ਉਸ ਦੇ ਤਿਆਰ ਘੋੜੇ ਪਰ ਸਵਾਰ ਹੋ ਗਏ, ਚੌਬੇ ਬਿਨਾਯਕ ਰਾਉ ਜੀ ਮਗਰੋਂ ਦੂਸਰਾ ਘੋੜਾ ਲੈਕੇ ਟੁਰੇ। ਜਦ ਚੌਬੇ ਜੀ ਘਰ ਪੁਜੇ ਤਾਂ ਕੀ ਦੇਖਦੇ ਹਨ ਕਿ ਸੰਤ ਜੀ ਅਗੇ ਹੀ ਬਿਰਾਜਮਾਨ ਹਨ ਤੇ ਸਾਰਾ ਪਰਵਾਰ ਆਪ ਦੇ ਚਰਨਾਂ ਵਿਚ ਬੈਠਾ ਹੈ। ਇਥੇ ਬੈਠਕੇ ਆਪ ਨੇ ਮਿਹਰ ਕੀਤੀ ਤੇ ਆਪ ਨੂੰ ਸੁਖਮਨੀ ਸਾਹਿਬ ਦੇ ਲੜ ਲਾਇਆ, (ਸਾਨੂੰ ਚੌਬੇ ਜੀ ਨੇ ਦੱਸਿਆ ਸੀ ਕਿ ਉਸ ਅਸਥਾਨ ਤੇ ਸਦਾ ਹੁਣ ਸੁਖਮਨੀ ਸਾਹਿਬ ਦਾ ਪਾਠ ਹੁੰਦਾ ਹੈ ਤੇ ਦਿਨ ਰਾਤ ਪਾਠ ਅਖੰਡ ਜਾਰੀ ਰਹਿੰਦਾ ਹੈ)।

### ੬. ਚੌਬੇ ਜੀ ਨਾਲ ਵਰਤੀਆਂ ਕਰਾਮਾਤਾਂ–

ਇਕ ਦਿਨ ਚੌਬੇ ਜੀ 'ਭਿੰਡ' ਨੂੰ ਟੁਰਨ ਲਗੇ, ਆਪ ਨੇ ਫੁਰਮਾਯਾ ਕਿ ਕਿੱਥੇ ਚਲਿਆ ਹੈਂ? ਜਦ ਚੌਬੇ ਜੀ ਨੇ ਕਿਹਾ ਕਿ ਭਿੰਡ ਚਲਿਆ ਹਾਂ, ਤਾਂ ਫੁਰਮਾਉਣ ਲਗੇ–'ਤੇਰਾ ਓਥੇ ਕੋਈ ਜਾਣੂ ਨਹੀਂ, ਅਗੇ ਕਦੀ ਗਿਆ ਨਹੀਂ, ਰਘੂਪਤ ਸ਼ਾਸਤ੍ਰੀ ਜੀ ਛਤ੍ਰੀ ਬਾਜ਼ਾਰ ਵਿਚ ਰਹਿੰਦੇ ਹਨ, ਉਨ੍ਹਾਂ ਨੂੰ ਮਿਲੋ, ਓਹ ਜਿਸ ਨੂੰ ਚਾਹੇਂ ਮਿਲਾ ਦੇਣਗੇ। ਅਸੀਂ ਉਸ ਪਿੰਡ ਬਹੁਤ ਰਹੇ ਹਾਂ, ਉਥੇ ਸਾਡਾ ਡੇਰਾ ਹੈ।' ਚੌਬੇ ਸਾਹਿਬ ਜਦ ਉਥੇ ਗਏ ਤਾਂ ਸ਼ਾਸਤ੍ਰੀ ਜੀ ਬੜੇ ਪਿਆਰ ਨਾਲ ਮਿਲੇ ਤੇ ਉਥੇ ਆਪ ਦੀਆਂ ਕਰਾਮਾਤਾਂ ਤੇ ਕ੍ਰਿਸ਼ਮਿਆਂ ਦੇ ਬਹੁਤ ਅਦਰਜ ਅਚਰਜ ਹਾਲ ਲੋਕਾਂ ਦੇ ਅੱਖੀਂ ਵੇਖੇ ਹੋਏ ਸੁਣੇ, ਇਸ ਤਰ੍ਹਾਂ ਆਪ ਦਾ ਭਰੋਸਾ ਵਧਦਾ ਗਿਆ।

ਇਕ ਵੇਰ ਜਦੋਂ ਚੌਬੇ ਸਾਹਿਬ ਦੀ ਰਜਾਸਤ ਤਬਾਹੀ ਤੇ ਪੁਜ ਗਈ ਸੀ ਤਾਂ ਆਪ ਨੇ ਇਕ ਆਦਮੀ ਨੂੰ ਆਪ ਦੀ ਸੇਵਾ ਵਿਚ ਬਿਨੈ ਕਰਨੇ ਲਈ 'ਭਿੰਡ' ਘੱਲਿਆ, ਅਗੋਂ ਭਿੰਡ ਦੇ ਲੋਕਾਂ ਨੇ ਦੱਸਿਆ ਕਿ ਓਹ ਤਾਂ ਗਹਿਬਰ ਬਨਾਂ ਵਿਚ ਰਹਿੰਦੇ ਹਨ ਇਸ ਤਰ੍ਹਾਂ ਢੂੰਡਿਆਂ ਮਿਲ ਸਕਣਾ ਸੰਭਵ ਨਹੀਂ। ਨੌਕਰ ਨਿਰਾਸ ਹੋ ਕੇ ਛਾਲੇਨੇ ਵਲ ਨੂੰ ਮੁੜ ਆਇਆ: ਰਾਹ ਵਿਚ ਕੀਹ ਦੇਖਦਾ ਹੈ ਕਿ ਇਕ ਬ੍ਰਿਛ ਤੇ ਆਪ ਬੈਠੇ ਹਨ, ਹੇਠਾਂ ਖਲੋਕੇ ਉਸ ਨੇ ਸੰਦੇਸਾ ਬਿਨੈ ਕੀਤਾ। ਫੁਰਮਾਉਣ ਲਗੇ, 'ਆਖੋ ਜਾਕੇ ਚੋਬੇ ਨੂੰ ਗੁਰੂ ਪਰ ਓਟ ਧਰੇ, ਸਭ ਬਖੇੜੇ ਮੁੱਕ ਜਾਣਗੇ'। ਇਹ ਕਹਿਕੇ ਬਨ ਦੇ ਅੰਦਰ ਨੂੰ ਟੁਰ ਗਏ। ਇਸ ਦੇ ਮਗਰੋਂ ਚੋਬੇ ਜੀ ਦੇ ਸਾਰੇ ਮੁਕੱਦਮੇ ਤੇ ਝਗੜੇ, ਜਿਨ੍ਹਾਂ ਤੋਂ ਤਬਾਹੀ ਦੀ ਆਸ ਲਗ ਰਹੀ ਸੀ ਤੇ ਕੋਈ ਰਸਤਾ ਬਚਾਉ ਦਾ ਨਹੀਂ ਦਿੱਸਦਾ ਸੀ, ਕੁਦਰਤ ਨਾਲ ਸਾਂਗੇ ਬਣਦੇ ਬਣਾਂਦੇ ਤੈ ਹੋ ਗਏ ਤੇ ਸਰੀਰ ਬੀ ਅਰੋਗ ਹੋ ਗਿਆ। ਆਪ ਦੀ ਕਰਾਮਾਤੀ ਸ਼ਕਤੀ ਪਰ ਚੋਬੇ ਜੀ ਦਾ ਹੁਣ ਭਰੋਸਾ ਹੋਰ ਵਧੇਰੇ ਹੋ ਗਿਆ ਤੇ ਘਰ ਵਿਚ ਗੁਰਬਾਣੀ ਦਾ ਪ੍ਰੇਮ ਤੇ ਅਭਜਾਸ ਵਧ ਗਿਆ।

ਚੋਬੇ ਜੀ ਨੇ ਆਪਣੇ ਪੁਤ੍ਰ ਮਾਧੋ ਰਾਉ ਦਾ ਵਿਆਹ ਕੀਤਾ, ਪਰ ਲੜਕਾ ਝਟ ੧੦੬ ਦਰਜੇ ਦੇ ਬੁਖਾਰ ਤੇ ਸਰਸਾਮ ਨਾਲ ਸਖਤ ਬੀਮਾਰ ਹੋ ਗਿਆ ਤੇ ਹਾਲਤ ਖ਼ਰਾਬ ਹੋ ਗਈ। ਡਾਕਟਰ ਦਵਾਈ ਦੇਣ ਵਾਲਾ ਨੇੜੇ ਕੋਈ ਨਹੀਂ ਸੀ। ਬਾਬਾ ਜੀ ਦੀ ਸੇਵਾ ਵਿਚ ਆਦਮੀ ਘੱਲਿਆ। ਪਰ ਇਧਰ ਲੜਕੇ ਦੇ ਹੱਥ ਪੈਰ ਠਰ ਗਏ, ਨਬਜ਼ ਛੁਟ ਗਈ ਤੇ ਬਦਨ ਸਰਦ ਪੈ ਗਿਆ। ਇਹ ਵੇਲਾ ਸੰਝ ਦਾ ਸੀ। ਜਿਸ ਛਿਨ ਕਿ ਚੋਬੇ ਜੀ ਉਸ ਨੂੰ ਮਰ ਚੁਕਾ ਸਮਝੇ, ਸੰਤ ਜੀ ਆਪ ਆ ਗਏ। ਬੱਚੇ ਦੇ ਦੁਇ ਹੱਥ ਫੜਕੇ ਉਸ ਨੂੰ ਬਿਠਾਲ ਲਿਆ ਤੇ ਬੋਲੇ ਕਿ ਕਿਆ ਚਾਹਤਾ ਹੈ ? ਲੜਕੇ ਨੂੰ ਇਕ ਦਮ ਹੋਸ਼ ਆ ਗਈ ਤੇ ਬੋਲਿਆ 'ਪਾਣੀ'। ਆਪ ਨੇ ਆਪਣੇ ਹੱਥੀਂ ਠੰਢਾ ਪਾਣੀ ਪਿਲਾ ਦਿੱਤਾ, ਫੇਰ ਲਿਟਾ ਦਿਤਾ, ਉਤੇ ਰਜ਼ਾਈ ਪਾ ਕੇ ਕਹਿਣ ਲਗੇ—'ਕੋਈ ਇਸ ਨੂੰ ਨਾ ਜਗਾਵੇ'। ਇਹ ਕਹਿਕੇ ਚਲੇ ਗਏ। ਯਾਰਾਂ ਵਜੇ ਲੜਕੇ ਨੇ ਅੱਖ ਖੋਲ੍ਹੀ, ਹੱਸਿਆ ਤੇ

ਉੱਠਕੇ ਆਪੇ ਬੈਠ ਗਿਆ। ਉਸ ਵੇਲੇ ਬਾਬਾ ਜੀ ਜਿੱਥੇ ਉਤਰੇ ਹੋਏ ਸਨ, ਲੜਕੇ ਦੀ ਖਬਰ ਘੱਲੀ ਗਈ; ਕਹਿਣ ਲਗੇ—'ਚਾਰ ਬਜੇ ਆਵਾਂਗੇ।' ਚਾਰ ਬਜੇ (ਸਵੇਰੇ) ਆਪ ਆਏ ਕਹਿਣ ਲਗੇ—'ਕਿਆ ਚਾਹਤਾ ਹੈ ?' ਲੜਕੇ ਨੇ ਕਿਹਾ 'ਦਹੀਂ ਔਰ ਪੂਰੀ'। ਘਰਦਿਆਂ ਨੂੰ ਹੁਕਮ ਹੋਇਆ 'ਦਿਓ'। ਜਦ ਤਿਆਰ ਹੋਈ ਤਾਂ ਆਪ ਨੇ ਪਾਸ ਖੜੇ ਹੋਕੇ ਦਹੀਂ ਤੇ ਪੂਰੀ ਖੁਲਾ ਦਿਤੀ। ਫੇਰ ਪੁਛਣ ਲਗੇ 'ਕਿਆ ਚਾਹਤਾ ਹੈ ?' ਲੜਕੇ ਨੇ ਕਿਹਾ 'ਘੋੜੇ ਦੀ ਸੈਰ'। ਆਪ ਨੇ ਉਸੇ ਵੇਲੇ ਆਪ ਘੋੜੇ ਤੇ ਸਵਾਰ ਕਰਾਇਆ ਤੇ ਆਪ ਭੀ ਸਵਾਰ ਹੋਏ ਤੇ ਹਵਾਖੋਰੀ ਕਰਵਾਕੇ ਲੈ ਆਏ : ਲੜਕਾ—ਜੋ ੧੨ ਘੰਟੇ ਪਹਿਲਾਂ ਚੋਬੇ ਜੀ ਲਿਖਦੇ ਹਨ ਕਿ ਸਾਡੇ ਭਾਣੇ ਮਰ ਰਿਹਾ ਸੀ—ਹੁਣ ਹਵਾਖੋਰੀ ਕਰਕੇ ਘਰ ਸੁਖਾਂ ਨਾਲ ਆਇਆ।

ਪਿਆਰੇ ਗੁਰ ਸਿਖ ਜੀਓ ! ਆਤਮ ਸਤਜਾ ਦੀਆਂ ਨਿਧੀਆਂ, ਕਰਨੀਆਂ ਤੇ ਘਾਲਾਂ ਦੇ ਪੁੰਜ, ਆਪਾ ਨਾ ਜਨਾਉਣ ਵਾਲੇ ਐਸੇ ਮਹਾਤਮਾਂ ਤੁਹਾਡੇ ਹੀ ਮਤ ਦੇ ਹੋਏ ਹਨ ਕਿ ਗ਼ੈਰ ਦੇਸ਼ਾਂ ਵਿਚ ਤੇ ਗ਼ੈਰ ਮਤਾਂ ਦੇ ਉਪਾਸਕਾਂ ਵਿਚ ਆਪ ਦੀ ਮਹਿਮਾਂ ਤੇ ਸ਼ਕਤੀਆਂ ਦੀ ਕੀਰਤੀ ਇਸ ਤਰ੍ਹਾਂ ਫੈਲ ਰਹੀ ਹੈ। ਕੀ ਆਪ ਨੂੰ ਪਤਾ ਹੈ ਕਿ ਆਪ ਲੋਕਾਂ ਨੂੰ ਸਿਖਾਲਦੇ ਕੀ ਹੁੰਦੇ ਸਨ ? ਗੁਰਬਾਣੀ ਸੁਖਮਨੀ ਸਾਹਿਬ ਦਾ ਪਾਠ ਤੇ ਵਾਹਿਗੁਰੂ ਜੀ ਦੀ ਭਗਤੀ—ਨਾਮ।

### ੭. ਬੀਮਾਰੀਆਂ ਤੋਂ ਵੱਲ ਕਰਨਾ—

ਬੀਮਾਰੀਆਂ ਵੱਲ ਕਰਨ ਦੇ ਆਪ ਦੇ ਕਈ ਪ੍ਰਸੰਗ ਹਨ।ਨਾਰਾਇਣ ਰਾਉ ਨਾਮੇ ਸੱਜਣ ਨੂੰ ਦੋ ਵੇਰ ਸਰਸਾਮ ਤੋਂ,ਇਕ ਵੇਰ ਹੈਜ਼ੇ ਤੋਂ ਰਾਜ਼ੀ ਕੀਤਾ। ਇਸੀ ਤਰ੍ਹਾਂ ਟਿਨਕਰ ਰਾਊ ਨੂੰ ਅੱਖਾਂ ਦੀ ਤਕਲੀਫ ਤੇ ਪੈਰ ਟੁੱਟਣ ਤੋਂ ਵੱਲ ਕੀਤਾ। ਇਸੇ ਟਿਨਕਰ ਰਾਉ ਨੂੰ ਤਾਊਨ ਹੋ ਗਿਆ। ਸੰਤ ੧੯ ਮੀਲ ਤੇ ਸਨ, ਚੋਖੇ ਬਿਨਾਯਕ ਰਾਉ ਜੀ ਪਾਸ ਸਨ, ਘਰ ਦੇ ਉਸ ਨੂੰ ਮੰਜੇ ਤੇ ਪਾਕੇ ਸੰਤਾਂ ਪਾਸ ਲੈ ਗਏ। ਆਪ ਨੇ ਕਿਹਾ—ਦੁੱਧ

ਪਿਲਾਓ। ਉਹ ਬੇਹੋਸ਼ ਸੀ, ਜਤਨ ਕਰਨ ਨਾਲ ਥੋੜ੍ਹਾ ਦੁੱਧ ਮਸਾਂ ਅੰਦਰ ਲੰਘਾਇਆ, ਇਸ ਤੋਂ ਮਗਰੋਂ ਉਹ ਦੋ ਦਿਨ ਵਿਚ ਵੱਲ ਹੋ ਗਿਆ। ਇਸੀ ਤਰ੍ਹਾਂ ਦਰਦ ਗੁਰਦਾ, ਹਿਡਕੀ, ਇਨਫਲੂਏਨਜ਼ਾ ਆਦਿ ਤੋਂ ਕਈਆਂ ਨੂੰ ਆਪ ਜੀ ਨੇ ਆਪਣੇ ਬਚਨਾਂ ਨਾਲ ਵੱਲ ਕੀਤਾ। ਬਿਨਾਯਕ ਰਾਉ ਜੀ ਨੇ ਕਈ ਨਾਮ ਦਿਤੇ ਹਨ, ਜਿਹਾ ਕਿ ਪਾਂਡੇ ਉਤਮ ਨਾਰਾਇਣ ਵਾਸੀ ਅਟਾਵਾ ਦਾ ਜ਼ਹਿਰੀਲਾ ਫੋੜਾ ਵੱਲ ਕੀਤਾ, ਉਮਾ ਚਰਨ ਦੀ ਪੁਰਾਣੀ ਸਿਰ ਦਰਦ ਦੂਰ ਕੀਤੀ। ਉਜਾਗਰ ਲਾਲ ਨੂੰ ਆਸ਼ੇਬ ਦਿੱਸਦੇ ਸਨ, ਆਪ ਨੇ ਹੱਥ ਫੇਰ ਕੇ ਵੱਲ ਕਰ ਦਿਤਾ। ਦਰਸ਼ਨ ਸਿੰਘ ਦੀ ਪੈਰ ਦੀ ਹੱਡੀ ਉਤਰ ਗਈ, ਆਪ ਨੇ ਬੰਨ੍ਹ ਦਿਤੀ ਤੇ ਇਕ ਦਿਨ ਵਿਚ ਵੱਲ ਹੋ ਗਿਆ। ਇਸ ਤਰ੍ਹਾਂ ਇਕ ਵੇਰ ਬਹੁਤ ਚੂਹੇ ਮਰਨ ਤੇ ਤਾਊਨ ਫੈਲ ਜਾਣ ਤੇ ਇਸ ਟੱਬਰ ਨੂੰ ਹੁਕਮ ਹੋਇਆ, 'ਤੁਸੀਂ ਘਬਰਾਓ ਨਹੀਂ ਸੁਖੀ ਰਹੋਗੇ', ਚੁਨਾਂਚਿ ਇਨ੍ਹਾਂ ਦੇ ਘਰ ਦੇ ਸਾਰੇ ਬਚੇ ਰਹੇ, ਇਥੋਂ ਤਾਂਈਂ ਕਿ ੧੬ ਬਰਸ ਵਿਚ ਆਪ ਦੇ ਟੱਬਰ ਵਿਚ ਕਦੇ ਡਾਕਟਰ ਨਹੀਂ ਆਇਆ, ਜੋ ਬੀਮਾਰ ਪਿਆ, ਆਪ ਪਾਸ ਖਬਰ ਗਈ, ਬਸ ਆਪਦੀ ਮਿਹਰਬਾਨੀ ਨਾਲ ਵੱਲ ਹੋ ਜਾਂਦਾ ਰਿਹਾ।

**੯. ਅੰਤਰਯਾਮਤਾ–**

ਇਕ ਵੇਰ ਬਿਨਾਯਕ ਰਾਉ ਘੋੜੇ ਤੇ ਸਵਾਰ ਹੋਏ। ਇਕ ਰਾਜ ਬਹੇ ਦੇ ਪੁਲ ਤੋਂ ਪਾਰ ਹੋਣ ਲਗੇ, ਪੁਲ ਕੇਵਲ ਪੈਦਲਾਂ ਲਈ ਸੀ। ਘੋੜਾ ਚਮਕਿਆ, ਰਾਜ ਬਹੇ ਵਲ ਨੂੰ ਗਿਆ। ਅਗਲੇ ਪੈਰ ਲਮਕੇ, ਪਿਛਲੇ ਅਟਕੇ ਰਹੇ, ਪਾਣੀ ਬੰਦ ਸੀ, ਪਰ ਹੇਠਾਂ ਬੜੇ ਬੜੇ ਪੱਥਰ ਸਨ। ਇਸ ਹਾਲਤ ਵਿਚ ਆਪ ਨੇ ਸੰਤਾਂ ਦੀ ਦੁਹਾਈ ਦਿਤੀ ਤੇ ਘੋੜਾ ਸਹੀ ਸਲਾਮਤ ਹੇਠਾਂ ਜਾ ਖਲੋਤਾ ਤੇ ਸਵਾਰ ਥੱਲੇ ਨਾ ਡਿੱਗਾ। ਵਧੀਕ ਅਚਰਜਤਾ ਇਸ ਵਿਚ ਚੌਬੇ ਜੀ ਦੱਸਦੇ ਹਨ, ਉਹ ਇਹ ਹੈ ਕਿ ਜਦ ਮੈਂ ਸੰਤਾਂ ਪਾਸ ਪਹੁੰਚਾ ਤਾਂ ਕਹਿਣ ਲਗੇ 'ਕਿਉਂ ਐਸੀਆਂ ਜਗ੍ਹਾਂ ਤੇ ਘੋੜਾ ਲੈ ਜਾਂਦਾ ਹੈਂ, ਆਪਣੀ ਜਾਨ ਦਾ ਕਿਉਂ ਦੁਸ਼ਮਣ ਬਣਦਾ ਹੈਂ'?

ਜਿਸ ਤੋਂ ਚੌਬੇ ਜੀ ਨੂੰ ਸੰਤਾਂ ਦੇ ਸਹਾਯਕ ਅੰਤਰਯਾਮੀ ਹੋਣ ਦਾ ਭਰੋਸਾ ਹੋਰ ਵਧ ਗਿਆ।

**੯. ਹੋਰ ਕਰਾਮਾਤਾਂ–**

ਇਸ ਤਰ੍ਹਾਂ ਬਿੱਛੂ ਦੇ ਲੜੇ ਨੂੰ ਵੱਲ ਕਰਨਾ; ਸੱਪ ਤੋਂ ਰੱਖਿਆ ਕਰਨੀ, ਸੱਪ ਦੇ ਮਾਰੇ ਨੂੰ ਜਿਵਾਉਣਾ ਆਦਿ ਹੱਡੀਂ ਵਰਤੇ ਤੇ ਅੱਖੀਂ ਡਿੱਠੇ ਮਾਜਰੇ ਲੋਕੀਂ ਦੱਸਦੇ ਹਨ।

ਫਿਰ ਆਪ ਲਿਖਦੇ ਹਨ ਕਿ ਇਕ ਵੇਰ ਉਦਾਸੀ ਸੰਤਾਂ ਦਾ ਪੰਚਾਇਤੀ ਅਖਾੜਾ ਇਲਾਹਾਬਾਦ ਜਾ ਰਿਹਾ ਸੀ। ਮਹੰਤ ਜੈਰਾਮ ਦਾਸ ਦੀ ਜ਼ੁਬਾਨੀ ਸਾਖ ਹੈ ਕਿ ਸੰਤਾਂ ਦੇ ਦਰਸ਼ਨ ਕਰਕੇ ਉਨ੍ਹਾਂ ਨੇ ਆਪਣੇ ਧੰਨਜਭਾਗ ਜਾਣੇ ਤੇ ਆਖਿਆ ਕਿ ਐਸਾ ਬਜ਼ੁਰਗ ਸੰਤ ਅਸਾਂ ਕਦੇ ਨਹੀਂ ਡਿੱਠਾ।

ਆਪ ਕਈ ਵੇਰ ਅੰਨ ਪਾਣੀ ਤੋਂ ਬਿਨਾਂ ਬੀ ਰਹਿੰਦੇ। ਕਦੇ ਨਾਤੀ ਧੋਤੀ ਆਦਿ ਕ੍ਰਿਯਾ ਵੀ ਕਰਦੇ। ਕਈ ਵੇਰ ਸਿਆਲ ਵਿਚ ਰਾਤ ਦੀ ਤ੍ਰੇਲ ਵਿਚ ਪਏ ਪਾਣੀ ਨਾਲ ਨ੍ਹਾਉਂਦੇ ਤੇ ਸਰਦੀ ਨਾ ਲਗਦੀ।

ਇਸਤਰ੍ਹਾਂ ਕਿਤਨੇ ਹੀ ਵਾਕਿਆਤ ਪ੍ਰੇਮੀਆਂ ਦੇ ਮੁਕੱਦਮਿਆਂ ਤੋਂ ਬਚਣ ਤੇ ਔਕੜਾਂ ਵੇਲੇ ਸਹਾਇਤਾ ਦੇ ਆਪ ਬਾਬਤ ਪ੍ਰਸਿਧ ਹਨ।

**੧੦. ਗੁਰਬਾਣੀ ਪ੍ਰਚਾਰ–**

ਚੌਬੇ ਜੀ ਦੱਸਦੇ ਸੇ ਕਿ ਸਾਨੂੰ ਸੁਖਮਨੀ ਦਾ ਪਾਠ ਸਭ ਤੋਂ ਪਹਿਲਾ ਸਾਧਨ ਦੱਸਿਆ ਗਿਆ ਸੀ, ਫੇਰ ਆਪ ਨਾਮ ਪ੍ਰਾਪਤ ਹੋਏ। ਆਪ ਪਾਸ ਸੇਵਕ ਕਈ ਵੇਰੀ ਸਾਧਾਰਨ ਭਜਨ ਪੜ੍ਹਦੇ ਸਨ, ਪਰ ਆਪ ਨੇ ਫੁਰਮਾਇਆ ਕਿ ਗੁਰਬਾਣੀ ਦੇ ਸ਼ਬਦ ਗਾਓ ਅਰ ਜੋਟੀਆਂ ਦੇ ਸ਼ਬਦ ਪੜ੍ਹਨ ਦੇ ਰਹਾ ਦਾ ਤ੍ਰੀਕਾ ਬੀ ਆਪ ਨੇ ਦੱਸ ਦਿੱਤਾ, ਜਿਸ ਨਾਲ ਸ਼ਬਦ ਕੀਰਤਨ ਦਾ ਪ੍ਰਚਾਰ ਸੌਖਾ ਹੋ ਗਿਆ। ਫਿਰ ਆਪ ਨੇ ਆਪਣੀ ਰਸਨਾਂ ਤੋਂ ਗੁਰੂ ਸਾਹਿਬਾਨ ਦੇ ਪ੍ਰਸੰਗ ਸੁਣਾਏ ਤੇ ਸ੍ਰੀ ਗੁਰੂ ਗ੍ਰੰਥ ਸਾਰਿਬ ਜੀ ਦੀ ਮਹਿਮਾਂ ਵਰਣਨ ਕੀਤੀ ਤੇ ਆਗਿਆ ਕੀਤੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰੋ ਤੇ ਨਾਲ ਹੁਕਮ ਹੋਇਆ ਕਿ



 www.sikhbookclub.com

ਰੋਜ਼ ਪਾਠ ਕੀਤਾ ਕਰੇ। ਇਸ ਤਰ੍ਹਾਂ ਉਸ ਥਾਉਂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਆਰੰਭ ਹੋਇਆ। ਫਿਰ ਇਕ ਵੇਰ ਕੁਛ ਗੁਰੂ ਕੇ ਸਿਖ ਆਏ ਉਨ੍ਹਾਂ ਨੂੰ ਕਹਿਕੇ ਦਸਾਂ ਗੁਰੂ ਸਾਹਿਬਾਨ ਦਾ ਇਤਿਹਾਸ ਮੰਗਵਾ ਦਿਤਾ।

**੧੧. ਪਰਜਾ ਪਿਆਰ—**

ਇਕ ਵਾਕਿਆ ਆਪ ਦੇ ਪਰਜਾ ਪਿਆਰ ਦਾ ਇਸ ਪ੍ਰਕਾਰ ਹੈ:— ਪੂਰਬ ਵਲ ਤਅੱਲਕੇਦਾਰ ਹੁੰਦੇ ਹਨ ਤੇ ਕਾਸ਼ਤਕਾਰ ਜ਼ਿਮੀਂਦਾਰ ਦਾ ਜ਼ਿਮੀਂ ਤੇ ਕੋਈ ਹੱਕ ਮਾਲਕੀ ਨਹੀਂ ਹੁੰਦਾ, ਪਰ ਚੋਬੇ ਜੀ ਦੱਸਦੇ ਹਨ ਕਿ ਆਪ ਨੇ ਕਿਤਨੇ ਰਾਹਕ ਮੌਰੂਸੀ ਕਰ ਦਿਤੇ ਤੇ ਕੁਛ ਰਾਹਕਾਂ ਦੇ ਲੜਕੇ ਪੜ੍ਹਾਕੇ ਆਪਣੇ ਕੰਮਾਂ ਤੇ ਲਾ ਦਿਤੇ। ਮੌਰੂਸੀ ਓਹ ਰਾਹਕ ਹੁੰਦੇ ਹਨ ਜੋ ਜ਼ਿਮੀਂ ਦੇ ਮਾਲਕ ਤਾਂ ਨਹੀਂ ਹੁੰਦੇ,ਪਰ ਤਅੱਲਕੇਦਾਰ ਉਨ੍ਹਾਂ ਨੂੰ ਬੇਦਖਲ ਨਹੀਂ ਕਰ ਸਕਦਾ। ਇਸ ਤਰ੍ਹਾਂ ਕਈਆਂ ਨੂੰ ਵਿਆਜ ਛਡ ਦਿਤਾ, ਇਹ ਸਭ ਕੰਮ ਸੰਤਾਂ ਦੀ ਮਿਹਰ ਨਾਲ ਹੋਏ। ਇਸੀ ਤਰ੍ਹਾਂ ਇਕ ਵੇਰੀ ਸੰਤਾਂ ਨੂੰ ਬਾਗਾਂ ਵਿਚ ਫਿਰਦਿਆਂ ਰੱਯਤ ਦੇ ਕੁਛ ਆਦਮੀਆਂ ਨੇ ਆਪਣੇ ਦੁੱਖ ਸੁਣਾਏ ਕਿ ਚੋਬੇ ਜੀ ਦੇ ਕਾਰਿੰਦੇ ਸਾਡੇ ਤੇ ਜ਼ੁਲਮ ਕਰਦੇ ਹਨ। ਇਹ ਸਭ ਕੁਛ ਸੁਣਦੇ ਰਹੇ, ਹੋਰ ਲੋਕ ਮਹਾਤਮਾਂ ਜਾਣਕੇ ਆਉਂਦੇ ਤੇ ਹਾਲ ਦੱਸਦੇ ਰਹੇ। ਉਥੇ ਬੈਠੇ ਹੀ ਆਪ ਨੇ ਚੋਬੇ ਜੀ ਨੂੰ ਬੁਲਾ ਭੇਜਿਆ ਤੇ ਜਿਥੇ ਸਾਰੇ ਬੈਠੇ ਸੇ ਇਕ ਪੱਥਰ ਤੇ ਆਪ ਬੈਠ ਗਏ। ਫਿਰ ਸੰਤਾਂ ਨੇ ਪੁੱਛਿਆ—'ਬੋਲੋ ਇਥੇ ਜਵਾਬ ਦਿਓਗੇ ਕਿ ਓਥੇ ? ਇਥੇ ਮੌਕਾ ਹੈ ਕਿ ਲੇਖਾ ਚੁਕਾ ਸਕੋ ਤੇ ਅਗੇ ਪਕੜ ਨਾ ਹੋਵੇ, ਓਥੇ ਮੌਕਾ ਨਹੀਂ ਹੋਵੇਗਾ ਕਿ ਲੇਖਾ ਚੁੱਕਾ ਸਕੋ।' ਚੋਬੇ ਜੀ ਨੇ ਬਿਨੈ ਕੀਤੀ ਕਿ 'ਮੌਕਾ ਤਾਂ ਹੁਣ ਚੰਗਾ ਹੈ, ਪਰ ਮੈਂ ਕਰਾਂ ਕਿਵੇਂ ?' ਸੰਤ ਕਹਿਣ ਲਗੇ— 'ਜੋ ਤੂੰ ਰੱਯਤ ਨੂੰ ਮਿਲਦਾ ਨਹੀਂ ਤੇ ਅੰਦਰ ਬਹਿ ਗਿਆ ਹੈਂ,ਉਹ ਛਡ, ਆਪ ਕੰਮ ਕਰ ਤੇ ਰੱਯਤ ਵਿਚ ਆਪ ਫਿਰ।' ਚੋਬੇ ਜੀ ਤਦੋਂ ਏਕਾਂਤ ਸੇਵੀ ਹੋਏ ਹੋਏ ਸਨ ਤੇ ਦੱਸਦੇ ਸਨ ਕਿ ਮੈਂ ਹੁਕਮ ਮੰਨਕੇ ਐਸਾ ਹੀ ਕੀਤਾ। ਫਿਰ ਤਾਂ ਮੈਨੂੰ ਪਤਾ ਲਗ ਗਿਆ ਕਿ ਕਾਰਿੰਦੇ ਸੱਚ ਮੁੱਚ ਜ਼ੁਲਮ


www.sikhbookclub.com

ਕਰਦੇ ਸਨ। ਇਸ ਵਾਕਿਆ ਦਾ ਭਾਵ ਇਹ ਹੈ ਕਿ ਚੌਬੇ ਭਜਨ ਕਰਦਾ ਸੀ ਤੇ ਸੇਵਾ ਵਿਚ ਲਗਾ ਰਹਿੰਦਾ ਸੀ, ਇਤਨਾ ਅਮੀਰ ਹੋਕੇ ਲੰਗਰ ਦੇ ਪ੍ਰਸ਼ਾਦ ਦੀ ਸੇਵਾ ਆਪ ਕਰਦਾ ਸੀ। ਤਦ ਬੀ ਸੰਤਾਂ ਨੇ ਸਿਖਾਇਆ ਕਿ 'ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ' ਰੱਯਤ ਵਿਚ ਆਪ ਕੰਮ ਕਰ, ਜੋ ਲੋਕ ਸੁਖੀ ਹੋਣ, ਤਦ ਕੰਮ ਕਰਦਾ ਭਜਨ ਵਿਚ ਰਹੁ। ਉਸ ਦੇ ਭਜਨ ਨੂੰ ਤਾਂ ਆਪ ਨੇ ਸਲਾਹਿਆ, ਪਰ ਪਰਜਾ ਵੱਲ ਦੇ ਫਰਜ਼ ਨੂੰ, ਜੋ ਢਿੱਲਾ ਪੈ ਰਿਹਾ ਸੀ, ਸੁਰਜੀਤ ਕਰ ਦਿੱਤਾ। ਇਹ ਉਹੋ ਭੁੱਲ ਸੀ ਜੋ ਗੋਪੀ ਚੰਦ ਨੂੰ ਪਰਮਾਰਥ ਸਿਧੀ ਲਈ ਰਾਜ ਭਾਗ ਛੁਡਾਕੇ ਬਨਾਂ ਵਿਚ ਘੱਲ ਦੇਣ ਵਿਚ ਹੋਈ ਸੀ, ਗੁਰਸਿਖੀ ਦੇ ਮਹਿਰਮ ਛਾਲੋਨੇ ਵਾਲੇ ਬਾਬਾ ਜੀ ਨੇ ਇੱਥੇ ਉਹ ਭੁੱਲ ਨਹੀਂ ਹੋਣ ਦਿਤੀ। ਭਜਨਵਾਨ ਨੂੰ ਰੱਯਤ ਦਾ ਆਪ ਕੰਮ ਕਰਨ ਦਾ ਹੁਕਮ ਦਿਤਾ।

**੧੨. ਇਕ ਵਰ੍ਹੇ ਦੀ ਲੜਕੀ ਤੋਂ ਗੱਲਾਂ ਕਰਵਾਈਆਂ–**

ਆਪ ਦੀਆਂ ਕਰਾਮਾਤਾਂ ਜੋ ਉਸ ਪਾਸੇ ਬੇਗਿਣਤ ਪ੍ਰਸਿਧ ਹਨ ਅਰ ਅਖੀਂ ਦੇਖਣ ਤੇ ਹੱਡੀਂ ਬੀਤਣ ਵਾਲੇ ਦੱਸਦੇ ਹਨ, ਵਿਚੋਂ ਇਕ ਇਹ ਹੈ ਕਿ ਆਪ ਨੇ ਇਕ ਨਾਰਾਇਨ ਰਾਉ ਦੀ ਲੜਕੀ ਤੋਂ–ਜੋ ਇਕ ਬਰਸ ਦੀ ਸੀ ਗੱਲਾਂ ਕਰਾ ਦਿਤੀਆਂ ਅਰ ਉਸ ਨੇ ਅਗੋਂ ਜਵਾਬ ਦਿੱਤੇ ਤੇ ਸਿਆਣਿਆਂ ਵਾਂਙੂ ਬੋਲਕੇ ਆਪਣੇ ਪਿਛਲੇ ਜਨਮ ਦਾ ਹਾਲ ਦੱਸਿਆ, ਫਿਰ ਉਸੇ ਤਰ੍ਹਾਂ ਹੋ ਗਈ।

**੧੩. ਚੌਬੇ ਜੀ ਦੀ ਪਹਿਲੀ ਸ੍ਰੀ ਹਰਿਮੰਦਰ ਯਾਤ੍ਰਾ–**

ਚੌਬੇ ਜੀ ਜਿਉਂ ਜਿਉਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਵਿਚ ਲਗੇ ਤਿਉਂ ਤਿਉਂ ਆਨੰਦ ਦੇ ਨਾਲ ਸਤਿਗੁਰਾਂ ਨਾਲ ਪ੍ਰੀਤ ਵਧੀ ਤੇ ਸ੍ਰੀ ਦਰਬਾਰ ਸਾਹਿਬ ਜੀ ਦੇ ਦਰਸ਼ਨਾਂ ਲਈ ਚਾਉ ਉਮਲੇ। ਜਦ ਸੰਤਾਂ ਨੂੰ ਸ੍ਰੀ ਦਰਬਾਰ ਸਾਹਿਬ ਜੀ ਦੇ ਦਰਸ਼ਨਾਂ ਹਿਤ ਯਾਤ੍ਰਾ ਬਾਬਤ ਕਿਹਾ ਤਾਂ ਆਖਣ ਲਗੇ–ਬੜਾ ਰੁਪੱਯਾ ਲੱਗੇਗਾ, ਰੱਯਤ ਤੇ ਬੋਝ ਵਧੇਗਾ, ਤੇਰੀ ਗ਼ੈਰਹਾਜ਼ਰੀ ਵਿਚ ਕਾਰਿੰਦੇ ਫਿਰ ਕੁਝ ਦਾਉ ਲਾਊਣਗੇ।

ਪਰ ਜਦ ਚੌਬੇ ਜੀ ਨੇ ਕਿਹਾ ਕਿ ਮੈਂ ਇਕ ਕੰਬਲੀ ਤੇ ਇਕ ਗੜ੍ਹਵੀ ਲੈ ਕੇ ਜਾਵਾਂਗਾ ਤੇ ਗ਼ਰੀਬ ਯਾਤ੍ਰੀ ਵਾਂਙੂ ਸਫਰ ਕਰਕੇ ਸ੍ਰੀ ਹਰਿਮੰਦਰ ਜੀ ਦੀ ਹਾਜ਼ਰੀ ਭਰਾਂਗਾ ਤੇ ਛੇਤੀ ਮੁੜ ਆਵਾਂਗਾ, ਤਾਂ ਖੁਸ਼ ਹੋ ਕੇ ਆਗਿਆ ਦੇ ਦਿਤੀ। ਸੋ ਚੌਬੇ ਜੀ ਆਮ ਫਕੀਰਾਨਾ ਰੰਗ ਵਿਚ ਬਹੁਤ ਹੀ ਘੱਟ ਖਰਚ ਕਰਕੇ ਸ੍ਰੀ ਦਰਬਾਰ ਸਾਹਿਬ ਦੀ ਯਾਤ੍ਰਾ ਕਰ ਗਏ ਅਰ ਉਹ ਆਨੰਦ ਲੈ ਗਏ ਜੋ ਹਰੀਮੰਦਰ ਦੇ ਦਰਸ਼ਨ ਤੇ ਕੀਰਤਨ ਤੋਂ ਸਦਾ ਮਿਲਦਾ ਹੈ। ਇਥੇ ਭੀ ਸੰਤਾਂ ਦਾ ਪਰਜਾ ਨਾਲ ਦਰਦ ਕੈਸਾ ਸਫੁਟ ਹੈ ? ਦਰਬਾਰ ਸਾਹਿਬ ਦੀ ਯਾਤ੍ਰਾ ਵਿਚ ਤਾਂ ਆਪ ਖੁਸ਼ ਸਨ, ਪਰ ਚਾਹੁੰਦੇ ਸਨ ਕਿ ਗ਼ਰੀਬੀ ਵਿਚ ਕਰੇ; ਸੋ ਪਤਾ ਲਗਾ ਹੈ, ਕਿ ਚੌਬੇ ਜੀ ਤਦੋਂ ਸਾਧੂਆਂ ਵਾਂਙੂ ਹੀ ਆਏ ਸੇ।

### ੧੪. ਇਕ ਮੁਸਲਮਾਨ ਦਰਜ਼ੀ ਦਾ ਸੁਧਾਰ-

ਇਕ ਮੁਸਲਮਾਨ ਦਰਜ਼ੀ ਬਹੁਤ ਬੁਰੇ ਆਚਰਨ ਦਾ ਸੀ। ਇਸਨੂੰ ਚੌਬੇ ਜੀ ਨੇ ਸੰਤਾਂ ਦੇ ਕਪੜੇ ਸੀਉਣੇ ਲਈ ਕਿਹਾ, ਪਰ ਆਖਿਆ ਕਿ ਦੂਰੋਂ ਦੇਖਕੇ ਸੀ ਲਿਆ, ਨਾਪ ਨਹੀਂ ਲੈਣਾ। ਜੇ ਕਪੜੇ ਠੀਕ ਆ ਗਏ ਤਾਂ ਇਨਾਮ ਮਿਲੇਗਾ। ਜਦ ਉਹ ਕਪੜੇ ਸੀ ਲਿਆਇਆ ਤਾਂ ਕਪੜੇ ਠੀਕ ਆਏ। ਉਹ ਇਨਾਮ ਮੰਗਣ ਲੱਗਾ ਤਾਂ ਚੌਬੇ ਨੇ ਕਿਹਾ ਕਿ ਸੰਤਾਂ ਵਲ ਵੇਖ, ਮਨ ਨੀਵਾਂ ਕਰ ਤੇ ਦਿਲ ਵਿਚ ਅਰਦਾਸ ਕਰ ਕਿ ਮੇਰੀ ਬਦੀ ਛੁੱਟ ਜਾਵੇ ਤੇ ਮੈਂ ਰੱਬ ਦਾ ਪਿਆਰ ਕਰਨ ਵਾਲਾ ਬਣ ਜਾਵਾਂ। ਖੈਰ, ਜਦ ਉਹ ਘਰ ਗਿਆ ਤਾਂ ਐਸਾ ਭਾਣਾ ਵਰਤਿਆ ਕਿ ਉਸ ਦੇ ਐਬ ਛੁੱਟ ਗਏ ਤੇ ਉਸ ਨੂੰ ਹੱਜ ਦਾ ਚਾਉ ਉਪਜਿਆ। ਫੇਰ ਸੰਤਾਂ ਪਾਸ ਆਇਆ। ਸੰਤਾਂ ਨੇ ਹੁਣ ਚੌਬੇ ਜੀ ਤੋਂ ਹਿਸਾਬ ਕਰਵਾਕੇ ਪਿਛਲੀ ਬਾਕੀ ਚੁਕਵਾ ਦਿੱਤੀ, ਕੁਛ ਹੋਰ ਰੁਪੱਯਾ ਦਿਵਾ ਦਿਤਾ ਤੇ ਉਸ ਨੂੰ ਕਹਿਣ ਲਗੇ-'ਦੇਖ ਭਾਈ, ਜੋ ਕੁਛ ਹਈ, ਜੋ ਲੱਭਣਾ ਹਈ ਉਹ ਤਾਂ ਦਿਲ ਵਿਚ ਹੈ, ਦਿਲ ਖੋਜ। ਜਿਥੇ ਤੂੰ ਚਲਿਆ ਹੈਂ ਮਕਾਨ ਹੈ, ਦੇਖ ਆ. ਪਰ ਆਪਣੀ ਵਹੁਟੀ ਨੂੰ ਨਾਲ ਲਿਜਾਈਂ, ਇਕੱਲਾ ਨਾ ਜਾਂਈਂ।'

ਮੁੜ ਜਦ ਉਹ ਹੱਜ ਕਰਕੇ ਆ ਗਿਆ ਤਾਂ ਉਹ ਜੋ ਸੰਤਾਂ ਦਾ ਉਪਦੇਸ਼ ਸੀ 'ਦਿਲ ਖੋਜ' ਉਸ ਦਾ ਐਸਾ ਅਸਰ ਪਿਆ ਕਿ ਦੋਵੇਂ ਮੀਆਂ ਬੀਬੀ ਖ਼ੁਦਾ ਪਰਸਤ ਹੋ ਗਏ। ਮੁਸਲਮਾਨਾਂ ਬਾਬਤ ਸੰਤਾਂ ਨੇ ਇਕ ਵੇਰ ਫੁਰਮਾਯਾ ਸੀ ਕਿ ਇਨ੍ਹਾਂ ਵਿਚ 'ਇਕ' ਵੱਲ ਜੋ ਨਿਗਾਹ ਹੈ ਉਹ ਚੰਗੀ ਗਲ ਹੈ, ਅਨੇਕ ਪਾਸੇ ਨਜ਼ਰ ਨਹੀਂ ਚਾਹੀਏ।

### ੧੫. ਕਰਾਮਤੀ ਰੰਗ–

ਕਰਾਮਾਤੀ ਰੰਗ ਦੇ ਹਾਲਾਤ ਵਿਚ ਆਪ ਜੀ ਦੀ ਬਾਬਤ ਪ੍ਰਸਿੱਧ ਹੈ ਕਿ ਕਈ ਵੇਰ ਪ੍ਰੀਖਯਾ ਕਰਨ ਵਾਲੇ ਦਿਲ ਚਲਿਆਂ ਨੇ ਆਪ ਨੂੰ ਧਤੂਰਾ, ਸੰਖੀਆ ਆਦਿ ਜ਼ਹਿਰ ਦੇ ਦਿਤੇ। ਇਹ ਨਾ ਮੁਨਾਸਬ ਵਰਤਾਉ ਲਖਨਾ, ਭਿੰਡ, ਸਮਬਰ, ਘੁੰਵਾਵਾਂ, ਬਾਟ ਆਦਿ ਪਿੰਡਾਂ ਵਿਚ ਹੋਏ, ਪਰ ਆਪ ਨੂੰ ਕਦੇ ਜ਼ਹਿਰ ਨਹੀਂ ਚੜ੍ਹਿਆ ਤੇ ਨਾ ਨਸ਼ਾ ਆਇਆ।

ਭਿੰਡ ਵਿਚ ਜੋ ਛਾਲੋਨਾ ਨਾਮੇ ਥਾਂਉਂ ਹੈ ਉਥੇ ਇਕ ਮੰਦਰ ਤੇ ਤਲਾ ਹੈ,ਤਲਾ ਦੇ ਨੇੜੇ ਹੀ ਸੰਤਾਂ ਦੀ ਧੂਣੀ ਹੈ,ਇਸੇ ਕਰਕੇ ਹੀ ਆਪ ਦਾ ਨਾਮ ਲੋਕਾਂ ਨੇ ਛਾਲੋਨੇ ਵਾਲੇ ਬਾਬਾ ਜੀ ਪਾਇਆ ਹੋਇਆ ਸੀ। ਏਥੇ ਸ਼ਿਕਾਰ ਦੀ ਆਗਯਾ ਨਹੀ, ਦੋ ਫੌਜੀ ਸਿਪਾਹੀਆਂ ਨੇ ਕੋਈ ਪੰਛੀ ਮਾਰਨੇ ਲਈ ਬੰਦੂਕ ਚਲਾਈ, ਦੋ ਸੱਪ ਉਥੋਂ ਨਿਕਲੇ ਤੇ ਉਹਨਾਂ ਦੇ ਮਗਰ ਪੈ ਗਏ। ਇਹ ਦੋਵੇਂ ਸਿਰਪਟ ਦੌੜਕੇ ਸੰਤਾਂ ਦੀ ਸ਼ਰਨ ਜਾ ਪਏ ਤਾਂ ਸੱਪਾਂ ਨੇ ਪਿੱਛਾ ਛਡਿਆ।

### ੧੬. ਉਪਦੇਸ਼–

ਉਪਦੇਸ਼ਦੀ ਕਿਸਮਦੇ ਆਪਦੇ ਵਾਕ ਇਸ ਪ੍ਰਕਾਰਦੇ ਮਿਲਦੇ ਹਨ:-

੧. ਹਠ ਯੋਗ ਦੇ ਅਭਿਆਸ ਨਾਲ ਸਰੀਰ ਅਰੋਗ ਰਹਿੰਦਾ ਹੈ, ਤਾਕਤ ਬਣੀ ਰਹਿੰਦੀ ਹੈ। ਪਰ ਪਰਮੇਸੁਰ ਦਾ ਮਿਲਾਪ ਉਸ ਦੇ ਹੁਕਮ ਨਾਲ ਹੈ। ਉਸਦੇ ਹੁਕਮ ਦੀ ਪ੍ਰਾਪਤੀ ਉਸ ਤੇ ਵਿਸ਼ਵਾਸ਼ ਕਰਨ ਨਾਲ ਮਿਲਦੀ ਹੈ, ਵਿਸ਼ਵਾਸ਼ ਨਾਮ ਭਗਤੀ ਦਾ ਹੈ। ਭਗਤੀ ਦਾਨ ਪਰਮਾਤਮਾ ਪਾਸੋਂ ਮੰਗਣਾ ਲੋੜੀਏ।

੨. ਆਮ ਭਜਨਾਂ ਤੇ ਮਹਾਂ ਪੁਰਖਾਂ ਦੇ ਸ਼ਬਦਾਂ ਦਾ ਫਰਕ ਹੈ। ਪਹਿਲੇ ਦੇ ਵਾਕ ਨਿਆਣੇ ਦੇ ਹੱਥ ਨਾਲ ਸਿੱਟੇ ਤੀਰ ਹਨ, ਦੂਸਰੇ ਸੂਰਮੇ ਦੇ ਚਲਾਏ ਤੀਰ ਹਨ।

੩. ਜੇ ਕੋਈ ਭਗਤੀ ਨਾਮਵਰੀ ਲਈ ਕਰੇ ਤਾਂ ਜਸ ਮਿਲੇਗਾ। ਜੇ ਨਿਸ਼ਕਾਮ ਕਰੇ ਤਾਂ ਪਰਮੇਸੁਰ ਦੀ ਪ੍ਰਾਪਤੀ ਹੋਵੇਗੀ।

੪. ਦਿਲ ਵਿਚ ਵਾਹਿਗੁਰੂ ਗਿਆਨ ਦਾ ਪ੍ਰਕਾਸ਼ ਆਕੇ ਫੇਰ ਅੰਧੇਰਾ ਨਹੀਂ ਪੈਂਦਾ।

੫. ਈਸ਼੍ਵਰ ਪੂਜਾ 'ਹਉਮੈਂ' ਛੱਡਕੇ ਕਰਨੀ ਚਾਹੀਏ, ਜੈਸੇ ਗੁਰੂ ਜੀ ਦਾ ਹੁਕਮ ਹੈ :-

"ਹਰਿ ਆਪੇ ਠਾਕੁਰੁ ਹਰਿ ਆਪੇ ਸੇਵਕੁ ਜੀ
ਕਿਆ ਨਾਨਕ ਜੰਤੁ ਵਿਚਾਰਾ" ॥ ੧ ॥

੬. ਕੋਈ ਦੋ ਦੀਵੇ ਬਾਲਕੇ ਉਹਨਾਂ ਦੀ ਲਾਟ ਪਰ ਧਿਆਨ ਜੋੜ ਰਿਹਾ ਸੀ, ਆਪ ਨੇ ਦੇਖਕੇ ਫ਼ੁਰਮਾਇਆ:-ਭਜਨ ਪਰ ਦਿਲ ਲਗਾਓ, ਜੀਵਨ ਇਸ ਤਰ੍ਹਾਂ ਦੇ ਕੰਮਾਂ ਤੇ ਨਾ ਖੋਵੋ।

੭. ਇਕ ਭਜਨ ਕਰਨ ਵਾਲੇ ਸੱਜਣ ਨੂੰ ਆਪ ਨੇ ਕਿਹਾ ਕਿ ਭਜਨ ਵਾਲੇ ਨੂੰ ਮੂੰਹ ਸੋਚ ਕੇ ਖੋਲ੍ਹਣਾ ਚਾਹੀਏ, ਸ਼ਕਤੀ ਪੈਦਾ ਹੋ ਜਾਏ ਤਾਂ ਉਸ ਦੇ ਗੁੱਸੇ ਗਿਲੇ ਦਾ ਅਸਰ ਪੈ ਜਾਂਦਾ ਹੈ, ਭਾਵ ਹੈ ਕਿ ਬੰਦਗੀ ਵਾਲਾ ਪੁਰਖ ਵਰ ਸਰਾਪ ਦੇ ਵਾਕ ਮੂੰਹੋਂ ਨਾ ਕੱਢਿਆ ਕਰੇ।

੮. ਘਰ ਬਾਰ ਛੱਡ ਕੇ ਬਾਹਰ ਜੰਗਲ ਵਿਚ ਜਾ ਕੇ ਤਪ ਕਰਨ ਦੇ ਵਿਸ਼ੇ ਪਰ ਆਪ ਨੇ ਫੁਰਮਾਇਆ-

"ਜੋਰੁ ਨ ਸੁਰਤੀ ਗਿਆਨਿ ਵੀਚਾਰਿ ॥ ਜੋਰੁ ਨ ਜੁਗਤੀ ਛੁਟੈ ਸੰਸਾਰੁ।" ਭਜਨ ਕਰੋ; ਵਹਿਮ ਨਾ ਕਰੋ, ਦਲੀਲਾਂ ਨਾ ਛਾਂਟੋ, ਹਠ ਨਾ ਸੋਚੋ, ਬੰਦਗੀ ਬੱਸ ਹੈ।

੯. ਚੋਬੇ ਰਾਉ ਬਿਖਿਆ ਪੀਂਦਾ ਤੇ ਥੁੱਕਿਆ ਕਰਦਾ ਸੀ। ਆਪ ਨੇ ਇਕ ਦਿਨ ਉਸ ਨੂੰ ਐਦਾਂ ਕਰਦੇ ਤੱਕਿਆ ਤੇ ਬੋਲੇ ਅੰਨ ਜੈਸੀ ਸ਼ੈ ਆਦਮੀ ਨਾਲ ਲਗ ਕੇ ਗੰਦੀ ਤੇ ਥੁੱਕਣ ਲਾਇਕ ਹੋ ਜਾਂਦੀ ਹੈ ਤੇ

ਇਨਸਾਨ ਜੋ ਐਸਾ ਨਾਪਾਕ ਹੈ ਉਹ ਕਿਸ ਸ਼ੈ ਤੇ ਥੁੱਕਦਾ ਹੈ ? ਕੁਛ ਹੋਸ਼ ਚਾਹੀਏ। ਚੋਬੇ ਜੀ ਨੂੰ ਇਸ਼ਾਰਾ ਸਮਝ ਵਿਚ ਆ ਗਿਆ, ਉਸ ਦਿਨ ਤੋਂ ਬਿਖਿਆ ਪੀਣੀ ਛੁੱਟ ਗਈ।

੧੦. ਕਿਸੇ ਦੇ ਘਰ ਔਲਾਦ ਨਾ ਹੋਣ ਤੇ ਬਿਨੈ ਹੋਣ ਤੇ ਕਿ ਔਲਾਦ ਹੋਵੇ, ਆਪ ਨੇ ਫੁਰਮਾਇਆ ਕਿ ਉਸ ਦਾ ਵਿਸ਼ਵਾਸ ਇਕ ਪਰ ਨਹੀਂ, ਭਟਕਦਾ ਹੈ, ਜਦ ਇਕ ਪਰ ਵਿਸ਼ਵਾਸ਼ ਹੋ ਜਾਏ ਤਾਂ ਇਹ ਕੋਈ ਬੜੀ ਬਾਤ ਨਹੀਂ ਕਿ ਔਲਾਦ ਹੋ ਜਾਏ।

੧੧. ਇਕ ਵੇਰ ਫੁਰਮਾਇਆ ਕਿ ਕੰਧ ਵਿਚ ਇਕ ਛੇਕ ਹੈ ਜਿਸ ਥੀਂ ਪ੍ਰਕਾਸ਼ ਆਉਂਦਾ ਹੈ, ਉਸ ਪ੍ਰਕਾਸ਼ ਦੀ ਸਧਾਰ ਵਿਚ ਸੈਂਕੜੇ ਜ਼ਰਰੇ ਦਿੱਸਦੇ ਹਨ। ਜਦ ਨਜ਼ਰ ਇਥੋਂ ਹਟ ਜਾਏ ਤਾਂ ਉਹ ਕੁਛ ਨਹੀਂ ਦੀਹਦਾ ਤੇ ਜੇ ਕੰਧ ਹੀ ਨਾ ਰਹੇ ਤਾਂ ਫਿਰ ਡਰ ਹੀ ਕਾਹਦਾ :-

"ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥
ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥੧॥"

ਜਦ ਕੂੜ ਦੀ ਕੰਧ ਟੁੱਟ ਜਾਵੇ ਤਾਂ ਫੇਰ ਭੁਲਾਵੇ ਨਹੀਂ ਦਿੱਸਦੇ, ਪਰ ਕੰਧ ਕੀਕੂੰ ਤੁੱਟੇ ? ਜੁਗਤ ਇਹ ਹੈ ਕਿ ਇਕ ਵਾਹਿਗੁਰੂ ਦੇ ਹੁਕਮ ਤੇ ਟੁਰੇ ਤੇ ਇਕੋ ਤੇ ਭਰੋਸਾ ਧਾਰਨ ਕਰੇ।

੧੭. ਹੋਰ ਹਾਲਾਤ-

ਪੁਰਾਣੀ ਛਾਵਣੀ (ਰਵਾਲ ਪੁਰ) ਵਿਚ ਕੋਈ ਪੰਜ ਮੀਲ ਤੇ ਨਦੀ ਦੇ ਕਿਨਾਰੇ ਰਾਇ ਸਾਹਿਬ ਮੁਨਸ਼ੀ ਗਨਪਤ ਰਾਇ ਨੇ ਆਪਣੇ ਵਾਸਤੇ ਇਕ ਕੋਠੀ ਬਣਵਾਈ ਸੀ। ਆਪ ਦੀ ਸ਼ਰਧਾ ਸੰਤਾਂ ਪਰ ਬੜੇ ਕਮਾਲ ਦੀ ਸੀ। ਇਥੇ ਸੰਤਾਂ ਨੇ ਕਈ ਸਾਲ ਆਪਣੀ ਧੂਣੀ ਰੱਖੀ ਤੇ ਟਿਕੇ ਰਹੇ। ਆਪ ਦੇ ਚਲਾਣੇ ਮਗਰੋਂ ਇਥੇ ਰਾਇ ਸਾਹਿਬ ਨੇ ਆਪ ਦੀ ਮੂਰਤੀ ਸਥਾਪਨ ਕੀਤੀ। ਆਪ ਨੇ ਆਪਣੇ ਪਰਿਵਾਰ ਸਮੇਤ ਸੰਤਾਂ ਦੇ ਸਤਿਸੰਗ ਤੇ ਮਿਹਰ ਤੋਂ ਬਹੁਤ ਲਾਭ ਉਠਾਯਾ। ਚਲਾਣੇ ਤੋਂ ਕੁਛ ਦਿਨ ਪਹਿਲਾਂ ਸੰਤਾਂ ਦੇ ਆਪ ਨੇ ਆਖਰੀ ਦਰਸ਼ਨ ਕੀਤੇ ਤੇ ਫੇਰ ਦੇਹਾਂਤ

ਪਰ ਦਰਸ਼ਨ ਪਾਏ। ਸੰਤਾਂ ਦੀ ਛਤਰੀ* ਦੇ ਆਪ ਟ੍ਰਸਟੀ ਹੋ ਕੇ ਸੇਵਾ ਕਰਦੇ ਰਹੇ, ਛਤਰੀ ਦੇ ਪ੍ਰੈਜ਼ੀਡੈਂਟ ਮਹਾਰਾਜ ਗੁਵਾਲੀਯਰ ਸਨ ਜੋ ਹੁਣ ਗੁਜ਼ਰ ਗਏ ਹਨ।

**੧੮. ਮਹਾਰਾਜਾ ਗਵਾਲੀਅਰ ਨੇ ਦੀਖਿਆ ਲਈ–**

ਚੋਬੇ ਰਾਉ ਜੀ ਸਾਖ ਭਰਦੇ ਹਨ ਕਿ ਮਹਾਰਾਜਾ ਗਵਾਲੀਅਰ ਨੇ ਛਾਲੋਨੇ ਵਾਲੇ ਬਾਬਾ ਜੀ ਤੋਂ ਦੀਖਿਆ ਲਈ ਸੀ। ਮੈਂ ਆਪ ਉਹਨਾਂ ਨੂੰ ਗੁਰਮੁਖ ਹੁੰਦੇ ਡਿੱਠਾ ਹੈ ਤੇ ਸੁਖਮਨੀ ਸਾਹਿਬ ਦਾ ਪਾਠ ਬੀ ਕਰਦੇ ਮਹਾਰਾਜ ਨੂੰ ਡਿੱਠਾ ਹੈ। ਸਰਦਾਰ ਪੂਰਨ ਸਿੰਘ ਜੀ, ਜੋ ਗੁਵਾਲੀਅਰ ਰਹੇ ਸਨ, ਦੱਸਦੇ ਸਨ ਕਿ ਮਹਾਰਾਜ ਸੁਖਮਨੀ ਸਾਹਿਬ ਦਾ ਪਾਠ ਆਪ ਦੇ ਉਪਦੇਸ਼ ਮਿਲਨ ਤੇ ਕਰਿਆ ਕਰਦੇ ਸਨ। ਇਸ਼ ਗਲ ਦੀ ਸਾਖ ਸ: ਬ: ਕਾਹਨ ਸਿੰਘ ਜੀ ਨੇ ਬੀ ਭਰੀ ਸੀ।

ਚੋਬੇ ਰਾਉ ਜੀ ਇਹ ਬੀ ਦੱਸਦੇ ਹਨ ਕਿ ਮਹਾਰਾਜ ਸਾਹਿਬ ਆਪ ਦੀ ਚਰਨ ਪਾਦਕਾ (ਖੜਾਵਾਂ) ਤੇ ਮੂਰਤੀ ਦਾ ਪੂਜਨ ਕਰਦੇ ਬੀ ਉਸ ਨੇ ਵੇਖੇ ਸਨ।

**੧੯. ਅੰਤਲੇ ਦਿਨ, ਚਲਾਣਾ ਤੇ ਯਾਦਗਾਰ–**

ਪਹਿਲੇ ਪਹਿਲ ਸ੍ਰੀ ਸੰਤ ਜੀ ਮਹਾਰਾਜ ਗਹਿਰੇ ਬਨਾਂ ਵਿਚ ਰਹੇ ਹਨ। ਫਿਰ ਕਦੇ ਕਦੇ ਕਿਸੇ ਨੂੰ ਦਰਸ਼ਨ ਹੋਣ ਲਗੇ। ਬਨਾਂ ਵਿਚ ਅਕਸਰ ਦਿਗੰਬਰ ਰਹਿੰਦੇ ਸਨ। ਅੰਦਾਵਾ ਦਰਸ਼ਨ ਦੇਣ ਤੋਂ ਪਹਿਲਾਂ ਭਦਾਵਰ ਦੇ ਰਾਜਾ ਸਾਹਿਬ ਆਪ ਦੀ ਚਰਨ ਸ਼ਰਨ ਪ੍ਰਾਪਤ ਹੋਏ ਤੇ ਉਸ ਨੇ ਬਹੁਤ ਸੇਵਾ ਕਰਕੇ ਲਾਭ ਉਠਾਇਆ। ਕਪੜੇ ਆਪ ਨੂੰ ਇਸ਼ ਰਾਜੇ ਨੇ ਪਹਿਨਵਾਏ ਤੇ ਸਹਿਜੇ ਸਹਿਜੇ ਆਪ ਫਿਰ ਦਰਸ਼ਨ ਦੇਣ ਲਗ ਪਏ। ੧੯੨੩ ਤੋਂ ੧੯੨੮ ਦੇ ਵਿਚ ਵਿਚ; ਭਿੰਡ, ਤਵਾਰ, ਗਵਾਲੀਯਰ ਦੇ ਪਹਾੜ, ਚੰਬਲ ਦੇ ਕਿਨਾਰੇ ਤੇ ਆਗਰਾ ਜ਼ਿਲੇ ਦੇ ਫਤਿਆਬਾਦ, ਕੰਦੂਰਾ, ਨੌਗਾਓਂ, ਭੱਦ੍ਰਾ ਆਦਿ ਦੇ ਜੰਗਲਾਂ ਮੈਦਾਨਾਂ

*ਸਮਾਧ।

ਵਿਚ ਵਿਚਰਦੇ ਕਦੇ ਕਦੇ ਕਿਸੇ ਦੀ ਨਜ਼ਰ ਪੈ ਜਾਂਦੇ ਸਨ। ਅਕਸਰ ਲੋਕ ਆਪ ਨੂੰ ਕਈ ਸੌ ਬਰਸ ਤੋਂ ਵਡੇਰੇ ਚਿਰੰਜੀਵੀ ਖਿਆਲ ਕਰਦੇ ਸਨ।

ਜਦ ਤੋਂ ਆਪ ਪ੍ਰਗਟ ਹੋਏ ਗ਼ਰੀਬਾਂ, ਮੁਸੀਬਤ ਮਾਰਿਆਂ ਤੇ ਦੁਖੀਆਂ ਦੀ ਸਹਾਇਤਾ ਨੂੰ ਅੱਪੜਦੇ ਰਹੇ ਤੇ ਜੇ ਕਿਸੇ ਪਰ ਕ੍ਰਿਪਾਲੂ ਹੋਏ, ਸਦਗਤੀ ਦੇ ਰਸਤੇ ਪਾਇਆ ਤਾਂ ਸੁਖਮਨੀ ਸਾਹਿਬ ਦੇ ਲੜ ਲਾਇਆ ਤੇ ਗੁਰਬਾਣੀ ਵਿਚ ਪ੍ਰੋ ਦਿਤਾ, ਚੁਨਾਂਚਿ ਅੰਦਾਵੇ ਵਿਚ ਚੋਬੇ ਬਿਨਾਯਕ ਰਾਉ ਜੀ ਨੇ ਸਾਨੂੰ ਆਪ ਦੱਸਿਆ ਸੀ ਕਿ ਸੰਤਾਂ ਦੇ ਦਰਸ਼ਨ ਹੋਣ ਵਾਲੇ ਥਾਂ ਦਿਨ ਰਾਤ ਸੁਖਮਨੀ ਸਾਹਿਬ ਦਾ ਅਖੰਡ ਪਾਠ ਹੁੰਦਾ ਰਹਿੰਦਾ ਹੈ।

ਆਪ ਦਾ ਚਲਾਣਾ ਪੋਹ ਵਦੀ ਪੰਜਵੀਂ ਸੰਮਤ ੧੯੭੪ ਬਿ: ਨੂੰ ਹੋਇਆ। ੧੯ ਸਾਲ ਆਪ ਦੀ ਸੁਹਬਤ ਤੇ ਸਤਿਸੰਗ ਦਾ ਲਾਭ ਆਮ ਤੌਰ ਤੇ ਖੁੱਲ੍ਹਾ ਲੋਕਾਂ ਨੂੰ ਪ੍ਰਾਪਤ ਹੁੰਦਾ ਰਿਹਾ, ਜਿਸ ਵਿਚ ਰਾਇ ਗਜਪਤ ਵਰਗੇ ਮਹਾਨ ਉਹਦੇਦਾਰ ਤੇ ਮਹਾਰਾਜਾ ਗਵਾਲੀਅਰ ਵਰਗੇ ਰਾਜੇ ਫੈਜ਼ਯਾਬ ਹੋਏ। ਗਵਾਲੀਅਰ ਵਿਚ ਇਸ ਮਹਾਰਾਜਾ ਸਾਹਿਬ ਦਾ ਸਥਾਪਤ ਕੀਤਾ ਗੁਰਦੁਵਾਰਾ ਕਾਇਮ ਹੈ।

ਇਤਨੀ ਤਪੱਸਜਾ ਕਰਕੇ, ਇਤਨੀ ਪਵਿੱਤ੍ਰਤਾ ਵਾਲੇ ਹੋ ਕੇ ਇਤਨੀ ਬਾਣੀ ਤੇ ਨਾਮ ਦੇ ਰਸਮਈ ਤੇ ਸ਼ਕਤੀ ਸੰਪੰਨ ਜ਼ਿੰਦਗੀ ਦੇ ਮਾਲਕ ਹੋਕੇ ਆਪ ਨੇ ਆਪਣਾ ਹਸਬ ਨਸਬ ਤੇ ਨਾਮ ਤਕ ਕਿਸੇ ਨੂੰ ਨਹੀਂ ਦੱਸਿਆ। ਕਿਸੇ ਥਾਂ ਆਪ ਨੂੰ ਨੰਗੇ ਬਾਬਾ ਜੀ ਸੱਦਦੇ ਸਨ, ਕਿਸੇ ਥਾਂ ਗੱਛੀ ਵਾਲੇ ਤੇ ਆਮ ਛਾਲੋਨੇ ਵਾਲਾ ਬਾਬਾ ਜੀ। ਇਹ ਨਾਮ ਬੀ ਲੋਕਾਂ ਨੇ ਆਪੇ ਰੱਖ ਲਏ ਸਨ। ਇਕ ਵੇਰ ਬੱਚਿਆਂ ਨਾਲ ਖੇਲਦੇ ਆਪ ਦੇ ਮੂੰਹੋਂ ਨਿਕਲਿਆ ਸੀ ਕਿ ਸਾਡੇ ਘਰ ਵਿਚ ਸੋਨੇ ਚਾਂਦੀ ਦੀਆਂ ਲਕੜੀਆਂ ਲਗੀਆਂ ਸਨ, ਜਿਸ ਤੋਂ ਅਨੁਮਾਨ ਕੀਤਾ ਗਿਆ ਸੀ ਕਿ ਆਪ ਪੰਜਾਬ ਦੇ ਕਿਸੇ ਸਿੱਖ ਰਾਜਾ ਦੇ ਘਰਾਣੇ ਦੇ ਨੌ-ਨਿਹਾਲ ਸਨ।

ਦੇਖਣ ਵਾਲੇ ਦੱਸਦੇ ਹਨ ਕਿ ਆਪਦੀ ਸੂਰਤ ਪਵਿੱਤ੍ਰਤਾ ਦਾ

ਨਕਸ਼ ਦਿੱਸ ਪੈਂਦੀ ਸੀ, ਦਰਸ਼ਨ ਕਰਦਿਆਂ ਅੱਖਾਂ ਪਰੇ ਨਹੀਂ ਸਨ ਹਟਦੀਆਂ, ਐਸੀ ਖਿੱਚ ਤੇ ਸੁੰਦਰਤਾ ਸੀ ਕਿ ਆਪਦੇ ਹਥ ਪੈਰ ਬੜੇ ਮੁਲਾਇਮ ਸਨ। ਸਰੀਰ ਦੀ ਬਨਾਵਟ ਰਾਜ ਕੁਲ ਦਾ ਪਤਾ ਲਾ ਦਿੰਦੀ ਸੀ।

ਇਸ ਤਰ੍ਹਾਂ ਦੇ ਬਾਕਮਾਲ ਕਰਨੀ ਵਾਲੇ ਗੁਰਸਿਖ ਗੁਰੂ ਕੇ ਲਾਲ, ਨਾਮ ਪ੍ਰੇਮੀ ਤੇ ਸੁਖਮਨੀ ਸਾਹਿਬ ਦੇ ਦਿਲਦਾਦਹ ਆਸ਼ਕ, ਗ਼ੈਰ ਦੇਸ਼ ਵਿਚ ਪ੍ਰਚਾਰ ਕਰਦੇ ਤੇ ਜਗਤ ਨੂੰ ਸੁਖ ਦੇਂਦੇ, ਕਿਸ ਨਿੰਮ੍ਰਤਾ ਤੇ ਆਪਾਵਾਰ ਸਾਦਗੀ ਵਿਚ ਦਿਨ ਗੁਜ਼ਾਰ ਗਏ ਹਨ ਕਿ ਸਿਖਾਂ ਨੂੰ ਆਪਣੇ ਐਸੇ ਰਤਨਾਂ ਦਾ ਪਤਾ ਤਕ ਨਹੀਂ ਤੇ ਦੂਜਿਆਂ ਦੇ ਪਾਸੋਂ ਜਾਕੇ ਬਹੁ ਪਤੇ ਲਗਦੇ ਤੇ ਕਰਨੀਆਂ ਦੇ ਜਲਵੇ ਹੱਥ ਆਉਂਦੇ ਹਨ।

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

# ਸੰਤ ਗਾਥਾ

❁❁❁

## ੫. ਸ੍ਰੀ ਸੰਤ ਨਿਹਾਲ ਸਿੰਘ ਜੀ ਦੇ ਕੁਝ ਸਮਾਚਾਰ

[ਇਕ ਮੁਸਲਮਾਨ ਦੀ ਜ਼ਬਾਨੀ]

***

**੧. ਮੁਨਸ਼ੀ ਮਿਹਰ ਦੀਨ-**

ਮੁਨਸ਼ੀ ਮਿਹਰਦੀਨ ਜੀ ਕਾਤਬ (ਖੁਸ਼ ਨਵੀਸ) ਅੰਮ੍ਰਿਤਸਰ ਆਪਣੇ ਫਨ ਦੇ ਮੰਨੇ ਪ੍ਰਮੰਨੇ ਉਸਤਾਦ ਤੇ ਚੋਟੀ ਦੇ ਕਾਤਬ ਹਨ*। ਤਬੀਅਤ ਵਿਚ 'ਭਉ' ਹੈ, 'ਭਾਉ' ਵੀ ਹੈ ਤੇ ਫਕੀਰੀ ਦੀ ਚੇਟਕ ਵੀ ਹੈ। ਆਪ ਦੀ ਲੜਕੀ ਚਲਾਣਾ ਕਰ ਗਈ ਸੀ, ਮਾਤਮ ਪੁਰਸੀ ਲਈ ਜਾਣ ਤੇ ਆਪ ਨੇ ਆਪਣੇ ਪਿੰਡ ਦੇ ਇਕ ਸਿਖ ਡੇਰੇ ਦਾ ਜ਼ਿਕਰ ਛੇੜਿਆ ਤੇ ਡੇਰੇਦਾਰ ਦੀ ਬਾਬਤ ਕੁਛ ਹਾਲਾਤ ਸੁਣਾਏ। ਇਸ ਤਰ੍ਹਾਂ ਦੇ ਹਾਲਾਤ ਜਿਹੜੇ ਕਿ ਗੁਰ-ਸਿੱਖਾਂ ਦਾ ਵਿਰਸਾ ਹੁੰਦੇ ਸਨ ਤੇ ਜਿਨ੍ਹਾਂ ਦੇ ਨਾਲ ਸਿੱਖ ਆਪਣੇ ਵੈਰੀਆਂ ਦੇ ਦਿਲਾਂ ਵਿਚ ਵੀ ਧੂ ਪਾ ਕੇ ਉਹਨਾਂ ਨੂੰ ਅਪਣਾ ਲੈਂਦੇ ਸਨ ਤੇ ਪਿਆਰ-ਮੰਡਲ ਵਿਚ ਲੈ ਆਉਂਦੇ ਸਨ, ਸਿਖਯਾ ਤੋਂ ਖਾਲੀ ਨਹੀਂ ਹੋ ਸਕਦੇ। ਅਸੀਂ ਪਾਠਕਾਂ ਦੇ ਲਾਭ ਲਈ ਉਹ ਹਾਲਾਤ ਅੱਗੇ ਦੇਂਦੇ ਹਾਂ :-

*ਪੰਜਾਬ ਦੀ ਵੰਡ ਵੇਲੇ ੧੯੪੭ ਵਿਚ ਆਪ ਪੱਛਮੀ ਪੰਜਾਬ ਪਾਕਸਤਾਨ ਵਿਚ ਚਲੇ ਗਏ ਸਨ।

੨. ਸੰਤਾਂ ਦੇ ਗੁਣ. ਸੁਭਾਉ–

ਮੁਨਸ਼ੀ ਜੀ ਨੇ ਦੱਸਿਆ ਕਿ ਸਾਡਾ ਆਪਣਾ ਪਿੰਡ 'ਜਗਦਿਆਂ' ਤਸੀਲ ਅਜਨਾਲਾ ਜ਼ਿਲਾ ਅੰਮ੍ਰਿਤਸਰ ਹੈ। ਇਥੇ ਇਕ ਡੇਰਾ ਸੰਤ ਨਿਹਾਲ ਸਿੰਘ ਜੀ ਦੇ ਨਾਮ ਤੇ ਵਿਖਯਾਤ ਹੈ। ਅਸੀਂ ਛੋਟੇ ਛੋਟੇ ਹੁੰਦੇ ਸੀ ਜਦੋਂ ਕਿ ਅਸਾਂ ਸੰਤ ਜੀ ਦੇ ਦਰਸ਼ਨ ਕੀਤੇ ਸਨ। ਸੰਤ ਜੀ ਦਾ ਸਰੀਰ ਡਾਢਾ ਸੁਡੌਲ ਤੇ ਸੁਹਣਾ, ਮੱਥਾ ਖਿੜਿਆ ਹੋਇਆ ਤੇ ਨੂਰਾਨੀ, ਚਿਹਰਾ ਪੁਰਜਲਾਲ ਹੁੰਦਾ ਸੀ। ਸੰਤ ਜੀ ਨੂੰ ਵੇਖਦਿਆਂ ਹੀ ਪਿਆਰ ਦੀ ਝਰਨਾਟ ਛਿੜ ਜਾਂਦੀ ਸੀ। ਹਰ ਵੇਲੇ ਸਿਮਰਨ ਜਾਰੀ ਰਹਿੰਦਾ ਸੀ। ਸਵੇਰੇ, ਦੁਪਹਿਰੇ, ਲੌਢੇ ਵੇਲੇ ਤੇ ਸੰਧਿਆ ਨੂੰ ਅਸੀਂ ਕਈ ਵੇਰ ਗਏ, ਟੁਰਦੇ ਫਿਰਦੇ ਸੰਤ ਜੀ ਨੂੰ ਦੇਖਿਆ, ਉਹਨਾਂ ਦੇ ਹੋਠ ਸਦੀਵ ਫਰਕਦੇ ਰਹਿੰਦੇ ਸਨ।

੩. ਸਮਦ੍ਰਿਸ਼ਟੀ–

ਆਪ ਦਾ ਪਿਆਰ ਹਿੰਦੂ, ਸਿੱਖ ਮੁਸਲਮਾਨਾਂ, ਸਾਰਿਆਂ ਨੂੰ ਇਕੋ ਜਿਹਾ ਗਲਵੱਕੜੀਆਂ ਵਿਚ ਲੈ ਰਿਹਾ ਸੀ। ਹਿੰਦੂ, ਮੁਸਲਮਾਨ ਤੇ ਸਿੱਖ ਸੰਤ ਜੀ ਦਾ ਬੜਾ ਸਤਿਕਾਰ ਕਰਦੇ ਤੇ ਡੇਰੇ ਨੂੰ ਆਪਣਾ ਸਮਝਦੇ ਸਨ। ਡੇਰੇ ਵਿਚ ਗਊਆਂ ਮਹੀਆਂ ਦੀ ਕਮੀ ਨਹੀਂ ਸੀ। ਦੁੱਧ ਦਹੀਂ ਤੇ ਮੱਖਣ ਦੀ ਮਾਨੋਂ ਨਦੀ ਵਗ ਰਹੀ ਸੀ, ਲੰਗਰ ਅਤੁੱਟ ਜਾਰੀ ਸੀ। ਆਏ ਗਏ ਆਦਮੀ ਨੂੰ ਬਿਨਾਂ ਕਿਸੇ ਤਰ੍ਹਾਂ ਦੀ ਜ਼ਾਤ ਪਾਤ ਜਾਂ ਮਜ਼ਬੀ ਖਿਆਲ ਦੇ ਛਿਹ ਚੀਜ਼ਾਂ ਮਨੋ ਵਾਂਛਿਤ ਇੱਥੋਂ ਮਿਲਦੀਆਂ ਸਨ। ਲੋੜਵੰਦਾਂ ਦੀਆਂ ਮਾਇਕ ਔਕੜਾਂ ਵੀ ਸੰਤ ਜੀ ਪੂਰੀਆਂ ਕਰ ਦੇਂਦੇ ਸ਼ਨ ਤੇ ਬਿਨਾਂ ਕੋਈ ਕਿਸੇ ਤਰ੍ਹਾਂ ਦਾ ਅਹਿਸਾਨ ਜਤਾਏ ਦੇ ਲੋੜਾਂ ਪੂਰੀਆਂ ਕਰਦੇ ਤੇ ਫਿਰ ਵਾਪਸੀ ਦਾ ਖਿਆਲ ਦਿਲ ਵਿਚ ਉੱਕਾ ਨਾ ਰਖਦੇ, ਪਰ ਇਨ੍ਹਾਂ ਸਾਰੀਆਂ ਲੋੜਾਂ ਵਿਚੋਂ ਜਿਹੜੀ ਵੱਡੀ ਲੋੜ ਪੂਰੀ ਕਰਦੇ ਸਨ ਉਹ ਸੀ 'ਨਾਮ' ਦਾਨ। ਇਸ ਡੇਰੇ ਵਿਚ ਅਨੇਕਾਂ ਆਦਮੀ ਆਏ, ਜਿਨ੍ਹਾਂ ਨੂੰ ਪਰਮਾਰਥ ਦੀ ਲਾਗ ਲੱਗੀ, ਭਾਗ ਜਾਗੇ ਤੇ ਇਸ

ਤਰ੍ਹਾਂ ਇਸ ਰੰਗ ਵਿਚ ਰੰਗੇ ਗਏ ਕਿ ਮਨੁੱਖਾ ਜਨਮ ਹੀ ਜਿੱਤ ਲਿਆ।

**੪. ਛੋਟੇ ਬੱਚਿਆਂ ਨਾਲ ਪਿਆਰ–**

ਛੋਟੇ ਬੱਚਿਆਂ ਨਾਲ ਸੰਤ ਜੀ ਬੜਾ ਪਿਆਰ ਕਰਦੇ ਸੀ। ਅਸੀਂ ਸਕੂਲ ਪੜ੍ਹਨ ਜਾਂਦੇ ਸਾਂ;ਆਉਂਦੇ ਜਾਂਦੇ ਡੇਰੇ ਵਿਚ ਹੋਕੇ ਆਉਂਦੇ ਸਾਂ। ਸੰਗਰਾਂਦ, ਪੂਰਨਮਾਸ਼ੀ ਤੇ ਹੋਰ ਦਿਨ ਦਿਹਾਰ ਜਦੋਂ ਡੇਰੇ ਵਿਚ ਕੜਾਹ ਪ੍ਰਸ਼ਾਦ ਜਾਂ ਖੀਰ ਆਦਿਕ ਬਣਦੀ ਤਾਂ ਸੰਤ ਸਕੂਲ ਦੇ ਮੁੰਡਿਆਂ ਵਾਸਤੇ ਜ਼ਰੂਰ ਰਖ ਲੈਂਦੇ ਸਨ। ਜਦੋਂ ਛੁੱਟੀ ਹੁੰਦੀ ਤਦੋਂ ਹਿੰਦੂ, ਸਿਖ ਤੇ ਮੁਸਲਮਾਨ ਬੱਚੇ ਸਕੂਲੋਂ ਸਿੱਧੇ ਡੇਰੇ ਆ ਜਾਂਦੇ ਤੇ ਸੰਤ ਉਹਨਾਂ ਨੂੰ ਪ੍ਰੇਮ ਨਾਲ ਛਕਾਉਂਦੇ।

**੫. ਚੋਰ ਚੋਰ ਨਹੀਂ ਸੰਗਾਊ ਲੋੜਵੰਦ ਹੈ–**

ਸੰਤ ਨਿਹਾਲ ਸਿੰਘ ਜੀ ਬੜੀ ਕਰਨੀ ਵਾਲੇ ਤੇ ਸਮਦਰਸ਼ੀ ਪੁਰਸ਼ ਸਨ, ਉਨ੍ਹਾਂ ਦਾ ਰੂਹਾਨੀ ਦਰਜਾ 'ਮੈਂ' 'ਮੇਰੀ' ਦੇ ਖਿਆਲ ਤੋਂ ਬਹੁਤ ਉੱਚਾ ਸੀ। ਇਕ ਰਾਤ ਉਨ੍ਹਾਂ ਦੇ ਡੇਰੇ ਚੋਰ ਆ ਗਏ,ਗੁਰਦੁਆਰੇ ਦੀ ਪਿਛਲੀ ਕੰਧ ਨੂੰ ਪਾੜ ਦੇ ਕੇ ਅੰਦਰ ਵੜੇ, ਕੋਈ ਪੰਜਾਹ ਕੁ ਰੁਪੱਯਾਂ ਦਾ ਸਾਮਾਨ ਲੈ ਕੇ ਚਲੇ ਗਏ। ਸੇਵਾਦਾਰਾਂ ਨੂੰ ਦਿਨ ਚੜ੍ਹੇ ਖਬਰ ਹੋਈ, ਉਹ ਸੰਤਾਂ ਦੇ ਸੁਭਾਉ ਦੇ ਜਾਣੂ ਸਨ ਕਿ ਪੁਲਿਸ ਵਿਚ ਰੀਪੋਟ ਨਹੀਂ ਕਰਨਗੇ, ਇਸ ਕਰਕੇ ਉਨ੍ਹਾਂ ਨੇ ਇੱਟਾਂ ਮੰਗਵਾਈਆਂ ਤੇ ਗਾਰਾ ਬਣਾਉਣ ਲਗੇ ਤਾਂ ਕਿ ਉਸ ਪਾੜ ਨੂੰ ਬੰਦ ਕਰ ਦੇਣ। ਇੰਨੇ ਨੂੰ ਸੰਤ ਉਸ ਪਾਸੇ ਆ ਨਿਕਲੇ, ਪੁੱਛਣ ਲਗੇ ਕਿ ਇਹ ਕੀ ਕਰਨ ਲਗੇ ਹੋ? ਸੇਵਾਦਾਰਾਂ ਨੇ ਬੇਨਤੀ ਕੀਤੀ ਕਿ ਰਾਤ ਨੂੰ ਜਿਹੜਾ ਪਾੜ ਚੋਰ ਕਰ ਗਏ ਹਨ ਉਹ ਬੰਦ ਕਰਨ ਲਗੇ ਹਾਂ। ਸੰਤ ਇਹ ਗੱਲ ਸੁਣਕੇ ਕਹਿਣ ਲਗੇ ਕਿ:–

'ਵਾਹਿਗੁਰੂ, ਵਾਹਿਗੁਰੂ, ਅਜਿਹਾ ਨਾ ਕਰੋ, ਐਵੇਂ ਇਕ ਘੜਾ ਲਿਆਕੇ ਇਸ ਦੇ ਵਿਚ ਰੱਖ ਦੇਵੋ, ਜਿਹੜਾ ਸੱਜਣ ਰਾਤ ਨੂੰ ਆਇਆ ਸੀ,ਉਹ ਲੋੜਵੰਦ ਤੇ ਸ਼ਰਮ ਵਾਲਾ ਬੰਦਾ ਹੋਣਾ ਹੈ,ਇਸ ਕਰਕੇ ਦਿਹਾੜੀ

ਨਹੀਂ ਆਉਂਦਾ ਕਿ ਉਹਨੂੰ ਮੰਗਦਿਆਂ ਸ਼ਰਮ ਆਉਂਦੀ ਹੋਣੀ ਹੈ। ਜੇ ਤੁਸਾਂ ਇਹ ਥਾਂ ਬੰਦ ਕਰ ਦਿਤੀ ਤਾਂ ਫਿਰ ਉਸ ਨੂੰ ਪਾੜ ਕਰਨਾ ਪਏਗਾ, ਇਸ ਕਰਕੇ ਘੜਾ ਪੁੱਠਾ ਰੱਖ ਛਡੋ, ਜਦ ਉਸ ਨੂੰ ਲੋੜ ਪਏਗੀ ਆਵੇਗਾ, ਘੜਾ ਚੁੱਕ ਕੇ ਸੌਖਾ ਆ ਜਾਇਆ ਕਰੇਗਾ ਤੇ ਲੋੜ ਦੀ ਚੀਜ਼ ਲੈ ਜਾਇਆ ਕਰੇਗਾ। ਨਵੇਂ ਸਿਰੇ ਉਹਨੂੰ ਕੰਧ ਪੁੱਟਣ ਦੀ ਖੇਚਲ ਨਹੀਂ ਕਰਨੀ ਪਏਗੀ। ਡੇਰੇ ਵਿਚ ਜੋ ਕੁਛ ਪਿਆ ਹੈ ਸੰਗਤਾਂ ਦਾ ਹੀ ਹੈ। ਕੋਈ ਦੇ ਜਾਂਦਾ ਹੈ ਕੋਈ ਲੈ ਜਾਂਦਾ ਹੈ। ਕੋਈ ਲੋੜਵੰਦ ਹੀ ਹੁੰਦਾ ਜੋ ਲੈਣ ਆ ਜਾਂਦਾ ਹੈ। ਬੇਲੋੜਾ ਰਾਤ ਨੂੰ ਜਗਰਾਤਾ ਕਟ ਕੇ ਕੋਈ ਕਾਹਨੂੰ ਆਉਂਦਾ ਹੈ।" ਇਹ ਕਹਿਕੇ ਸੰਤਾਂ ਨੇ ਪਾੜ ਬੰਦ ਕਰਨੋਂ ਰੋਕ ਦਿਤਾ।

## ੬. ਵਿਦਿਆਰਥੀਆਂ ਨੂੰ ਖੀਰ ਪੂੜੇ ਛਕਾਂਦੇ ਤੇ ਸਾਂਝਾ ਉਪਦੇਸ਼ ਦਿੰਦੇ ਸਨ-

ਇਕ ਵੇਰਾਂ ਦੀ ਗਲ ਹੈ ਕਿ ਪੂਰਨਮਾਸ਼ੀ ਦਾ ਦਿਨ ਸੀ, ਗੁਰ-ਦੁਆਰੇ ਵਿਚ ਪੂੜੇ ਤੇ ਖੀਰ ਬਣੀ, ਦਿਨ ਭਰ ਲੰਗਰ ਜਾਰੀ ਰਿਹਾ। ਦਿਨ ਅੰਦਰ ਬਾਹਰ ਸੀ ਕਿ ਸਾਨੂੰ ਸਕੂਲੋਂ ਛੁੱਟੀ ਮਿਲੀ ਤੇ ਅਸੀਂ ੧੯-੨੦ ਲੜਕੇ ਬਸਤੇ ਚੁੱਕੀ ਘਰਾਂ ਨੂੰ ਜਾ ਰਹੇ ਸੀ। ਸਾਨੂੰ ਯਾਦ ਆ ਗਿਆ ਕਿ ਅਜ ਪੂਰਣਮਾਸ਼ੀ ਹੈ, ਚੱਲੋ ਸੰਤਾਂ ਦੇ ਡੇਰੇ। ਕੜਾਹ ਪ੍ਰਸ਼ਾਦ ਮਿਲੇਗਾ। ਅਸੀਂ ਸਾਰੇ ਡੇਰੇ ਵਲ ਨੂੰ ਤੁਰ ਪਏ। ਰਬ ਦੀ ਕਰਨੀ ਅਜਿਹੀ ਹੋਈ ਕਿ ਵਰਤਾਵੇ ਨੂੰ ਉਸ ਦਿਨ ਸਾਡਾ ਯਾਦ ਨਾ ਰਿਹਾ। ਅਸੀਂ ਸਿੱਧੇ ਸੰਤਾਂ ਪਾਸ ਜਾ ਪੁਜੇ। ਸਾਨੂੰ ਵੇਖਕੇ ਸੰਤ ਜੀ ਖਿੜ ਖਿੜ ਕਰਦੇ ਹੱਸੇ ਤੇ ਸਾਨੂੰ ਨਾਲ ਲੈਕੇ ਲੰਗਰ ਵਲ ਗਏ। ਦਰਵਾਜ਼ੇ ਵਿਚ ਵੜਦਿਆਂ ਹੀ ਵਰਤਾਵੇ ਦਾ ਨਾਮ ਲੈਕੇ ਉਸ ਨੂੰ (ਮੈਨੂੰ ਨਿਸ਼ਚਿਤ ਨਾਂ ਯਾਦ ਨਹੀਂ ਸ਼ਾਇਦ ਭਾਈ ਉਤਮ ਸਿੰਘ ਉਨ੍ਹਾਂ ਦਾ ਨਾਮ ਸੀ) ਅਵਾਜ਼ ਦਿਤੀ ਕਿ ਵਾਹਿਗੁਰੂ ਦੀ ਬਾਲੀ ਭੋਲੀ ਸੈਨਾਂ ਆ ਗਈ ਹੈ, ਲਿਆਓ ਇਨ੍ਹਾਂ ਦਾ ਛਾਂਦਾ। ਭਾਈ ਸਾਹਿਬ ਬਾਹਰ ਨਿਕਲੇ; ਸਾਨੂੰ ਵੇਖਕੇ ਉਨ੍ਹਾਂ

ਦੇ ਚਿਹਰੇ ਦਾ ਰੰਗ ਉਡ ਗਿਆ। ਹਥ ਜੋੜਕੇ ਕਹਿਣ ਲਗੇ-ਮਹਾਰਾਜ! ਅਜ ਤਾਂ ਇਨ੍ਹਾਂ ਦਾ ਖਿਆਲ ਨਹੀਂ ਰਿਹਾ। ਸੰਤ ਜੀ ਕਹਿਣ ਲਗੇ-ਤੁਸਾਂ ਅਜ ਦੇਵਤਿਆਂ ਨੂੰ ਭੁਲਾਕੇ ਯਾਦ ਕਿਸਨੂੰ ਰੱਖਿਆ ਹੈ ? ਨਿਰਮਲ ਮਨ ਦੇ ਸ਼ੁੱਧ ਅੰਦਰੋਂ ਬਾਹਰੋਂ ਇਕ ਇਹ ਬੱਚੇ ਹੁੰਦੇ ਹਨ, ਇਨ੍ਹਾਂ ਨੂੰ ਨਾ ਭੁੱਲਿਆ ਕਰੋ। ਹੱਛਾ ਹੁਣੇ ਧਰੋ ਕੜਾਹੀ ਇਨ੍ਹਾਂ ਲਈ ਪੂੜੇ ਤਲੋ ਤੇ ਖੀਰ ਬਣਾਓ। ਸੰਤਾਂ ਨੇ ਦੋ ਤਿੰਨ ਆਦਮੀਆਂ ਨੂੰ ਲਗਾਕੇ ਵਿਹੜੇ ਵਿਚ ਸਫਾਂ ਵਿਛਾਈਆਂ। ਆਪ ਇਕ ਸਫ਼ ਤੇ ਬੈਠ ਗਏ, ਸਾਨੂੰ ਵੀ ਸਾਰਿਆਂ ਨੂੰ ਸਫਾਂ-ਤੇ ਬਿਠਾ ਲਿਆ। ਪਹਿਲਾਂ ਤਾਂ ਕੁਛ ਚਿਰ ਹਰ ਇਕ ਕੋਲੋਂ ਪੁੱਛਦੇ ਰਹੇ: ਤੂੰ ਕਿਹੜੀ ਜਮਾਤ ਵਿਚ ਹੈਂ ? ਕਿਹੜੀ ਕਿਹੜੀ ਕਿਤਾਬ ਪੜ੍ਹਨਾ ਹੈਂ ? ਤੇਰੇ ਪਿਤਾ ਦਾ ਕੀ ਨਾਮ ਹੈ ? ਤੈਨੂੰ ਪਤਾ ਹੈ ਸਾਡੇ ਸਾਰਿਆਂ ਦਾ ਇਕੋ ਪਿਤਾ ਹੈ,ਜਿਸ ਦੇ ਅਸੀਂ ਸਾਰੇ ਪੁੱਤਰ ਹਾਂ। ਹਿੰਦੂ ਮੁਸਲਮਾਨ ਸਿਖ ਉਸੇ ਦੇ ਕੀਤੇ ਹੋਏ ਹਨ ? ਅਸੀਂ ਆਪੋ ਵਿਚ ਭਰਾ ਹਾਂ, ਇਕ ਦੂਜੇ ਨਾਲ ਮਿਲਕੇ ਰਹਿਣਾ ਚਾਹੀਦਾ ਹੈ, ਕਿਸੇ ਦੀ ਨਿੰਦਿਆ ਨਹੀਂ ਕਰਨੀ ਚਾਹੀਦੀ, ਮਾੜੇ ਕਰਮਾਂ ਤੋਂ ਬਚਣਾ ਚਾਹੀਦਾ ਹੈ। ਸਾਡੇ ਸਾਰਿਆਂ ਦੇ ਪਿਤਾ ਦਾ ਨਾਮ 'ਵਾਹਿਗੁਰੂ' ਹੈ, ਉਸ ਨੂੰ ਯਾਦ ਰੱਖਣਾ ਚਾਹੀਦਾ ਹੈ। ਉਸ ਦਾ ਨਾਮ ਲੈਣ ਨਾਲ ਸੁਖ ਮਿਲਦਾ ਹੈ। ਇਤਯਾਦਿਕ ਗੱਲਾਂ ਕਰਕੇ ਕਹਿਣ ਲਗੇ-ਲਓ ਹੁਣ ਪਹਿਲਾਂ ਮੈਂ ਪਿਤਾ ਦਾ ਨਾਮ ਲਵਾਂਗਾ, ਫਿਰ ਤੁਸਾਂ ਸਾਰਿਆਂ ਨੇ ਨਾਮ ਲੈਣਾ, 'ਸਤਿਨਾਮ ਸ੍ਰੀ ਵਾਹਿਗੁਰੂ' ਅਗੇ ਅਗੇ ਉਹ ਕਹਿੰਦੇ ਰਹੇ ਤੇ ਪਿੱਛੇ ਪਿੱਛੇ ਅਸੀਂ ਕਹਿੰਦੇ ਰਹੇ। ਥੋੜੇ ਚਿਰ ਪਿੱਛੋਂ ਫਿਰ ਉਪਰ ਦੱਸੇ ਵਾਂਗ ਗੱਲਾਂ ਪੁੱਛਣ ਤੇ ਦੱਸਣ ਲੱਗ ਪੈਂਦੇ, ਫਿਰ 'ਸਤਿਨਾਮ ਸ੍ਰੀ ਵਾਹਿਗੁਰੂ' ਪੜ੍ਹਦੇ ਪੜ੍ਹਾਂਦੇ ਇਸ ਤਰ੍ਹਾਂ ਨਾਲ ਕੋਈ ਘੰਟਾ ਬੀਤ ਗਿਆ। ਇੰਨੇ ਨੂੰ ਖੀਰ ਤੇ ਪੂੜੇ ਬਣ ਗਏ, ਹੁਣ ਸੰਤਾਂ ਨੇ ਅਸਾਂ ਸਾਰਿਆਂ ਨੂੰ ਆਪਣੀ ਹੱਥੀਂ ਰਜਾ ਰਜਾ ਕੇ ਖੁਵਾਏ ਤੇ ਜਾਣ ਲੱਗਿਆਂ ਘਰ ਵਾਸਤੇ ਵੀ ਖੀਰ ਪੂੜਿਆਂ ਦਾ ਪ੍ਰਸ਼ਾਦ ਨਾਲ ਦਿਤਾ।

੭. ਮੰਗਲੀ ਕੁੱਤਾ–

ਸੰਤਾਂ ਦੇ ਡੇਰੇ ਗਊਆਂ ਦਾ ਭਕੜਾ ਵੱਗ ਸੀ, ਜਿਸ ਤੋਂ ਸ਼ਹਿਰ ਦੇ ਗਰੀਬ ਹਿੰਦੂ, ਸਿਖ ਤੇ ਮੁਸਲਮਾਨਾਂ ਨੂੰ ਦੁੱਧ ਲੱਸੀ, ਦਹੀਂ ਤੇ ਮੱਖਣ ਆਦਿਕ ਦੀ ਬਹਾਰ ਬਣੀ ਰਹਿੰਦੀ ਸੀ, ਡੇਰਾ ਪਿੰਡੋਂ ਬਾਹਰ ਸੀ, ਇੱਥੇ ਕੁੱਤੇ ਵੀ ਕਾਫ਼ੀ ਰਹਿੰਦੇ ਸਨ।

ਡੇਰੇ ਵਿਚ ਇਕ ਤਕੜਾ ਕੁੱਤਾ ਸੀ, ਜਿਸ ਦਾ ਨਾਮ ਸੰਤਾਂ ਨੇ 'ਮੰਗਲੀ' ਰਖਿਆ ਹੋਇਆ ਸੀ। ਇਹ ਕੁੱਤਾ ਹਲਕ ਗਿਆ, ਪਿੰਡ ਦੇ ਜੱਟ ਡਾਂਗਾਂ ਲੈਕੇ ਇਸ ਦੇ ਪਿੱਛੇ ਪੈ ਗਏ! ਕੁੱਤਾ ਡੇਰੇ ਵਲ ਨੂੰ ਨੱਠਾ, ਅਗੇ ਅਗੇ ਕੁੱਤਾ ਤੇ ਪਿੱਛੇ ਪਿੱਛੇ ਜੱਟ, 'ਮਾਰੋ ਮਾਰੋ' ਦੀ ਅਵਾਜ਼ ਨੇ ਬੜਾ ਹੱਲਾ ਬਣਾ ਦਿਤਾ। ਸੰਤਾਂ ਨੇ ਡੇਰੇ ਵਿਚ ਬੈਠਿਆਂ ਇਹ ਅਵਾਜ਼ ਸੁਣੀ ਤੇ ਪੁੱਛਣ ਲਗੇ ਕਿ ਇਹ ਰੌਲਾ ਕਿਹਾ ਹੈ ? ਬਾਹਰੋਂ ਆਏ ਇਕ ਸਜਣ ਨੇ ਦੱਸਿਆ ਕਿ 'ਮੰਗਲੀ' ਹਲਕਾ ਹੋ ਗਿਆ ਹੈ ਤੇ ਪਿੰਡ ਦੇ ਜੱਟ ਉਸ ਨੂੰ ਮਾਰਨ ਵਾਸਤੇ ਪਿੱਛੇ ਲਗੇ ਹੋਏ ਹਨ। ਸੰਤਾਂ ਪੁੱਛਿਆ–ਮੰਗਲੀ ਕਿੱਥੇ ਹੈ ? ਉਸ ਆਦਮੀ ਕਿਹਾ–ਜੀ! ਡੇਰੇ ਵੇਲੇ ਆ ਰਿਹਾ ਹੈ। ਸੰਤ ਮੰਜੇ ਤੇ ਬੈਠੇ ਸਨ; ਉਨ੍ਹਾਂ ਪੈਰਾਂ ਤੇ ਉਠ ਖੜੋਤੇ ਤੇ ਬਾਹਰ ਨਿਕਲੇ। ਹੁਣ ਮੰਗਲੀ ਭਜਦਾ ਭਜਦਾ ਨੇੜੇ ਆ ਗਿਆ ਸੀ। ਜੱਟਾਂ ਨੇ ਉੱਚੀ ਆਵਾਜ਼ ਨਾਲ ਸੰਤਾਂ ਨੂੰ ਕਿਹਾ ਕਿ ਗੁਰਦੁਆਰੇ ਦੇ ਅੰਦਰ ਹੋ ਜਾਓ ਤੇ ਦਰਵਾਜ਼ਾ ਬੰਦ ਕਰ ਲਓ, ਕੁੱਤਾ ਹਲਕਾ ਹੈ, ਕਿਸੇ ਨੂੰ ਕੱਟ ਨ ਜਾਵੇ। ਸੰਤ ਇਹ ਗਲ ਸੁਣਕੇ ਚੁਪ ਹੋ ਗਏ। ਜ਼ਦ ਕੁੱਤਾ ਨੇੜੇ ਆਇਆ ਤਾਂ ਸੰਤਾਂ ਹੱਥ ਉਠਾਕੇ ਕਿਹਾ: 'ਮੰਗਲੀ! ਠਹਿਰ ਜਾ'! ਕੁੱਤਾ ਖੜੋ ਗਿਆ। ਸੰਤਾਂ ਕਿਹਾ–'ਮੰਗਲੀ ਤੇਰਾ ਸਾਡੇ ਡੇਰੇ ਦਾ ਜੰਮ ਪਲ ਹੈ, ਇਹ ਗਲ ਚੰਗੀ ਨਹੀਂ, ਜੋ ਤੂੰ ਕਿਸੇ ਨੂੰ ਕੱਟੇਂ ਤੇ ਕੋਈ ਦੁਖੀ ਹੋਵੇ, ਆਪ ਦੁਖ ਝੱਲ ਲਈਦਾ ਹੈ; ਪਰ ਕਿਸੇ ਨੂੰ ਕਲੇਸ਼ ਨਹੀਂ ਦੇਈਦਾ। ਤੈਨੂੰ ਹੁਣ ਆਪਣੇ ਬਿਗਾਨੇ ਦੀ ਸੁਧ ਨਹੀਂ, ਪਿੰਡ ਵਾਲੇ ਤੈਥੋਂ ਡਰ ਗਏ ਹਨ ਤੇ ਤੈਨੂੰ ਮਾਰਨਾ ਚਾਹੁੰਦੇ ਹਨ, ਸਾਥੋਂ ਇਹ ਗਲ ਵੇਖੀ ਨਹੀਂ

ਜਾਂਦੀ ਕਿ ਤੈਨੂੰ ਕੋਈ ਮਾਰੇ। ਇਸ ਸੜਕੇ ਸੜਕ ਚਲਿਆ ਜਾਹ, ਨਾ ਕਿਸੇ ਨੂੰ ਦੁੱਖ ਦੇਹ ਤੇ ਨਾ ਆਪ ਦੁੱਖ ਲੈ, ਜਾਹ ਚਲਾ ਜਾਹ, ਤੇਰਾ ਹੁਣ ਅੰਨ ਜਲ ਮੁੱਕ ਚੁਕਾ ਹੈ, ਸਾਡੇ ਨਾਲ ਬੀ ਤੇਰਾ ਇੰਨੇ ਚਿਰ ਦਾ ਹੀ ਮੇਲਾ ਸੀ, ਜਾਹ ਦੌੜ ਜਾਹ ਤੇ ਇਹ ਸਰੀਰ ਖਿਨਾਂ ਕਿਸੇ ਨੂੰ ਕੱਟੇ ਦੇ ਤਯਾਗ ਦੇਹ'। ਸੰਤਾਂ ਨੇ ਹੱਥ ਨਾਲ ਸੜਕ ਵੱਲ ਇਸ਼ਾਰਾ ਕੀਤਾ, ਮੰਗਲੀ ਉਸ ਪਾਸੇ ਵਲ ਨੂੰ ਦੌੜ ਗਿਆ ਤੇ ਦੋ ਤਿੰਨ ਫਰਲਾਂਗ ਦੇ ਫਾਸਲੇ ਤੇ ਜਾਕੇ ਡਿਗ ਪਿਆ ਤੇ ਉਥੇ ਹੀ ਉਹਦੀ ਜਾਨ ਨਿਕਲ ਗਈ।

**੮. ਸਰਬੱਤ ਦਾ ਦਰਦ-**

ਗੁਰਦਵਾਰੇ ਦੇ ਲਾਗੇ ਬੜੇ ਦਰੱਖਤ ਸਨ, ਇਨ੍ਹਾਂ ਵਿਚ ਇਕ ਬੇਰੀ ਵੀ ਸੀ, ਇਸ ਦੇ ਬੇਰ ਬੜੇ ਮਿੱਠੇ ਹੁੰਦੇ ਸਨ। ਛੁੱਟੀ ਮਿਲਣ ਤੇ ਲੜਕੇ ਉਸ ਨਾਲ ਚੰਬੜੇ ਰਹਿੰਦੇ ਸਨ। ਇਕ ਦਿਨ ਇਕ ਲੜਕਾ ਬੇਰੀ ਤੇ ਚੜ੍ਹਕੇ ਬੇਰ ਝੂਣ ਰਿਹਾ ਸੀ ਤੇ ਕੁਛ ਲੜਕੇ ਹੇਠ ਬੇਰ ਚੁਣ ਰਹੇ ਸਨ। ਲੜਕੇ ਨੇ ਇਕ ਟਹਿਣੇ ਨੂੰ ਫੜਕੇ ਝੂਣਾ ਦਿਤਾ, ਟਾਹਣਾ ਟੁਟ ਗਿਆ ਤੇ ਲੜਕਾ ਹੇਠ ਆ ਪਿਆ। ਹੇਠ ਰੋੜਾ ਸੀ, ਲੜਕੇ ਦੇ ਸਿਰ ਵਿਚ ਕਾਫੀ ਸੱਟ ਲੱਗੀ ਤੇ ਬੇਹੋਸ਼ ਹੋ ਗਿਆ। ਲੜਕੇ ਨੱਠੇ ਨੱਠੇ ਗੁਰਦੁਆਰੇ ਗਏ, ਤਾਕਿ ਮੰਜਾ ਲਿਆਉਣ ਤੇ ਲੜਕੇ ਨੂੰ ਮੰਜੇ ਤੇ ਪਾਕੇ ਘਰ ਪੁਚਾਉਣ। ਸੰਤਾਂ ਨੂੰ ਬੀ ਪਤਾ ਲੱਗ ਗਿਆ। ਆਪ ਉਸੇ ਵੇਲੇ ਡੇਰੇ ਦੇ ਸੇਵਾਦਾਰਾਂ ਨੂੰ ਨਾਲ ਲੈ ਕੇ ਉਥੇ ਜਾ ਪਹੁੰਚੇ ਤੇ ਲੜਕੇ ਨੂੰ ਚੁਕਵਾਕੇ ਡੇਰੇ ਲੈ ਆਂਦਾ। ਲੜਕਾ ਮੁਸਲਮਾਨਾਂ ਦਾ ਸੀ, ਪਰ ਸੰਤਾਂ ਦੇ ਅੰਦਰ ਜਿਹੜੀ ਪਿਆਰ ਦੀ ਗੰਗਾ ਵਗ ਰਹੀ ਸੀ ਉਸ ਵਿਚ ਹਿੰਦੂ ਮੁਸਲਮ ਦਾ ਕੋਈ ਫਰਕ ਨਹੀਂ ਸੀ, ਉਹ ਮਨੁੱਖ ਮਾਤਰ ਨੂੰ ਪਿਆਰਦੇ ਤੇ ਸਭ ਦਾ ਦਰਦ ਵੰਡਦੇ ਸਨ, ਉਹ ਅਨੇਕਾਂ ਵਿਚ ਇਕ ਵੇਖਦੇ ਤੇ ਹਰ ਜਾਮੇ ਵਿਚ ਪਿਆਰੇ ਪ੍ਰੀਤਮ ਦੀ ਜੋਤ ਤੱਕਦੇ ਸਨ। ਡੇਰੇ ਵਿਚ ਲਿਆਕੇ ਆਪ ਨੇ ਆਪਣੇ ਹਥੀਂ ਲੜਕੇ ਨੂੰ ਗਰਮ ਗਰਮ ਦੁੱਧ ਛਕਾਇਆ ਤੇ ਲੜਕੇ

ਦੇ ਪਿਤਾ ਨੂੰ ਸੱਦ ਘੱਲਿਆ। ਉਹ ਅਤਿ ਗਰੀਬ ਸੀ, ਸੰਤਾਂ ਦੇ ਡੇਰੇ ਵਿਚੋਂ ੧੦) ਆਪਣੇ ਪਾਸੋਂ ਦਿਤੇ ਤੇ ਲੜਕੇ ਦਾ ਇਲਾਜ ਕਰਾਉਣ ਲਈ ਅੰਮ੍ਰਿਤਸਰ ਭਿਜਵਾ ਦਿਤਾ। ਦੋ ਤਿੰਨ ਵੇਰ ਸੰਤ ਜੀ ਆਪ ਬੀ ਲੜਕੇ ਨੂੰ ਵੇਖਣ ਲਈ ਅੰਮ੍ਰਿਤਸਰ ਆਏ। ਜਦੋਂ ਲੜਕਾ ਅਰੋਗ ਹੋ ਗਿਆ ਤਾਂ ਉਹਦੇ ਪਿਤਾ ਨੇ ਅੰਮ੍ਰਿਤਸਰ ਤੋਂ ਪਿੰਡ ਜਾਕੇ ਲੜਕੇ ਨੂੰ ਪਹਿਲਾਂ ਸਿੱਧਾ ਸੰਤਾਂ ਦੇ ਡੇਰੇ ਹਾਜ਼ਰ ਕੀਤਾ; ਉਥੇ ਮੱਥਾ ਟਿਕਾ ਕੇ ਤਾਂ ਫਿਰ ਘਰ ਖੜਿਆ।

### ੯. ਗੁਰਪੁਰੀ ਪਿਆਨਾ–

ਆਪ ਜੀ ਦੇ ਵਿਸ਼ੇਸ਼ ਜੀਵਨ ਵਾਕਿਅਤ ਨਹੀਂ ਮਿਲ ਸਕੇ, ਗੁਰਪੁਰੀ ਪਿਆਨੇ ਦਾ ਸਮਾਂ ੧੯੧੦ ਈ: ਦੇ ਲਗ ਪਗ ਮਿਲਿਆ ਹੈ, ਜਦ ਕਿ ੯੦ ਸਾਲ ਦੇ ਆਨਮਾਨ ਆਪ ਜੀ ਦੀ ਆਯੂ ਜਾਪਦੀ ਸੀ।



 www.sikhbookclub.com

# ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੀਆਂ ਅਮੋਲਕ ਪੁਸਤਕਾਂ

ਸੰਥਿਆ ਸ੍ਰੀ ਗੁਰੂ ਗ੍ਰੰਥ ਸਾਹਿਬ, ਸੋਰਠ ਰਾਗ ਤੱਕ, ਸੱਤ ਪੋਥੀਆਂ ਵਿਚ

ਗੁਰੂ ਨਾਨਕ ਚਮਤਕਾਰ, ਦੋ ਭਾਗਾਂ ਵਿਚ

ਗੁਰੂ ਕਲਗੀਧਰ ਚਮਤਕਾਰ, ਦੋ ਭਾਗਾਂ ਵਿਚ

ਅਸ਼ਟ ਗੁਰ ਚਮਤਕਾਰ ਭਾਗ ੧ ਤੇ ੨ (ਪਾ: ੨, ੩, ੪ ਤੇ ੫ ਦਾ ਜੀਵਨ)

ਪੰਜ ਗ੍ਰੰਥੀ ਸਟੀਕ, ਭਾਵ ਅਰਥਨੀ ਟੀਕਾ

ਵਾਰਾਂ ਭਾਈ ਗੁਰਦਾਸ ਸਟੀਕ (ਸੰਸ਼ੋਧਤ)

ਬਾਬਾ ਨੌਧ ਸਿੰਘ (ਸੁਭਾਗ ਜੀ)

ਸੰਤ ਖਿਮਲਾ ਸਿੰਘ ਦੋ ਭਾਗਾਂ ਵਿਚ

ਰਾਣਾ ਸੂਰਤ ਸਿੰਘ

ਜਪੁਜੀ ਸਾਹਿਬ ਸੰਥਜਾ

ਕਬਿਤ ਭਾਈ ਗੁਰਦਾਸ ਸਟੀਕ, ਸਕੰਪ ੨

ਸਿੱਖਾਂ ਦੀ ਭਗਤਮਾਲਾ (੧੧ ਵੀਂ ਵਾਰ ਦਾ ਟੀਕਾ)

ਪੁਰਾਤਨ ਜਨਮ ਸਾਖੀ (ਸੰਪਾਦਿਤ)

ਪ੍ਰਾਚੀਨ ਪੰਥ ਪ੍ਰਕਾਸ਼ (ਸੰਪਾਦਿਤ)

ਸੁੰਦਰੀ, ਬਿਜੈ ਸਿੰਘ, ਸਤਵੰਤ ਕੌਰ (ਪ੍ਰਸਿਧ ਪੁਸਤਕਾਂ)

ਗੁਰ ਬਾਲਮ ਸਾਖੀਆਂ ਪਾਤਸ਼ਾਹੀ ਪਹਿਲੀ ਤੇ ਪਾਤਸ਼ਾਹੀ ਦਸਵੀਂ

ਮੇਰੇ ਸਾਈਆਂ ਜੀਓ (ਸਾਹਿਤ ਅਕੈਡਮੀ ਤੋਂ ਇਨਾਮ ਪ੍ਰਾਪਤ ਰਚਨਾ)

ਕੰਬਦੀ ਕਲਾਈ (ਗੁਰਪੁਰਬਾਂ ਪਰ ਗਾਉਣ ਵਾਲੇ ਗੁਰੂ ਜਸ ਦੇ ਗੀਤ)

ਲਹਿਰਾਂ ਦੇ ਹਾਰ (ਕਾਵਯ ਤਰੰਗ), ਬਿਜਲੀਆਂ ਦੇ ਹਾਰ

ਮਟਕ ਹੁਲਾਰੇ (ਕਸ਼ਮੀਰ ਕਵਿ ਰੰਗ), ਲਹਿਰ ਹੁਲਾਰੇ

ਸਿੱਕਾਂ ਸੱਧਰਾਂ ਬਿਰਹੋ ਤੇ ਜੋਦੜੀਆਂ।

ਸਾਹਿਤਕ ਕਲੀਆਂ ਅਤੇ ਆਵਾਜ਼ ਆਈ।


www.sikhbookclub.com